30६११ (१)

Digitized by Arya Samaj Foundation Chennai and eGangotri

CHECKED 1973

ਸੋਵੀਅਟ ਯੂਨੀਅਨ

ਸਬੰਧੀ

ਸਵਾਲ ਜਵਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्
पुस्तक संख्या ...... ६१५ / २
पञ्जिका संख्या ...... ३०,९१२(१)

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਯੂਨੀਅਨ

ਸਬੰਧੀ

ਸਵਾਲ ਜਵਾਬ

(ਪਹਿਲਾ ਹਿੱਸਾ)

ਪ੍ਰਕਾਸ਼ਕ :

ਨੁਮਾਇੰਦਾ ਤਾਸ ਮੁਕੀਮ ਹਿੰਦ

ਨਵੀਂ ਦਿੱਲੀ, ੧੯੫੫.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਮਤ ੩ ਆਨੇ

ਅਵਾਮੀ ਪ੍ਰਿੰਟਿੰਗ ਪ੍ਰੈਸ ਜੀ. ਟੀ. ਰੋਡ, ਜਾਲੰਧਰ.
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖ ਸ਼ਬਦ

ਯੋਰਪ, ਅਮਰੀਕਾ ਤੇ ਏਸ਼ੀਆ ਦੇ ਵਖੋ ਵਖ ਦੇਸ਼ਾਂ ਵਿਚੋਂ ਕਈ ਇਕ ਡੈਲੀਗੇਸ਼ਨ ਸੋਵੀਅਤ ਯੂਨੀਅਨ ਵਿਚ ਆਏ ਹਨ। ਉਹਨਾਂ ਨੇ ਖਾਹਸ਼ ਜ਼ਾਹਰ ਕੀਤੀ ਹੈ ਕਿ ਇਕ ਇਜੇਹੀ ਕਿਤਾਬ ਛਾਪੀ ਜਾਏ ਜੋ ਉਹਨਾਂ ਦੇ ਦੇਸ਼ਾਂ ਦੇ ਪਾਠਕਾਂ ਨੂੰ ਸੋਵੀਅਤ ਯੂਨੀਅਨ ਦੇ ਜੀਵਨ ਬਾਰੇ ਦਸ ਸਕੇ।

ਡੈਲੀਗੇਟਾਂ ਦੀ ਰਾਏ ਸੀ ਕਿ ਅਜੇਹੀ ਕਿਤਾਬ ਨੂੰ ਸੋਵੀਅਤ ਯੂਨੀਅਨ ਦੀ ਬਣਤਰ, ਇਸ ਦੀ ਆਰਥਕਤਾ ਤੇ ਸਭਿਆਚਾਰ, ਇਸ ਦੀ ਬਦੇਸ਼ੀ ਤੇ ਘਰੋਗੀ ਪਾਲਿਸੀ ਆਦਿ ਸਬੰਧੀ ਵਾਕਫੀਅਤ ਦੇਣੀ ਚਾਹੀਦੀ ਹੈ। ਇਸ ਕਿਤਾਬ ਦਾ ਰੂਪ ਵੀ ਤਜਵੀਜ਼ ਕੀਤਾ ਗਿਆ : ਇਹ ਸੁਆਲਾਂ ਦੇ ਸੰਖੇਪ ਜੁਆਬਾਂ ਦੀ ਸ਼ਕਲ ਵਿਚ ਇਕ ਛੋਟੀ ਪੁਸਤਕ ਹੋਵੇ।

ਇਸ ਖਾਹਸ਼ ਨੂੰ ਪੂਰਾ ਕਰਨ ਲਈ ਸੋਵੀਅਤ ਯੂਨੀਅਨ ਬਾਰੇ ਇਕ ਸੌ ਸੁਆਲਾਂ ਦੇ ਜੁਆਬਾਂ ਦੀ ਸੂਰਤ ਵਿਚ ਇਹ ਕਿਤਾਬ ਤਿਆਰ ਕੀਤੀ ਗਈ ਹੈ। ਇਹ ਸਵਾਲ ਉਹ ਹਨ ਜਿਹੜੇ ਸੋਵੀਅਤ ਯੂਨੀਅਨ ਦੇ ਪ੍ਰਦੇਸੀ ਮਹਿਮਾਨ ਆਮ ਤੌਰ ਤੇ ਪੁਛਦੇ ਹਨ।

ਇਸ ਕਿਤਾਬ ਨੂੰ ਦੋ ਹਿਸਿਆਂ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਪਹਿਲੇ ਹਿਸੇ ਵਿਚ ਸੋਵੀਅਤ ਯੂਨੀਅਨ ਦੀ ਰਾਜਸੀ ਬਣਤਰ, ਇਸ ਦੇ ਆਰਥਕ ਰਿਸ਼ਤਿਆਂ ਤੇ ਇਸ ਦੀ ਬਦੇਸ਼ੀ ਪਾਲਿਸੀ ਆਦਿ ਬਾਰੇ ਪੰਜਾਹ ਸੁਆਲਾਂ ਦੇ ਜੁਆਬ ਦਿਤੇ ਜਾ ਰਹੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

੧. ਸੋਵੀਅਟ ਯੂਨੀਅਨ ਕੀ ਹੈ ? ੧
੨. ਸੋਵੀਅਟ ਯੂਨੀਅਨ ਉਤੇ ਕੌਣ ਰਾਜ ਕਰਦਾ ਹੈ ? ... ੪
੩. ਸੋਵੀਅਟ ਯੂਨੀਅਨ ਦੇ ਮੰਤ੍ਰੀ-ਮੰਡਲ ਦੇ ਕੀ ਕੰਮ ਹਨ ? ੯
੪. ਯੂਨੀਅਨ ਰੀਪਬਲਕਾਂ ਦੇ ਅਧਿਕਾਰ ਕੀ ਹਨ ? ... ੧੧
੫. ਖੁਦਮੁਖਤਾਰ ਸੋਵੀਅਟ ਰੀਪਬਲਿਕਾਂ, ਖੁਦਮੁਖਤਾਰ ਇਲਾਕੇ ਤੇ ਕੌਮੀ ਇਲਾਕੇ ਕੀ ਹਨ ? ੧੪
੬. ਸੋਵੀਅਟਾਂ ਦੀ ਚੋਣ ਕਿਵੇਂ ਹੁੰਦੀ ਹੈ ? ੧੮
੭. ਸਥਾਨਕ ਸੋਵੀਅਟ ਦੇ ਅਧਿਕਾਰ ਕੀ ਹਨ ? ... ੨੨
੮. ਕੀ ਸੋਵੀਅਟ ਯੂਨੀਅਨ ਵਿਚ ਸ਼੍ਰੇਣੀਆਂ ਹਨ ? ... ੨੩
੯. ਸਾਰੇ ਸੋਵੀਅਟ ਸ਼ਹਿਰੀਆਂ ਦੀ ਬਰਾਬਰੀ ਦੇ ਕੀ ਅਰਥ ਹਨ ? ੨੬
੧੦. ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਦੇ ਰਾਜਸੀ ਹਕ ਕੀ ਹਨ ? ੨੭
੧੧. ਸੋਵੀਅਟ ਸ਼ਹਿਰੀਆਂ ਦੇ ਫ਼ਰਜ਼ ਕੀ ਹਨ ? ੨੮
੧੨. ਸੋਸਲਿਜ਼ਮ ਦਾ ਬੁਨਿਆਦੀ ਆਰਥਕ ਕਾਨੂੰਨ ਕੀ ਹੈ ? ... ੩੦
੧੩. ਸੋਵੀਅਟ ਯੂਨੀਅਨ ਵਿਚ ਜਾਇਦਾਦਾਂ ਦੀਆਂ ਕਿਹੜੀਆਂ ਕਿਹੜੀਆਂ ਸ਼ਕਲਾਂ ਹਨ ? ੩੪
੧੪. ਸੋਵੀਅਟ ਯੂਨੀਅਨ ਦੀ ਕੌਮੀ ਆਰਥਕਤਾ ਦੀ ਪਲੈਨ ਕਿਵੇਂ ਤਿਆਰ ਕੀਤੀ ਜਾਂਦੀ ਹੈ ? ੩੬
੧੫. ਕੌਮੀ ਆਮਦਨ ਦੀ ਵੰਡ ਕਿਵੇਂ ਹੁੰਦੀ ਹੈ ? ... ੪੦
੧੬. ਸੋਵੀਅਟ ਯੂਨੀਅਨ ਦਾ ਸਟੇਟ ਬਜਟ ਕਿਵੇਂ ਤਿਆਰ ਕੀਤਾ ਜਾਂਦਾ ਹੈ ? ੪੨

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੭. ਜੰਗ ਮਗਰੋਂ ਪਹਿਲੀ ਪੰਜ ਵਰਸ਼ੀ ਪਲੈਨ ਕਿਵੇਂ ਸਿਰੇ ਚੜ੍ਹਾਈ ਗਈ ? ੪੪

੧੮. ਪੰਜਵੀਂ ਪੰਜ-ਵਰਸ਼ੀ ਪਲੈਨ ਦੇ ਟੀਚੇ ਕੀ ਹਨ ਤੇ ਉਹ ਕਿਵੇਂ ਪੂਰੇ ਕੀਤੇ ਜਾ ਰਹੇ ਹਨ ? ੪੭

੧੯. ਸੋਵੀਅਟ ਸ਼ਹਿਰੀਆਂ ਦੇ ਕੰਮ ਕਰਨ ਦੇ ਹਕ ਨੂੰ ਕਿਵੇਂ ਯਕੀਨੀ ਬਣਾਇਆ ਗਿਆ ਹੈ ਅਤੇ ਸੋਵੀਅਟ ਯੂਨੀਅਨ ਵਿਚ ਬੇਕਾਰੀ ਕਿਉਂ ਨਹੀਂ ਹੈ ਤੇ ਕਿਉਂ ਨਹੀਂ ਹੋ ਸਕਦੀ ? ੫੩

੨੦. ਸੋਵੀਅਟ ਸ਼ਹਿਰੀ ਆਪਣੇ ਆਰਾਮ ਤੇ ਵਿਹਲ ਦੇ ਹਕ ਦੀ ਵਰਤੋਂ ਕਿਵੇਂ ਕਰਦੇ ਹਨ ? ੫੫

੨੧. ਬੁਢੀ-ਉਮਰੇ ਜੀਵਨ ਲੋੜਾਂ ਪੂਰੀਆਂ ਕਰਨ ਲਈ ਕੀ ਅਮਲੀ ਸਹੂਲਤਾਂ ਦਿਤੀਆਂ ਜਾਂਦੀਆਂ ਹਨ ? ੫੬

੨੨. ਕੀ ਸਭ ਸੋਵੀਅਟ ਬਚੇ ਸਕੂਲ ਜਾਂਦੇ ਹਨ ? ... – ੫੭

੨੩. ਉਚੇਰੀ ਸਿਖਿਆ ਦੀ ਪ੍ਰਾਪਤੀ ਦੇ ਕੀ ਮੌਕੇ ਮਿਲਦੇ ਹਨ ? ੬੦

੨੪. ਸੋਵੀਅਟ ਯੂਨੀਅਨ ਵਿਚ ਉਸਤਾਦਾਂ ਦੀ ਸਮਾਜਕ ਤੇ ਮਾਦੀ ਹੈਸੀਅਤ ਕੀ ਹੈ ? ੬੩

੨੫. ਕੀ ਕੋਈ ਸੋਵੀਅਟ ਮਜ਼ਦੂਰ ਅਪਣਾ ਕੰਮ ਕਰਦਾ ਹੋਇਆ ਐਂਜੀਨੀਅਰ ਬਣ ਸਕਦਾ ਹੈ ? ੬੪

੨੬. ਨਿਜੀ ਜਾਇਦਾਦ ਰਖਣ ਤੇ ਵਿਰਸੇ ਵਿਚ ਹਾਸਲ ਕਰਨ ਦੇ ਹੱਕ ਦੀ ਰਖਿਆ ਕਿਵੇਂ ਕੀਤੀ ਜਾਂਦੀ ਹੈ ? ... ੬੬

੨੭. ਸੋਵੀਅਟ ਯੂਨੀਅਨ ਵਿਚ ਧਾਰਮਕ ਵਿਸ਼ਵਾਸਾਂ ਦੀ ਆਜ਼ਾਦੀ ਕਿਵੇਂ ਮਾਣੀ ਜਾਂਦੀ ਹੈ ? ੬੭

੨੮. ਡਾਕਟਰੀ ਸਹਾਇਤਾ ਦਾ ਕੀ ਪ੍ਰਬੰਧ ਹੈ ? ... ੭੪

੨੯. ਲੋਕ ਕਿਹੜੇ ਕਿਹੜੇ ਟੈਕਸ ਤਾਰਦੇ ਹਨ ? ... ੭੬

੩੦. ਮਕਾਨਾਂ ਦਾ ਕਿਰਾਇਆ ਕੀ ਲਿਆ ਜਾਂਦਾ ਹੈ ? ... ੭੭

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩੧. ਸੋਸ਼ਲ ਇਨਸ਼ੋਰੰਸ (ਸਮਾਜਕ ਬੀਮੇ) ਦਾ ਪ੍ਰਬੰਧ ਕਿਵੇਂ ਹੁੰਦਾ ਹੈ ? ੭੮

੩੨. ਸੋਵੀਅਟ ਸਟੇਟ ਮਾਵਾਂ ਲਈ ਕੀ ਕੁਝ ਕਰਦੀ ਹੈ ? ... ੮੧

੩੩. ਵਿਆਹ ਤੇ ਪ੍ਰਵਾਰ ਸਬੰਧੀ ਸੋਵੀਅਟ ਕਾਨੂੰਨ ਕੀ ਹਨ ? ੮੩

੩੪. ਸੋਵੀਅਟ ਮਜ਼ਦੂਰ ਨੂੰ ਉਸ ਦੀ ਉਜਰਤ ਤੋਂ ਬਿਨਾਂ ਸਟੇਟ ਵਲੋਂ ਹੋਰ ਕੀ ਮਿਲਦਾ ਹੈ ? ... ੮੫

੩੫. ਸੋਵੀਅਟ ਟਰੇਡ ਯੂਨੀਅਨਾਂ ਕਿਵੇਂ ਕੰਮ ਕਰਦੀਆਂ ਹਨ ? ੮੭

੩੬. ਕੀ ਸੋਵੀਅਟ ਯੂਨੀਅਨ ਵਿਚ ਮਜ਼ਦੂਰਾਂ ਤੇ ਪ੍ਰਬੰਧਕਾਂ ਵਿਚਕਾਰ ਝਗੜੇ ਹੁੰਦੇ ਹਨ ਤੇ ਉਹ ਕਿਵੇਂ ਨਜਿਠੇ ਜਾਂਦੇ ਹਨ ? ... ੯੧

੩੭. ਸੋਵੀਅਟ ਯੂਨੀਅਨ ਵਿਚ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਨੇਮ ਅਨੁਸਾਰ, ਬਾਕਾਇਦਗੀ ਨਾਲ ਘਟ ਕਰਨਾ ਕਿਹੜੀ ਗਲ ਸੰਭਵ ਬਣਾਂਦੀ ਹੈ ? ... ੯੨

੩੮. ਕਿੰਡਰਗਾਰਟਨ ਤੇ ਕਰੈਸ਼ਾਂ ਕਿਵੇਂ ਚਲਦੀਆਂ ਹਨ ? ... ੯੪

੩੯. ਸੋਵੀਅਟ ਯੂਨੀਅਨ ਵਿਚ ਕਿੰਨੀਆਂ ਇਸਤ੍ਰੀਆਂ ਇੰਜੀਨੀਅਰ ਤੇ ਟੈਕਨੀਸ਼ਨ, ਸਾਇੰਸਦਾਨ ਤੇ ਸਿਆਸਤਦਾਨ ਹਨ ? ੯੫

੪੦. ਸੋਵੀਅਟ ਯੂਨੀਅਨ ਵਿਚ ਇਨਸਾਫ ਕਿਵੇਂ ਕੀਤਾ ਜਾਂਦਾ ਹੈ ? ੯੭

੪੧. ਜਜ ਕੌਣ ਬਣ ਸਕਦਾ ਹੈ ? ੯੯

੪੨. ਕੀ ਸੋਵੀਅਟ ਯੂਨੀਅਨ ਵਿਚ ਵਕਾਲਤ ਦਾ ਪੇਸ਼ਾ ਹੈ ? ੧੦੦

੪੩. ਸੋਵੀਅਟ ਯੂਨੀਅਨ ਦੇ ਪ੍ਰੋਕਿਊਰੇਟਰ ਜਨਰਲ (ਮੁਖ ਸਰਕਾਰੀ ਵਕੀਲ) ਦੇ ਕੀ ਅਧਿਕਾਰ ਹਨ ? ... ੧੦੨

੪੪. ਸੋਵੀਅਟ ਯੂਨੀਅਨ ਦੀ ਬਦੇਸ਼ੀ ਨੀਤੀ ਦੇ ਅਸੂਲ ਕੀ ਹਨ ? ੧੦੩

੪੫. ਕੀ ਸੋਸ਼ਲਿਸਟ ਤੇ ਸਰਮਾਏਦਾਰ ਪ੍ਰਬੰਧਾਂ ਲਈ ਪੁਰ ਅਮਨ ਢੰਗ ਨਾਲ ਨਾਲੋ ਨਾਲ ਰਹਿ ਸਕਣਾ ਸੰਭਵ ਹੈ ? ੧੦੭

੪੬. ਸੋਵੀਅਟ ਲੋਕ ਸੰਸਾਰ ਅਮਨ ਲਹਿਰ ਵਿਚ ਸਰਗਰਮ ਹਿੱਸਾ ਕਿਉਂ ਲੈ ਰਹੇ ਹਨ ? ੧੦੯

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੪੭. ਸੋਵੀਅਟ ਯੂਨੋਅਨ ਦੇ ਅਮਨ ਦੀ ਰਖਿਆ ਦੇ ਕਾਨੂੰਨ ਦੀ
ਮਹੱਤਤਾ ਕੀ ਹੈ ? ... ੧੧੧
੪੮. ਕੌਮਾਂਤਰੀ ਸਟਾਲਿਨ ਅਮਨ ਇਨਾਮ ਕੀ ਹਨ ? ... ੧੧੩
੪੯. ਸੋਵੀਅਟ ਫੌਜ ਕਿਸ ਮਨੋਰਥ ਦੀ ਪੂਰਤੀ ਲਈ ਹੈ ? ੧੧੫
੫੦. ਸੋਵੀਅਟ ਯੂਨੀਅਨ ਦਾ ਬਦੇਸ਼ੀ ਵਪਾਰ ਕਿਵੇਂ ਜਥੇਬੰਦ
ਕੀਤਾ ਜਾਂਦਾ ਹੈ ਤੇ ਇਹ ਕਿਵੇਂ ਚਲਦਾ ਹੈ ? ੧੧੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧. ਸੋਵੀਅਟ ਯੂਨੀਅਨ ਕੀ ਹੈ ?

ਸੋਵੀਅਟ ਸੋਸ਼ਲਿਸਟ ਰੀਪਬਲਿਕਾਂ ਦੀ ਯੂਨੀਅਨ (ਯੂ-ਐਸ-ਐਸ--ਆਰ) ਮਜ਼ਦੂਰਾਂ ਤੇ ਕਿਸਾਨਾਂ ਦੀ ਫੈਡਰਲ ਸੋਸ਼ਲਿਸਟ ਸਟੇਟ ਹੈ ।

ਸੋਵੀਅਟ ਯੂਨੀਅਨ ਵਿਚ ਸੋਲਾਂ ਪੰਚਾਇਤੀ ਸਮਾਜਵਾਦੀ ਰੀਪਬਲਿਕਾਂ ਸ਼ਾਮਲ ਹਨ, ਜਿਹੜੀਆਂ ਇਸ ਸੰਘ ਵਿਚ ਮਰਜ਼ੀ ਨਾਲ ਤੇ ਬਰਾਬਰੀ ਦੇ ਆਧਾਰ ਤੇ ਸ਼ਾਮਲ ਹੋਈਆਂ ਹਨ : ਰੂਸੀ ਸੋਵੀਅਟ ਫ਼ੈਡਰੇਟਿਵ ਸੋਸ਼ਲਿਸਟ ਰੀਪਬਲਿਕ (ਰੂਸੀ ਫ਼ੈਡਰੇਸ਼ਨ), ਯੂਕਰੇਨ, ਬਾਇਲੋਰੂਸ, ਉਜ਼ਬਕਸਤਾਨ, ਕਾਜ਼ਕ-ਸਤਾਨ, ਜਾਰਜੀਆ, ਆਜ਼ਰਬਾਈਜਾਨ, ਲਿਥੂਨੀਆ, ਮੋਲਦਾਵੀਆ, ਲੈਟਵੀਆ, ਕਿਰਗਿਜ਼ਸਤਾਨ, ਤਾਜਕਸਤਾਨ, ਆਰਮੀਨੀਆ, ਤੁਰਕਮਾਨ, ਐਸਟੋਨੀਆ ਤੇ ਕੇਰਾਲੋ-ਫਿਨਿਸ਼ ਸੋਵੀਅਟ ਸੋਸ਼ਲਿਸਟ ਰੀਪਬਲਿਕ ।

ਅਕਤੂਬਰ ੧੯੧੭ ਵਿਚ ਸੋਸ਼ਲਿਸ਼ਟ ਇਨਕਲਾਬ ਦੀ ਜਿਤ ਦੇ ਸਿੱਟੇ ਵਜੋਂ ਉਸ ਤੋਂ ਪਹਿਲਾਂ ਦੀ ਰੂਸੀ ਬਾਦਸ਼ਾਹੀ ਦੇ ਇਲਾਕੇ ਤੇ ਇਹ ਸਭ ਰੀਪਬਲਿਕਾਂ ਵਜੂਦ ਵਿਚ ਆਈਆਂ ਸਨ। ਇਸ ਮਹਾਨ ਇਨਕਲਾਬ ਨੇ ਰੂਸ ਵਿਚੋਂ ਸਰ਼ਮਾਇਦਾਰ ਤੇ ਜਾਗੀਰਦਾਰ ਰਾਜ ਦਾ ਖ਼ਾਤਮਾ ਕਰ ਦਿਤਾ ਅਤੇ ਇਤਿਹਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪਹਿਲੀ ਵਾਰ, ਮਿਹਨਤਕਸ਼ ਲੋਕਾਂ ਦੇ ਹਥਾਂ ਵਿਚ ਤਾਕਤ ਸੌਂਪ ਦਿਤੀ ।

ਸੋਵੀਅਟ ਯੂਨੀਅਨ ਇਕ ਮਹਾਨ ਸੰਸਾਰ ਤਾਕਤ ਹੈ, ਇਹ ਇਕ ਸ਼ਕਤੀਸ਼ਾਲੀ ਸਨਅਤ ਅਤੇ ਬਹੁਤ ਜ਼ਿਆਦਾ ਉੱਨਤ ਜ਼ਰਾਇਤ ਦੀ ਮਾਲਕ ਹੈ। ਜ਼ਮੀਨ ਦੇ ਕੁਲ ਆਬਾਦ ਰਕਬੇ ਦਾ ਲਗ ਪਗ ਛੇਵਾਂ ਹਿੱਸਾ, ਅਰਥਾਤ ਲਗ ਪਗ ੮੫ ਲਖ ਵਰਗ ਮੀਲ ਇਲਾਕਾ ਸੋਵੀਅਟ ਯੂਨੀਅਨ ਵਿਚ ਸ਼ਾਮਲ ਹੈ । ਸੋਵੀਅਟ ਯੂਨੀਅਨ ਦਾ ਰਕਬਾ ਅਮਰੀਕਾ (ਯੂ. ਐਸ. ਏ, ਅਲਾਸਕਾ ਨੂੰ ਛਡ ਕੇ) ਦੇ ਰਕਬੇ ਤੋਂ ਤਿੰਨ ਗੁਣਾ, ਅਤੇ ਪਛਮੀ ਯੂਰਪ ਦੇ ਸਭ ਦੇਸਾਂ ਦੇ ਕੁਲ ਰਕਬੇ ਦਾ ਚਾਰ ਗੁਣਾ ਹੈ। ਸੋਵੀਅਟ ਯੂਨੀਅਨ ਦੀ ਧਰਤੀ ਤੇ ੨੦ ਕਰੋੜ ਤੋਂ ਵਧ ਲੋਕ ਵਸਦੇ ਹਨ ।

ਸੋਵੀਅਟ ਯੂਨੀਅਨ ਬੜੇ ਸੁੰਦਰ ਤੇ ਭਾਂਤ ਭਾਂਤ ਦੇ ਕੁਦਰਤੀ ਦ੍ਰਿਸ਼ਾਂ ਦਾ ਦੇਸ ਹੈ । ਇਥੇ ਬੇਅੰਤ ਖਣਿਜ ਪਦਾਰਥ ਮਿਲਦੇ ਹਨ; ਹਰ ਪ੍ਰਕਾਰ ਦੀਆਂ ਕੱਚੀਆਂ ਧਾਤਾਂ, ਕੋਲਾ, ਦਲਦਲੀ ਕੋਲਾ ਤੇ ਤੇਲ ਮਿਲਦਾ ਹੈ। ਇਥੋਂ ਦੀ ਧਰਤੀ ਬੜੀ ਉਪਜਾਊ ਹੈ। ਇਥੇ ਬਿਜਲੀ ਪੈਦਾ ਕਰਨ ਦੇ ਵਸੀਲੇ ਮਹਾਨ ਹਨ। ਇਥੋਂ ਦੇ ਸਮੁੰਦਰ, ਝੀਲਾਂ ਤੇ ਦਰਿਆ ਮੱਛੀਆਂ ਨਾਲ ਭਰਪੂਰ ਹਨ। ਇਸ ਦੇ ਜੰਗਲ ਕਈ ਪ੍ਰਕਾਰ ਦੇ ਵਡ ਮੁਲੇ ਬ੍ਰਿਛਾਂ ਤੇ ਸਮੂਰਦਾਰ ਜਾਨਵਰਾਂ ਨਾਲ ਭਰੇ ਪਏ ਹਨ।

ਜ਼ਾਰ ਸ਼ਾਹੀ ਰੂਸ ਤੋਂ ਜਿਹੜਾ ਆਰਥਕ ਤੇ ਟੈਕਨੀਕਲ ਪਛੜਿਆਪਨ ਵਿਰਸੇ ਵਿੱਚ ਮਿਲਿਆ ਸੀ, ਸੋਵੀਅਟ ਸਰਕਾਰ ਨੇ ਉਹਦਾ ਅੰਤ ਕਰ ਦਿੱਤਾ ਹੈ । ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਦੇਸ ਦੀਆਂ ਸੱਨਅਤਾਂ ਦੀ ਹੋਈ ਤਰੱਕੀ ਤੇ ਜ਼ਰਾਇਤ ਦੇ ਸਾਂਝਾ ਬਣਾਏ ਜਾਣ ਨੇ ਸੋਵੀਅਟ ਯੂਨੀਅਨ ਨੂੰ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਉੱਨਤ ਸੱਨਅਤੀ ਤੇ ਸਾਂਝੀ ਖੇਤੀ ਵਾਲਾ ਦੇਸ ਬਣਾ ਦਿੱਤਾ, ਆਰਥਕ ਤੌਰ ਤੇ ਉਹ ਇਕ ਆਜ਼ਾਦ ਦੇਸ ਬਣ ਗਿਆ।

ਸੱਨਅਤੀ ਤਰੱਕੀ ਦੀ ਰਫਤਾਰ ਤੇ ਪੈਦਾਵਾਰ ਦੀ ਟੈਕਨੀਕ ਵਿੱਚ ਸੋਵੀਅਟ ਯੂਨੀਅਨ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਹੀ ਮੁਖ ਸਰਮਾਏਦਾਰ ਦੇਸਾਂ ਤੋਂ ਬਹੁਤ ਅਗੇ ਲੰਘ ਚੁਕਿਆ ਸੀ।

ਸੋਵੀਅਟ ਯੂਨੀਅਨ ਸੋਸ਼ਲਿਜ਼ਮ ਦੀ ਧਰਤੀ ਹੈ। ਇਥੇ ਪੈਦਾਵਾਰ ਦੇ ਵਸੀਲੇ ਤੇ ਸੰਦ ਕਿਸੇ ਦੀ ਨਿਜੀ ਮਾਲਕੀ ਨਹੀਂ ਹਨ। ਕਾਰਖਾਨੇ ਤੇ ਫੈਕਟਰੀਆਂ ਸਰਮਾਏਦਾਰਾਂ ਬਗੈਰ ਹੀ ਚਲਦੀਆਂ ਹਨ ਅਤੇ ਖੇਤਾਂ ਵਿਚ ਕੰਮ ਕਰਨ ਵਾਲੇ ਇਸਤ੍ਰੀਆਂ ਮਰਦ ਕਿਸੇ ਜਗੀਰਦਾਰ ਜਾਂ ਬਿਸਵੇਦਾਰ ਦੇ ਅਧੀਨ ਨਹੀਂ ਹਨ।

ਸੋਸ਼ਲਿਸਟ ਆਰਥਕ ਪ੍ਰਬੰਧ ਅਤੇ ਪੈਦਾਵਾਰੀ ਵਸੀਲਿਆਂ ਤੇ ਸੰਦਾਂ ਦੀ ਜਨਤਕ ਸੋਸ਼ਲਿਸਟ ਮਾਲਕੀ ਹੀ ਸੋਵੀਅਟ ਆਰ-ਥਕਤਾ ਦੀ ਨੀਂਹ ਹੈ; ਇਸ ਨੀਂਹ ਉਤੇ ਦੇਸ ਦਾ ਸਾਰਾ ਜੀਵਨ ਉਸਰਿਆ ਹੋਇਆ ਹੈ। ਕੌਮੀ ਆਰਥਕਤਾ ਇਕ ਸੰਗਠਤ ਸਟੇਟ ਪਲੈਨ ਦੇ ਅਧੀਨ ਤਰੱਕੀ ਕਰ ਰਹੀ ਹੈ। ਸੋਵੀਅਟ ਯੂਨੀਅਨ ਵਿਚ ਨਾ ਕੋਈ ਆਰਥਕ ਸੰਕਟ ਹਨ, ਨਾ ਬੇਕਾਰੀ ਹੈ, ਜਨਤਾ ਦੀ ਕੰਗਾਲੀ ਦਾ ਨਾਂਅ ਨਸ਼ਾਨ ਤਕ ਨਹੀਂ ਹੈ।

ਸੋਵੀਅਟ ਸਮਾਜ ਵਿਚ ਮਨੁਖ ਮਨੁਖ ਦੀ ਲੁਟ ਖਸੁਟ ਨਹੀਂ ਕਰਦਾ ਤੇ ਨਾ ਹੀ ਕੌਮੀ ਦਾਬਾ ਜਾਂ ਜਬਰ ਹੈ। ਇਤਿਹਾਸ ਵਿਚ ਪਹਿਲੀ ਵਾਰ ਏਥੇ ਸਮਾਜ ਦੇ ਸਾਰੇ ਮੈਂਬਰਾਂ ਦਾ ਇਖ਼ਲਾਕੀ ਤੇ ਰਾਜਸੀ ਏਕਾ ਹਾਸਲ ਕੀਤਾ ਗਿਆ ਹੈ।

ਏਥੇ ਆਮ ਮਿਹਨਤਕਸ਼ ਲੋਕ-ਮਜ਼ਦੂਰ, ਕਿਸਾਨ ਤੇ ਵਿਦਵਾਨ-ਆਪਣੇ ਦੇਸ ਤੇ ਰਾਜ ਕਰਦੇ ਹਨ ਤੇ ਸਾਰੀ ਕੌਮੀ ਆਰਥਕਤਾ ਨੂੰ ਚਲਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਯੂਨੀਅਨ ਵਿਚ ਜੋ ਮਾਲ ਪਦਾਰਥ ਪੈਦਾ ਹੁਦਾ ਹੈ ਉਹਦੀ ਵੰਡ ਇਸ ਅਸੂਲ ਤੇ ਹੁੰਦੀ ਹੈ : ਹਰ ਇਕ ਤੋਂ ਉਸ ਦੀ ਯੋਗਤਾ ਅਨੁਸਾਰ ਕੰਮ ਲਿਆ ਜਾਵੇ ਤੇ ਹਰ ਇਕ ਨੂੰ ਉਹਦੇ ਕੰਮ ਅਨੁਸਾਰ ਇਵਜ਼ਾਨਾ ਮਿਲੇ।

ਇਹਦੇ ਅਰਥ ਇਹ ਹਨ ਕਿ ਹਰ ਮਰਦ ਤੇ ਹਰ ਇਸਤ੍ਰੀ ਨੂੰ ਉਹਦੇ ਕੀਤੇ ਕੰਮ ਦੀ ਮਿਕਦਾਰ ਤੇ ਗੁਣ ਅਨੁਸਾਰ ਮਾਲ ਪਦਾਰਥ ਮਿਲਦੇ ਹਨ। ਇਹਨੂੰ ਸੋਸ਼ਲਿਜ਼ਮ, ਜਾਂ ਕਮਿਊਨਿਸਟ ਸਮਾਜ ਦਾ ਪਹਿਲਾ ਪੜਾ, ਆਖਦੇ ਹਨ।

ਅਜ ਸੋਵੀਅਟ ਯੂਨੀਅਨ ਸੋਸ਼ਲਿਜ਼ਮ ਤੋਂ ਹੌਲੀ ਹੌਲੀ ਕਮਿਊਨਿਜ਼ਮ ਵਿ'ਚ ਵਟ ਜਾਣ ਦੇ ਦੌਰ ਵਿਚੋਂ ਲੰਘ ਰਿਹਾ ਹੈ। ਸੋਵੀਅਟ ਜਨਤਾ ਦਾ ਨਿਸ਼ਾਨਾ ਕਮਿਊਨਿਸਟ ਸਮਾਜ ਦੀ ਉਸਾਰੀ ਹੈ।

੨. ਸੋਵੀਅਟ ਯੂਨੀਅਨ ਉਤੇ ਕੌਣ ਰਾਜ ਕਰਦਾ ਹੈ?

ਸੋਵੀਅਟ ਯੂਨੀਅਨ ਵਿਚ ਸਾਰੀ ਦੀ ਸਾਰੀ ਤਾਕਤ ਸ਼ਹਿਰਾਂ ਤੇ ਪਿੰਡਾਂ ਦੇ ਮਿਹਨਤਕਸ਼ ਲੋਕਾਂ ਦੇ ਹਥ ਵਿਚ ਹੈ ਜਿਸ ਦੀ ਪ੍ਰਤੀਨਿਧਤਾ ਮਿਹਨਤਕਸ਼ ਲੋਕਾਂ ਦੇ ਡਿਪਟੀਆਂ (ਪੰਚਾਂ ਜਾਂ ਪ੍ਰਤੀਨਿਧਾਂ) ਦੀਆਂ ਸੋਵੀਅਟਾਂ ਕਰਦੀਆਂ ਹਨ। ਇਹ ਸੋਵੀਅਟਾਂ ਹੀ ਦੇਸ ਦੀ ਰਾਜਸੀ ਨੀਂਹ ਹਨ।

ਇਹਨਾਂ ਸੋਵੀਅਟਾਂ ਦੇ ਪ੍ਰਤੀਨਿਧ ਮਜ਼ਦੂਰ, ਕਿਸਾਨ ਤੇ ਵਿਦਵਾਨ ਹੁੰਦੇ ਹਨ, ਜਿਨ੍ਹਾਂ ਦੀ ਚੋਣ ਗੁਪਤ ਵੋਟ ਦੁਆਰਾ ਸਰਬ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਆਪਕ, ਬਰਾਬਰ ਤੇ ਸਿੱਧੇ ਵੋਟ-ਹਕਾਂ ਦੇ ਆਧਾਰ ਤੇ ਹੁੰਦੀ ਹੈ।

ਹਰ ਇਕ ਪ੍ਰਤੀਨਿਧ ਆਪਣੇ ਵੋਟਰਾਂ ਸਾਹਮਣੇ ਜੁਆਬ ਦਿਹ ਹੁੰਦਾ ਹੈ। ਉਨਾਂ ਲੋਕਾਂ ਨੂੰ ਛਡ ਕੇ ਜਿਨ੍ਹਾਂ ਨੂੰ ਚੋਣ ਪਿਛੋਂ ਸਰਕਾਰ ਦੇ ਕਿਸੇ ਮਹਿਕਮੇ ਵਿਚ ਕਿਸੇ ਪਦਵੀ ਤੇ ਲਾ ਦਿਤਾ ਜਾਂਦਾ ਹੈ, ਪ੍ਰਤੀਨਿਧਾਂ ਦੀ ਬੜੀ ਵਡੀ ਗਿਣਤੀ ਆਪਣੇ ਆਮ ਰੋਜ਼ਾਨਾ ਕੰਮ ਜਾਰੀ ਰਖਦੀ ਹੈ। ਇਨ੍ਹਾਂ ਲੋਕਾਂ ਰਾਹੀਂ ਹੀ ਸੋਵੀਅਟਾਂ ਆਮ ਵੋਟਰਾਂ ਨਾਲ ਆਪਣਾ ਗੂੜ੍ਹਾ ਨਾਤਾ ਕਾਇਮ ਰਖਦੀਆਂ ਹਨ।

ਸੋਵੀਅਟ ਯੂਨੀਅਨ ਵਿਚ ਰਾਜ-ਸ਼ਕਤੀ ਦਾ ਸਭ ਤੋਂ ਮੁਖ ਅੰਗ ਯੂ-ਐਸ-ਐਸ-ਆਰ ਦੀ ਸੁਪ੍ਰੀਮ ਸੋਵੀਅਟ ਹੈ। ਜਿਹੜੀ ਕਿ ਦੇਸ ਭਰ ਵਿਚ ਚੋਣਾਂ ਦੁਆਰਾ ਚਾਰ ਵਰ੍ਹੇ ਲਈ ਚੁਣੀ ਜਾਂਦੀ ਹੈ। ਸੋਵੀਅਟ ਯੂਨੀਅਨ ਦੀ ਵਰਤਮਾਨ (ਚੌਥੀ) ਸੁਪ੍ਰੀਮ ਸੋਵੀਅਟ ਦੀ ਚੋਣ ਮਾਰਚ ੧੯੫੪ ਵਿਚ ਹੋਈ ਸੀ। ਇਸ ਦੇ ੧੩੪੭ ਪ੍ਰਤੀਨਿਧ ਹਨ ਜਿਨ੍ਹਾਂ ਵਿਚੋਂ ੩੧੯ ਮਜ਼ਦੂਰ ਅਤੇ ੨੨੦ ਕਿਸਾਨ ਹਨ, ਬਾਕੀ ਵਿਦਵਾਨ–ਲਿਖਾਰੀ, ਸਾਇੰਸਦਾਨ, ਇੰਜੀਨੀਅਰ, ਡਾਕਟਰ, ਉਸਤਾਦ ਅਤੇ ਸਟੇਟ ਤੇ ਜਨਤਕ ਜਥੇਬੰਦੀਆਂ ਦੇ ਆਗੂ ਅਤੇ ਫੌਜ ਦੇ ਲੋਕ ਹਨ। ਇਨ੍ਹਾਂ ਪ੍ਰਤੀਨਿਧਾਂ ਵਿਚ ੩੪੭ ਇਸਤ੍ਰੀਆਂ ਸ਼ਾਮਲ ਹਨ।

ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੀਆਂ ਦੋ ਸਭਾਵਾਂ ਹਨ–ਯੂਨੀਅਨ ਦੀ ਸੋਵੀਅਟ ਅਤੇ ਕੌਮੀਅਤਾਂ ਦੀ ਯੂਨੀਅਨ।

ਯੂਨੀਅਨ ਦੀ ਸੋਵੀਅਟ ਲਈ ਹਰ ਤਿੰਨ ਲਖ ਦੀ ਵਸੋਂ ਪਿਛੇ ਇਕ ਨੁਮਾਇੰਦਾ ਚੁਣਿਆ ਜਾਂਦਾ ਹੈ। ਯੂਨੀਅਨ ਦੀ ਸੋਵੀਅਟ ਕੌਮੀਅਤ ਦੇ ਕਿਸੇ ਮਤਭੇਦ ਤੋਂ ਬਗੈਰ ਸਭ ਸੋਵੀਅਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਹਿਰੀਆਂ ਦੇ ਸਾਂਝੇ ਲਾਭਾਂ ਦੀ ਪ੍ਰਤੀਨਿਧਤਾ ਕਰਦੀ ਹੈ।

ਕੌਮੀਅਤਾਂ ਦੀ ਸੋਵੀਅਟ ਦੀ ਚੋਣ ਸੋਵੀਅਟ ਯੂਨੀਅਨ ਦੇ ਸ਼ਹਿਰੀ ਕਰਦੇ ਹਨ। ਚੋਣ ਯੂਨੀਅਨ ਰੀਪਬਲਿਕਾਂ, ਖ਼ੁਦਮੁਖਤਾਰ ਰੀਪਬਲਿਕਾਂ, ਖ਼ੁਦਮੁਖਤਾਰ ਇਲਾਕਿਆਂ ਤੇ ਕੌਮੀ ਇਲਾਕਿਆਂ ਦੇ ਆਧਾਰ ਤੇ ਹੁੰਦੀ ਹੈ। ਹਰ ਇਕ ਯੂਨੀਅਨ ਰੀਪਬਲਿਕ ੨੫ ਡਿਪਟੀ, ਹਰ ਇਕ ਖ਼ੁਦਮੁਖਤਾਰ ਰੀਪਬਲਿਕ ੧੧ ਡਿਪਟੀ, ਹਰ ਇਕ ਖ਼ੁਦਮੁਖਤਾਰ ਇਲਾਕਾ ਪੰਜ ਡਿਪਟੀ ਤੇ ਹਰ ਇਕ ਕੌਮੀ ਇਲਾਕਾ ਇਕ ਡਿਪਟੀ ਚੁਣ ਕੇ ਭੇਜਦਾ ਹੈ। ਇਸ ਪ੍ਰਕਾਰ ਕੌਮੀਅਤਾਂ ਦੀ ਸੋਵੀਅਟ, ਸੋਵੀਅਟ ਯੂਨੀਅਨ ਵਿਚ ਵਸਣ ਵਾਲੀਆਂ ਸਭ ਕੌਮਾਂ, ਸਭ ਕੌਮੀ ਗਰੋਹਾਂ ਤੇ ਸਭ ਕੌਮੀਅਤਾਂ ਦੇ ਖਾਸ ਹਿਤਾਂ ਦਾ ਅਕਸ ਹੈ।

ਸੁਪ੍ਰੀਮ ਸੋਵੀਅਟ, ਸੋਵੀਅਟ ਜਨਤਾ ਦੀ ਸਭ ਤੋਂ ਵਡੀ ਤਾਕਤ ਦਾ ਸਰੂਪ ਹੈ। ਇਹ ਦੇਸ ਭਰ ਦੇ ਕੁਲ ਲੋਕਾਂ ਭਾਵ ਸੋਵੀਅਟ ਸੋਸ਼ਲਿਸਟ ਰੀਪਬਲਿਕਾਂ ਦੀ ਯੂਨੀਅਨ ਦੇ ਪ੍ਰਤੀਨਿਧ ਦੇ ਰੂਪ ਵਿਚ ਕੰਮ ਕਰਦੀ ਹੈ।

ਸੋਵੀਅਟ ਯੂਨੀਅਨ ਵਿਚ ਕਾਨੂੰਨ ਬਣਾਉਣ ਦਾ ਹਕ ਸੁਪ੍ਰੀਮ ਸੋਵੀਅਟ ਨੂੰ ਹੈ। ਇਹਦੇ ਬਣਾਏ ਕਾਨੂੰਨ ਹਰ ਇਕ ਯੂਨੀਅਨ ਰੀਪਬਲਿਕ ਦੇ ਇਲਾਕੇ ਵਿਚ ਇਕੋ ਤਰ੍ਹਾਂ ਲਾਗੂ ਹੁੰਦੇ ਹਨ, ਅਤੇ ਸੋਵੀਅਟ ਯੂਨੀਅਨ ਵਿਚ ਹਕੂਮਤ ਦੇ ਸਭ ਅੰਗ, ਸਭ ਸੰਸਥਾਵਾਂ ਤੇ ਸਭ ਸ਼ਹਿਰੀ ਇਨ੍ਹਾਂ ਕਾਨੂੰਨਾਂ ਦੇ ਪਾਬੰਦ ਹਨ। ਇਹ ਕਾਨੂੰਨ ਦੇਸ ਦੀ ਮਿਹਨਤਕਸ਼ ਜਨਤਾ ਦੇ ਲਾਭਾਂ ਤੇ ਉਨ੍ਹਾਂ ਦੀ ਇੱਛਾ ਨੂੰ ਪ੍ਰਗਟ ਕਰਦੇ ਹਨ।

ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਕੌਮੀ-ਆਰਥਕ ਪਲੈਨਾਂ ਤਿਆਰ ਕਰਦੀ ਹੈ, ਸੋਵੀਅਟ ਯੂਨੀਅਨ ਦੇ ਸਮੁਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਰਕਾਰੀ ਬਜਟ ਨੂੰ ਪਰਵਾਨਗੀ ਦੇਂਦੀ ਹੈ ਅਤੇ ਜੰਗ ਤੇ ਅਮਨ ਦੇ ਸੁਆਲਾਂ ਦਾ ਫੈਸਲਾ ਕਰਦੀ ਹੈ। ਸੋਵੀਅਟ ਯੂਨੀਅਨ ਦੇ ਵਿਧਾਨ ਦੀ ਤਾਮੀਲ ਕਰਵਾਣਾ ਇਹਦੇ ਜ਼ੁਮੇ ਹੈ ਤੇ ਉਹ ਇਸ ਗਲ ਦਾ ਧਿਆਨ ਰਖਦੀ ਹੈ ਕਿ ਯੂਨੀਅਨ ਰੀਪਬਲਿਕਾਂ ਦੇ ਕਾਨੂੰਨ ਸੋਵੀਅਟ ਯੂਨੀਅਨ ਦੇ ਕਾਨੂੰਨਾਂ ਨਾਲ ਇਕ-ਸੁਰ ਰਹਿਣ। ਉਹ ਸੋਵੀਅਟ ਯੂਨੀਅਨ ਦੇ ਵਿਧਾਨ ਵਿਚ ਤਰਮੀਮ ਕਰਦੀ ਹੈ, ਨਵੀਆਂ ਰੀਪਬਲਿਕਾਂ ਦੇ ਸੋਵੀਅਟ ਯੂਨੀਅਨ ਵਿਚ ਸ਼ਾਮਲ ਹੋਣ ਦੇ ਸਵਾਲਾਂ ਦਾ ਫੈਸਲਾ ਕਰਦੀ ਹੈ ਅਤੇ ਸੋਵੀਅਟ ਯੂਨੀਅਨ ਦੇ ਰਿਆਸਤੀ ਪ੍ਰਬੰਧ ਅਤੇ ਵਖ ਵਖ ਇਲਾਕਿਆਂ ਦੀਆਂ ਹੱਦਾਂ ਵਿਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਦੀ ਮਨਜ਼ੂਰੀ ਦਿੰਦੀ ਹੈ।

ਸੁਪ੍ਰੀਮ ਸੋਵੀਅਟ ਦੇ ਅਧਿਕਾਰ ਵਿਚ ਇਹ ਗੱਲਾਂ ਸ਼ਾਮਲ ਹਨ : ਦੂਜੇ ਦੇਸਾਂ ਨਾਲ ਸੰਬੰਧ ਸਥਾਪਤ ਕਰਨ ਲਈ ਸੋਵੀਅਟ ਯੂਨੀਅਨ ਦੇ ਪ੍ਰਤੀਨਿਧ ਭੇਜਣਾ, ਦੂਜੇ ਦੇਸਾਂ ਨਾਲ ਸਮਝੌਤੇ ਕਰਨਾ, ਸਮਝੌਤਿਆਂ ਨੂੰ ਪਰਵਾਨ ਕਰਨਾ ਤੇ ਸਮਝੌਤੇ ਰੱਦ ਕਰਨਾ, ਸੋਵੀਅਟ ਯੂਨੀਅਨ ਦੀ ਰਖਿਆ ਜਥੇਬੰਦ ਕਰਨਾ, ਸੋਵੀਅਟ ਯੂਨੀਅਨ ਦੀਆਂ ਸਭ ਫ਼ੌਜਾਂ ਸੰਬੰਧੀ ਹੁਕਮ ਜਾਰੀ ਕਰਨਾ, ਬਾਹਰਲੇ ਵਪਾਰ ਅਤੇ ਰਾਜ ਪ੍ਰਬੰਧ ਦੇ ਮਸਲੇ ਤੈ ਕਰਨਾ।

ਆਪਣੀਆਂ ਦੋਹਾਂ ਸਭਾਵਾਂ ਦੇ ਇਕੱਠੇ ਇਜਲਾਸ ਵਿਚ ਸੁਪ੍ਰੀਮ ਸੋਵੀਅਟ ਆਪਣੀ ਪ੍ਰਧਾਨ-ਮੰਡਲੀ (ਪ੍ਰੈਜ਼ੀਡੀਅਮ) ਦੀ ਚੋਣ ਕਰਦੀ ਹੈ, ਸੋਵੀਅਟ ਯੂਨੀਅਨ ਦੀ ਹਕੂਮਤ ਦੀ ਸਥਾਪਨਾ ਕਰਦੀ ਹੈ, ਸੋਵੀਅਟ ਯੂਨੀਅਨ ਦੀ ਸੁਪ੍ਰੀਮ ਕੋਰਟ ਦੀ ਚੋਣ ਕਰਦੀ ਹੈ ਅਤੇ ਸੋਵੀਅਟ ਯੂਨੀਅਨ ਦਾ ਮੁਖ ਸਰਕਾਰੀ ਵਕੀਲ (ਪਰੋਕਿਊਰੇਟਰ ਜਨਰਲ) ਨੀਯਤ ਕਰਦੀ ਹੈ। ਸੁਪ੍ਰੀਮ ਸੋਵੀਅਟ ਯੂਨੀਅਨ ਦੇ ਸਭ ਉਚੇ ਰਿਆਸਤੀ ਅੰਗਾਂ ਦੀ ਅਗਵਾਈ ਕਰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਤੇ ਇਨ੍ਹਾਂ ਤੇ ਨਿਗਰਾਨੀ ਰਖਦੀ ਹੈ।

ਦੋਹਾਂ ਸਭਾਵਾਂ ਨੂੰ ਭਾਵ ਯੂਨੀਅਨ ਦੀ ਸੋਵੀਅਟ ਤੇ ਕੌਮੀਅਤਾਂ ਦੀ ਸੋਵੀਅਟ ਨੂੰ ਸਮਾਨ ਅਧਿਕਾਰ ਪ੍ਰਾਪਤ ਹਨ। ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਸਭਾ ਨਵਾਂ ਕਾਨੂੰਨ ਤਜਵੀਜ਼ ਕਰ ਸਕਦੀ ਹੈ। ਜਦੋਂ ਕੋਈ ਨਵਾਂ ਕਾਨੂੰਨ ਦੋਹਾਂ ਸਭਾਵਾਂ ਵਿਚ ਸਾਧਾਰਨ ਬਹੁ ਸੰਮਤੀ ਨਾਲ ਪਾਸ ਹੋ ਜਾਂਦਾ ਹੈ ਤਾਂ ਉਹ ਪਰਵਾਨ ਹੋਇਆ ਕਾਨੂੰਨ ਸਮਝਿਆ ਜਾਂਦਾ ਹੈ।

ਸੋਵੀਅਟ ਯੂਨੀਅਨ ਦੀ ਰਿਆਸਤੀ ਸ਼ਕਤੀ ਦੇ ਸਭ ਤੋਂ ਉਚੇ ਅੰਗ ਦੇ ਰੂਪ ਵਿਚ ਸੁਪ੍ਰੀਮ ਸੋਵੀਅਟ ਸਿੱਧਾ ਆਪ ਵੀ ਕੰਮ ਕਰਦੀ ਹੈ ਅਤੇ ਦੂਜੀਆਂ ਅਜੇਹੀਆਂ ਸੰਸਥਾਵਾਂ ਦੁਆਰਾ ਵੀ ਕੰਮ ਚਲਾਂਦੀ ਹੈ ਜਿਨ੍ਹਾਂ ਦੀ ਸਥਾਪਨਾ ਉਹ ਆਪ ਕਰਦੀ ਹੈ ਤੇ ਜਿਹੜੀਆਂ ਇਹਦੇ ਅੱਗੇ ਜੁਆਬ ਦਿਹ ਵੀ ਹੁੰਦੀਆਂ ਹਨ। ਅਜੇਹੀ ਇਕ ਸੰਸਥਾ ਸੁਪ੍ਰੀਮ ਸੋਵੀਅਟ ਦੀ ਪ੍ਰੈਜ਼ੀਡੀਅਮ ਹੈ। ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦਾ ਪ੍ਰੈਜ਼ੀਡੀਅਮ ਸੋਵੀਅਟ ਯੂਨੀਅਨ ਦੀ ਰਾਜ-ਸ਼ਕਤੀ ਦਾ ਸਭ ਤੋਂ ਉਚਾ ਅੰਤ੍ਰਿੰਗ (ਸਟੈਂਡਿੰਗ) ਅੰਗ ਹੈ। ਸੁਪ੍ਰੀਮ ਸੋਵੀਅਟ ਤਾਂ ਆਪਣਾ ਕੰਮ ਵਰ੍ਹੇ ਵਿਚ ਦੋ ਵਾਰ ਹੋਣ ਵਾਲੇ ਨਿਯਤ ਇਜਲਾਸਾਂ ਵਿਚ ਜਾਂ ਖਾਸ ਇਜਲਾਸਾਂ ਵਿਚ ਕਰਦੀ ਹੈ, ਪਰ ਇਹਦਾ ਪ੍ਰੈਜ਼ੀਡੀਅਮ ਵਰ੍ਹਾ ਭਰ ਕੰਮ ਕਰਨ ਵਾਲੀ ਇਕ ਅੰਤ੍ਰਿੰਗ ਸੰਸਥਾ ਹੈ।

ਪ੍ਰੈਜ਼ੀਡੀਅਮ ਸੁਪ੍ਰੀਮ ਸੋਵੀਅਟ ਦੇ ਇਜ਼ਲਾਸ ਬੁਲਾਂਦਾ ਹੈ ਤੇ ਸੁਪ੍ਰੀਮ ਸੋਵੀਅਟ ਦੀਆਂ ਚੋਣਾਂ ਕਰਵਾਂਦਾ ਹੈ, ਦੂਜੇ ਦੇਸਾਂ ਨਾਲ ਹੋਏ ਸੋਵੀਅਟ ਯੂਨੀਅਨ ਦੇ ਸਮਝੌਤਿਆਂ ਨੂੰ ਪਰਵਾਨ ਕਰਦਾ ਹੈ, ਸੋਵੀਅਟ ਯੂਨੀਅਨ ਉਤੇ ਫੌਜੀ ਹਮਲਾ ਹੋਣ ਤੇ ਜੰਗ ਦਾ ਐਲਾਨ ਕਰਦਾ ਹੈ ਤੇ ਆਮ ਫ਼ੌਜੀ ਭਰਤੀ ਜਾਂ ਮਹਿਦੂਦ ਫ਼ੌਜੀ ਭਰਤੀ ਦਾ ਹੁਕਮ ਜਾਰੀ ਕਰਦਾ ਹੈ। ਉਹ ਫੌਜਾਂ ਦਾ ਹਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਮਾਂਡ ਨਿਯਤ ਕਰਦਾ ਹੈ ਅਤੇ ਪਰਦੇਸਾਂ ਵਿਚ ਸੋਵੀਅਟ ਯੂਨੀਅਨ ਦੇ ਸਫ਼ੀਰ ਨਾਮਜ਼ਦ ਕਰਦਾ ਹੈ। ਉਹ ਖ਼ਿਤਾਬ ਅਤੇ ਤਮਗੇ ਨਿਯਤ ਕਰਦਾ ਤੇ ਦੇਂਦਾ ਹੈ।

ਪ੍ਰੈਜ਼ੀਡੀਅਮ ਫ਼ਰਮਾਨ (ਡਿਕਰੀ) ਜਾਰੀ ਕਰਦਾ ਹੈ ਜਿਨ੍ਹਾਂ ਦੀ ਯੂਨੀਅਨ ਰੀਪਬਲਿਕਾਂ ਵਿਚ ਉਹੋ ਹੈਸੀਅਤ ਹੁੰਦੀ ਹੈ ਜਿਹੜੀ ਕਿ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪਾਸ ਕੀਤੇ ਕਾਨੂੰਨਾਂ ਦੀ ਹੁੰਦੀ ਹੈ। ਪਰ ਇਨ੍ਹਾਂ ਫ਼ਰਮਾਨਾਂ ਲਈ ਜ਼ਰੂਰੀ ਹੈ ਕਿ ਇਹ ਫੈਡਰਲ ਕਾਨੂੰਨਾਂ ਦੇ ਆਧਾਰ ਤੇ ਹੋਣ ਤੇ ਇਨ੍ਹਾਂ ਦੇ ਘੇਰੇ ਵਿਚ ਹੋਣ। ਫਰਮਾਨਾਂ ਤੇ ਕਾਨੂੰਨਾਂ ਵਿਚ ਇਹੋ ਫ਼ਰਕ ਹੈ।

ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਦੀ ਚੋਣ ਸੁਪ੍ਰੀਮ ਸੋਵੀਅਟ ਦੇ ਦੋਹਾਂ ਚੈਂਬਰਾਂ ਦੇ ਸਾਂਝੇ ਇਜਲਾਸ ਵਿਚ ਹੁੰਦੀ ਹੈ। ਇਸ ਵਿਚ ਇਕ ਪਰਧਾਨ, ਸੋਲਾਂ ਮੀਤ-ਪਰਧਾਨ (ਹਰ ਇਕ ਯੂਨੀਅਨ ਰੀਪਬਲਿਕ ਲਈ ਇਕ) ਇਕ ਸਕੱਤਰ ਤੇ ਪੰਦਰਾਂ ਮੈਂਬਰ ਹੁੰਦੇ ਹਨ।

ਯੂਨੀਅਨ ਰੀਪਬਲਿਕ ਦੀ ਰਾਜ-ਸ਼ਕਤੀ ਦਾ ਸਭ ਤੋਂ ਉਚਾ ਅੰਗ ਉਸ ਰੀਪਬਲਿਕ ਦੀ ਸੁਪ੍ਰੀਮ ਸੋਵੀਅਟ ਹੈ (ਚੌਥੇ ਪ੍ਰਸ਼ਨ ਦਾ ਉਤਰ ਵੇਖੋ)। ਯੂਨੀਅਨ ਰੀਪਬਲਿਕ ਦੀ ਸੁਪ੍ਰੀਮ ਸੋਵੀਅਟ ਆਪਣਾ ਪ੍ਰੈਜ਼ੀਡੀਅਮ ਚੁਣਦੀ ਹੈ। ਪ੍ਰੈਜ਼ੀਡੀਅਮ ਇਸ ਰੀਪਬਲਿਕ ਦੇ ਇਲਾਕੇ ਵਿਚ ਰਾਜ-ਸ਼ਕਤੀ ਦਾ ਪੱਕਾ ਅੰਗ ਹੈ।

੩. ਸੋਵੀਅਟ ਯੂਨੀਅਨ ਦੇ ਮੰਤ੍ਰੀ ਮੰਡਲ ਦੇ ਕੀ ਕੰਮ ਹਨ ?

ਸੋਵੀਅਟ ਯੂਨੀਅਨ ਦਾ ਮੰਤ੍ਰੀ-ਮੰਡਲ ਸੋਵੀਅਟ ਯੂਨੀਅਨ ਵਿਚ ਰਿਆਸਤੀ ਸ਼ਕਤੀ ਦਾ ਸਭ ਤੋਂ ਉਚਾ ਕਾਰਜ-ਸਾਧਕ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਬੰਧਕ ਅੰਗ ਹੈ–ਇਹ ਸੋਵੀਅਟ ਯੂਨੀਅਨ ਦੀ ਸਰਕਾਰ ਹੈ।

ਸੋਵੀਅਟ ਯੂਨੀਅਨ ਦੇ ਮੰਤ੍ਰੀ-ਮੰਡਲ ਨੂੰ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੋਹਾਂ ਚੈਂਬਰਾਂ ਦੀ ਸਾਂਝੀ ਬੈਠਕ ਵਿਚ ਨਾਮਜ਼ਦ ਕਰਦੀ ਹੈ ਅਤੇ ਇਸ ਵਿਚ ਇਕ ਪਰਧਾਨ, ਮੀਤ ਪਰਧਾਨ, ਮੰਤ੍ਰੀ, ਸਟੇਟ ਪਲੈਨਿੰਗ ਕਮੇਟੀ ਦਾ ਪਰਧਾਨ ਅਤੇ ਉਸਾਰੀ ਸੰਬੰਧੀ ਸਟੇਟ ਕਮੇਟੀ ਦਾ ਪਰਧਾਨ ਸ਼ਾਮਲ ਹੁੰਦੇ ਹਨ। ਉਪ੍ਰੋਕਤ ਦੋਵੇਂ ਕਮੇਟੀਆਂ ਕੌਂਸਲ ਹੇਠ ਕੰਮ ਕਰਦੀਆਂ ਹਨ।

ਮੰਤ੍ਰੀ ਮੰਡਲ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਸਾਹਮਣੇ, ਅਤੇ ਸੁਪ੍ਰੀਮ ਸੋਵੀਅਟ ਦੀਆਂ ਬੈਠਕਾਂ ਵਿਚਕਾਰਲੇ ਸਮੇਂ ਵਿਚ ਇਸ ਦੇ ਪ੍ਰੈਜ਼ੀਡੀਅਮ ਸਾਹਮਣੇ ਜੁਆਬ ਦਿਹ ਹੁੰਦਾ ਹੈ।

ਮੰਤ੍ਰੀ ਮੰਡਲ ਲਾਗੂ ਹੋਏ ਹੋਏ ਕਾਨੂੰਨਾਂ ਦੇ ਆਧਾਰ ਤੇ ਫੈਸਲੇ ਕਰਦਾ ਤੇ ਹੁਕਮ ਚਲਾਂਦਾ ਹੈ, ਅਤੇ ਵੇਖਦਾ ਹੈ ਕਿ ਉਨ੍ਹਾਂ ਤੇ ਅਮਲ ਹੁੰਦਾ ਹੈ। ਇਹ ਸੋਵੀਅਟ ਯੂਨੀਅਨ ਦੇ ਵਜ਼ਾਰਤੀ ਮਹਿਕਮਿਆਂ ਭਾਵ ਰਿਆਸਤੀ ਪ੍ਰਬੰਧ ਦੇ ਅਨੇਕ ਵਿਭਾਗਾਂ ਨੂੰ ਚਲਾ ਰਹੇ ਅੰਗਾਂ ਦੇ ਕੰਮਾਂ ਵਿਚ ਤਾਲ ਮੇਲ ਰਖਦਾ ਤੇ ਉਨ੍ਹਾਂ ਦੀ ਅਗਵਾਈ ਕਰਦਾ ਹੈ। ਇਹ ਉਹ ਕਦਮ ਚੁਕਦਾ ਹੈ ਜਿਹੜੇ ਕੌਮੀ ਆਰਥਕ ਪਲੈਨ ਤੇ ਸਟੇਟ ਬਜਟ ਨੂੰ ਸਿਰੇ ਚੜ੍ਹਾਣ ਲਈ ਜ਼ਰੂਰੀ ਹੋਣ। ਇਸ ਤੇ ਇਹ ਫ਼ਰਜ਼ ਲਾਗੂ ਹੁੰਦਾ ਹੈ ਕਿ ਇਹ ਦੇਸ ਵਿਚ ਅਮਨ ਅਮਾਨ ਰਖੇ, ਸਟੇਟ ਦੇ ਹਿਤਾਂ ਦੀ ਰਖਿਆ ਕਰੇ ਅਤੇ ਸ਼ਹਿਰੀਆਂ ਦੇ ਹੱਕਾਂ ਦੀ ਰਾਖੀ ਕਰੇ।

ਸੋਵੀਅਟ ਸਰਕਾਰ ਸੋਵੀਅਟ ਯੂਨੀਅਨ ਦੇ ਵਿਧਾਨ (ਆਈਨ) ਦੇ ਆਧਾਰ ਤੇ ਹਕੂਮਤ ਕਰਦੀ ਹੈ। ਇਹ ਵਿਧਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਲ ਸੋਵੀਅਟ ਜਨਤਾ ਦੀ ਇੱਛਾ ਦਾ ਪ੍ਰਗਟਾਵਾ ਹੈ।

ਯੂਨੀਅਨ ਰੀਪਬਲਿਕਾਂ ਤੇ ਖ਼ੁਦਮੁਖਤਾਰ ਰੀਪਬਲਿਕਾਂ ਦੀਆਂ ਸਰਕਾਰਾਂ ਵੀ ਫੈਡਰਲ ਸਰਕਾਰ ਦੇ ਆਧਾਰ ਤੇ ਹੀ ਬਣਦੀਆਂ ਹਨ। ਇਹਨਾਂ ਰੀਪਬਲਿਕਾਂ ਦੀਆਂ ਰਾਜ ਬਣਤਰਾਂ ਵਿਚ ਰੀਪਬਲਿਕ ਦੇ ਮੰਤਰੀ-ਮੰਡਲ ਦੀ ਬਣਤਰ ਤੇ ਉਸ ਦੇ ਅਧਿਕਾਰ ਦਰਜ ਕੀਤੇ ਗਏ ਹਨ।

੪. ਯੂਨੀਅਨ ਰੀਪਬਲਿਕਾਂ ਦੇ ਅਧਿਕਾਰ ਕੀ ਹਨ ?

ਹਰ ਇਕ ਯੂਨੀਅਨ ਰੀਪਬਲਿਕ ਮਜ਼ਦੂਰਾਂ ਤੇ ਕਿਸਾਨਾਂ ਦੀ ਸੋਵੀਅਟ ਸੋਸ਼ਲਿਸਟ ਰਿਆਸਤ ਹੈ ਜਿਹੜੀ ਕਿ ਆਪਣੀ ਆਜ਼ਾਦ ਮਰਜ਼ੀ ਨਾਲ ਸੋਵੀਅਟ ਯੂਨੀਅਨ ਵਿਚ ਸ਼ਾਮਲ ਹੋਈ ਹੈ ਅਤੇ ਉਹਨੂੰ ਬਾਕੀ ਰੀਪਬਲਿਕਾਂ ਦੇ ਬਰਾਬਰ ਹਕ ਪ੍ਰਾਪਤ ਹਨ। ਹਰ ਇਕ ਯੂਨੀਅਨ ਰੀਪਬਲਿਕ ਵਿਚ ਸਟੇਟ ਦੇ ਸਾਰੇ ਅਦਾਰੇ ਤੇ ਸੰਸਥਾਵਾਂ ਆਪਣਾ ਕੰਮ ਉਸ ਰੀਪਬਲਿਕ ਦੇ ਲੋਕਾਂ ਦੀ ਜ਼ਬਾਨ ਵਿਚ ਹੀ ਚਲਾਂਦੀਆਂ ਹਨ।

ਸੋਵੀਅਟ ਯੂਨੀਅਨ ਵਿਚ ਸ਼ਾਮਲ ਹੋਣ ਪਿਛੋਂ ਵੀ ਹਰ ਇਕ ਯੂਨੀਅਨ ਰੀਪਬਲਿਕ ਪੂਰੀ ਤਰ੍ਹਾਂ ਕੁਲ ਮੁਖਤਾਰ ਰਿਆਸਤ ਰਹਿੰਦੀ ਹੈ। ਅਰਥਾਤ ਹਰ ਇਕ ਯੂਨੀਅਨ ਰੀਪਬਲਿਕ ਨੂੰ ਆਪਣੇ ਇਲਾਕੇ ਵਿਚ ਹਰ ਇਕ ਮਸਲੇ ਤੇ ਇਕ ਕੁਲ ਮੁਖਤਾਰ ਰਿਆਸਤ ਦੇ ਹਕ ਹਾਸਲ ਹਨ ਛੁਟ ਉਨ੍ਹਾਂ ਸੁਆਲਾਂ ਦੇ ਜਿਹੜੇ ਉਹਨੇ ਆਪਣੀ ਆਜ਼ਾਦ ਮਰਜ਼ੀ ਨਾਲ ਸੋਵੀਅਟ ਯੂਨੀਅਨ ਦੇ ਕੇਂਦਰੀ ਰਿਆਸਤੀ ਅੰਗਾਂ ਨੂੰ ਸੌਂਪ ਦਿਤੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਇਕ ਯੂਨੀਅਨ ਰੀਪਬਲਿਕ ਦਾ ਆਪਣਾ ਵਿਧਾਨ ਹੁੰਦਾ ਹੈ। ਰੀਪਬਲਿਕ ਦੀ ਸੁਪ੍ਰੀਮ ਸੋਵੀਅਟ ਇਸ ਵਿਧਾਨ ਨੂੰ ਪਰਵਾਨ ਕਰਦੀ ਹੈ ਤੇ ਉਹੋ ਇਸ ਵਿਚ ਤਰਮੀਮ ਕਰ ਸਕਦੀ ਹੈ। ਇਹ ਵਿਧਾਨ ਉਸ ਖਾਸ ਦੇਸ (ਰੀਪਬਲਿਕ) ਦੀਆਂ ਖਾਸ ਕੌਮੀ, ਆਰਥਕ ਤੇ ਸਭਿਆਚਾਰਕ ਵਿਸ਼ੇਸ਼ਤਾਈਆਂ ਦਾ ਅਕਸ ਹੁੰਦਾ ਹੈ।

ਹਰ ਇਕ ਯੂਨੀਅਨ ਰੀਪਬਲਿਕ ਦੀ ਰਿਆਸਤੀ ਸ਼ਕਤੀ ਤੇ ਰਿਆਸਤੀ ਪ੍ਰਬੰਧ ਦੇ ਆਪਣੇ ਅੰਗ ਹੁੰਦੇ ਹਨ, ਜਿਨ੍ਹਾਂ ਨੂੰ ਰੀਪਬਲਿਕ ਦੇ ਇਲਾਕੇ ਵਿਚ ਕਾਨੂੰਨ ਬਨਾਣ, ਕਾਨੂੰਨ ਲਾਗੂ ਕਰਨ ਤੇ ਰਾਜ ਪ੍ਰਬੰਧ ਕਰਨ ਦੇ ਪੂਰੇ ਅਧਿਕਾਰ ਹੁੰਦੇ ਹਨ। ਹਰ ਇਕ ਯੂਨੀਅਨ ਰੀਪਬਲਿਕ ਦੇ ਆਪਣੇ ਕਾਨੂੰਨ ਹੁੰਦੇ ਹਨ, ਜਿਨ੍ਹਾਂ ਨੂੰ ਉਸ ਰੀਪਬਲਿਕ ਦੀ ਸਭ ਤੋਂ ਉਚੀ ਰਿਆਸਤੀ ਸ਼ਕਤੀ ਅਰਥਾਤ ਸੁਪ੍ਰੀਮ ਸੋਵੀਅਟ ਬਣਾਉਂਦੀ ਹੈ।

ਹਰ ਇਕ ਯੂਨੀਅਨ ਰੀਪਬਲਿਕ ਨੂੰ ਇਹ ਹਕ ਪ੍ਰਾਪਤ ਹੈ ਕਿ ਜੇ ਚਾਹੇ ਤਾਂ ਉਹ ਪੂਰੀ ਆਜ਼ਾਦੀ ਨਾਲ ਸੋਵੀਅਟ ਯੂਨੀਅਨ ਤੋਂ ਵਖ ਹੋ ਸਕਦੀ ਹੈ।

ਸੋਵੀਅਟ ਯੂਨੀਅਨ ਵਿਚ ਸ਼ਾਮਲ ਹੋਣ ਪਿਛੋਂ ਵੀ ਹਰ ਇਕ ਯੂਨੀਅਨ ਰੀਪਬਲਿਕ ਨੂੰ ਆਪਣੇ ਇਲਾਕੇ ਤੇ ਪੂਰਾ ਅਧਿਕਾਰ ਪ੍ਰਾਪਤ ਹੁੰਦਾ ਹੈ। ਉਹਦੀ ਪਰਵਾਨਗੀ ਬਿਨਾਂ ਉਸਦੀਆਂ ਹੱਦਾਂ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਕੀਤੀ ਜਾ ਸਕਦੀ। ਵਖ ਵਖ ਯੂਨੀਅਨ ਰੀਪਬਲਿਕਾਂ ਵਿਚਕਾਰਲੀਆਂ ਹੱਦਾਂ ਨੂੰ ਤਬਦੀਲ ਕਰਨ ਲਈ ਸੋਵੀਅਟ ਯੂਨੀਅਨ ਦੀ ਸਭ ਤੋਂ ਉਚੀ ਰਿਆਸਤੀ ਸ਼ਕਤੀ ਅਰਥਾਤ ਸੁਪ੍ਰੀਮ ਸੋਵੀਅਟ ਦੀ ਮਨਜ਼ੂਰੀ ਲੈਣੀ ਪੈਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਯੂਨੀਅਨ ਰੀਪਬਲਿਕ ਨੂੰ ਇਹ ਹਕ ਹੈ ਕਿ ਉਹ ਬਾਹਰਲੇ ਦੇਸਾਂ ਨਾਲ ਸਿਧਾ ਸੰਬੰਧ ਕਾਇਮ ਕਰ ਸਕੇ, ਉਨ੍ਹਾਂ ਨਾਲ ਸਮਝੌਤਾ ਕਰ ਸਕੇ, ਉਥੇ ਆਪਣੇ ਸਫੀਰ ਭੇਜ ਸਕੇ ਤੇ ਉਥੋਂ ਦੇ ਸਫ਼ੀਰ ਬੁਲਾ ਸਕੇ। ਯੂਕਰੇਨੀ ਯੂਨੀਅਨ ਰੀਪਬਲਿਕ ਤੇ ਬਾਇਲੋਰੂਸੀ ਯੂਨੀਅਨ ਰੀਪਬਲਿਕ ਯੂ-ਐਨ-ਓ ਦੀਆਂ ਮੈਂਬਰ ਹਨ।

ਸੋਵੀਅਟ ਯੂਨੀਅਨ ਦੇ ਵਿਧਾਨ ਵਿਚ ਸੋਵੀਅਟ ਯੂਨੀਅਨ ਦੀ ਸਰਕਾਰ ਤੇ ਇਹ ਜ਼ੁਮੇਵਾਰੀ ਪਾਈ ਗਈ ਹੈ ਕਿ ਉਹ ਯੂਨੀਅਨ ਰੀਪਬਲਿਕਾਂ ਦੇ ਕੁਲ ਮੁਖਤਾਰੀ ਦੇ ਹਕਾਂ ਦੀ ਤੇ ਉਨ੍ਹਾਂ ਦੀ ਆਜ਼ਾਦੀ ਤੇ ਸਵਤੰਤਰਤਾ ਦੀ ਰਖਿਆ ਕਰੇ ਅਤੇ ਸੋਵੀਅਟ ਸਰਕਾਰ ਬੜੀ ਦ੍ਰਿੜ੍ਹਤਾ ਨਾਲ ਇਸ ਫ਼ਰਜ਼ ਨੂੰ ਨਿਭਾਂਦੀ ਹੈ। ਜਦੋਂ ਦੇਸ ਤੇ ਫਾਸ਼ਿਸਟ ਜਰਮਨੀ ਨੇ ਹਮਲਾ ਕੀਤਾ ਤਾਂ ਫੈਡਰਲ ਸਰਕਾਰ ਨੇ ਦੁਸ਼ਮਣ ਦੇ ਖਿਲਾਫ਼ ਇਕ ਜ਼ਬਰਦਸਤ ਤੇ ਜੇਤੂ ਸੰਗਰਾਮ ਜਥੇਬੰਦ ਕੀਤਾ, ਸਾਰਾ ਸੋਵੀਅਟ ਯੂਨੀਅਨ ਜ਼ਾਲਮ ਹਮਲਾਵਰਾਂ ਵਿਰੁਧ ਉਠ ਖਲੋਤਾ।

ਸੋਵੀਅਟ ਯੂਨੀਅਨ ਵਿਚ ਤਾਕਤ ਦੇ ਸਭ ਤੋਂ ਉਚੇ ਅੰਗ ਅਰਥਾਤ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਵਿਚ ਹਰ ਇਕ ਯੂਨੀਅਨ ਰੀਪਬਲਿਕ ਨੂੰ ਸਮਾਨਤਾ ਦੇ ਆਧਾਰ ਤੇ ਵਿਸ਼ਾਲ ਪੈਮਾਨੇ ਤੇ ਸ਼ਾਮਲ ਹੋਣ ਦੀ ਗਾਰੰਟੀ ਹੁੰਦੀ ਹੈ। ਹਰ ਇਕ ਯੂਨੀਅਨ ਰੀਪਬਲਿਕ ਆਪਣੀ ਜਨ-ਸੰਖਿਆ ਦੇ ਤਨਾਸਬ ਨਾਲ ਯੂਨੀਅਨ ਦੀ ਸੋਵੀਅਟ ਲਈ ਬਰਾਬਰੀ ਦੇ ਆਧਾਰ ਤੇ ਪ੍ਰਤੀਨਿਧ ਚੁਣਦੀ ਹੈ, ਅਤੇ ਜਨ-ਸੰਖਿਆ ਦਾ ਕੋਈ ਧਿਆਨ ਨਾ ਰਖਦਿਆਂ ਹਰ ਇਕ ਯੂਨੀਅਨ ਰੀਪਰਲਿਕ ਕੌਮੀਅਤਾਂ ਦੀ ਸੋਵੀਅਟ ਵਿਚ ੨੫ ਡਿਪਟੀ ਭੇਜਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ. ਖ਼ੁਦਮੁਖ਼ਤਾਰ ਸੋਵੀਅਟ ਰੀਪਬਲਿਕਾਂ, ਖ਼ੁਦਮੁਖ਼ਤਾਰ ਇਲਾਕੇ ਤੇ ਕੌਮੀ ਇਲਾਕੇ ਕੀ ਹਨ ?

ਸਭ ਯੂਨੀਅਨ ਰੀਪਬਲਿਕਾਂ ਵਿਚ ਉਸ ਕੌਮ ਤੋਂ ਬਿਨਾਂ ਜਿਸ ਦੇ ਨਾਂ ਤੇ ਕਿ ਰੀਪਬਲਿਕ ਦਾ ਨਾਂ ਪਿਆ ਹੈ, ਦੂਜੀਆਂ ਕੌਮਾਂ ਵੀ ਆਬਾਦ ਹਨ । ਇਹ ਦੂਜੀਆਂ ਕੌਮਾਂ ਰੀਪਬਲਿਕ ਦੀ ਲੋਕ-ਗਿਣਤੀ ਦੀ ਘਟ-ਗਿਣਤੀ ਹਨ ਅਤੇ ਆਪਣੇ ਖ਼ਾਸ ਕੌਮੀ ਗੁਣ ਰਖਦੀਆਂ ਹਨ । ਇਹ ਘਟ ਗਿਣਤੀ ਕੌਮਾਂ ਜੇ ਚਾਹੁਣ ਤਾਂ ਖ਼ੁਦਮੁਖ਼ਤਾਰ ਸੋਵੀਅਟ ਰੀਪਬਲਿਕਾਂ ਬਣਾਉਂਦੀਆਂ ਹਨ ।

ਖ਼ੁਦਮੁਖ਼ਤਾਰ ਰੀਪਬਲਿਕ ਮਜ਼ਦੂਰਾਂ ਤੇ ਕਿਸਾਨਾਂ ਦੀ ਸੋਵੀਅਟ ਸੋਸ਼ਲਿਸਟ ਸਟੇਟ ਹੈ ਜੋ ਕਿਸੇ ਖ਼ਾਸ ਯੂਨੀਅਨ ਰੀਪਬਲਿਕ ਦਾ ਅਤੇ ਇਸ ਦੁਆਰਾ ਸੋਵੀਅਟ ਯੂਨੀਅਨ ਦਾ ਇਕ ਅੰਗ ਹੁੰਦੀ ਹੈ ।

ਰੂਸੀ ਸੋਵੀਅਟ ਫ਼ੈਡਰੇਟਿਵ ਸੋਸ਼ਲਿਸਟ ਰੀਪਬਲਿਕ ਦੀਆਂ ਸਰਹੱਦਾਂ ਵਿਚ ਤਾਤਾਰ, ਬਸ਼ਕੀਰ, ਦਾਗਸਤਾਨੀ, ਬੁਰਯਾਤ-ਮੰਗੋਲੀਆ, ਕਾਬਰਦਿਨਆਈ, ਕੋਮੀ, ਮਾਰੀ, ਮੋਰਦੋਵੀ, ਉਤਰੀ ਓਸੈਤੀ, ਉਦਮੁਰਤ, ਚੁਵਾਸ਼ ਤੇ ਯਾਕੂਤ ਖ਼ੁਦਮੁਖ਼ਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕਾਂ ਹਨ । ਜਾਰਜੀਅਨ ਸੋਵੀਅਟ ਸੋਸ਼ਲਿਸਟ ਰੀਪਬਲਿਕ ਵਿਚ ਅਬਖਾਜ਼ੀ ਤੇ ਅਦਜਾਰ ਖ਼ੁਦ-ਮੁਖ਼ਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕਾਂ ਸ਼ਾਮਲ ਹਨ ।

ਆਜ਼ਰਬਾਈਜਾਨ ਸੋਵੀਅਟ ਸੋਸ਼ਲਿਸਟ ਰੀਪਬਲਿਕ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨਖੀਚੇਵਾਨ ਖ਼ੁਦਮੁਖ਼ਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕ ਸ਼ਾਮਲ ਹੈ।

ਉਜ਼ਬਕ ਸੋਵੀਅਟ ਸੋਸ਼ਲਿਸਟ ਰੀਪਬਲਿਕ ਵਿਚ ਕਾਰਾਕਲਪਾਕ ਖ਼ੁਦਮੁਖ਼ਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕ ਸ਼ਾਮਲ ਹੈ।

ਖ਼ੁਦਮੁਖ਼ਤਾਰ ਰੀਪਬਲਿਕ ਦੇ ਰਾਜ ਅਧਿਕਾਰ ਕੀ ਹਨ ?

ਇਕ ਖ਼ੁਦਮੁਖ਼ਤਾਰ ਰੀਪਬਲਿਕ ਆਪਣੇ ਇਲਾਕੇ ਵਿਚ ਖ਼ੁਦਮੁਖ਼ਤਾਰੀ ਦੇ ਆਧਾਰ ਤੇ ਆਪਣੇ ਰਾਜ ਅਧਿਕਾਰ ਵਰਤਦੀ ਹੈ, ਇਸ ਦਾ ਇਹ ਅਰਥ ਹੈ ਕਿ ਉਸ ਰੀਪਬਲਿਕ ਦੇ ਲੋਕਾਂ ਨੂੰ ਆਪਣੇ ਘਰੋਗੀ ਮਾਮਲਿਆਂ ਵਿਚ ਸ੍ਵੈ-ਰਾਜ (ਸੈਲਫ਼ ਗੌਰਮਿੰਟ) ਦਾ ਹੱਕ ਪ੍ਰਾਪਤ ਹੈ । ਇਕ ਖ਼ੁਦਮੁਖ਼ਤਾਰ ਰੀਪਬਲਿਕ ਦੇ ਰਾਜ (ਸਟੇਟ) ਦੇ ਅਦਾਰੇ ਤੇ ਸੰਸਥਾਵਾਂ ਉਸ ਰੀਪਬਲਿਕ ਦੇ ਲੋਕਾਂ ਦੀ ਜ਼ਬਾਨ ਵਿਚ ਆਪਣਾ ਕੰਮ ਚਲਾਉਂਦੀਆਂ ਹਨ।

ਹਰ ਇਕ ਖ਼ੁਦਮੁਖ਼ਤਾਰ ਰੀਪਬਲਿਕ ਦਾ ਆਪਣਾ ਵਿਧਾਨ ਹੁੰਦਾ ਹੈ, ਜਿਹੜਾ ਉਸ ਰੀਪਬਲਿਕ ਦੇ ਖ਼ਾਸ ਕੌਮੀ ਰੂਪਾਂ ਦਾ ਧਿਆਨ ਰਖ ਕੇ ਬਣਾਇਆ ਗਿਆ ਹੁੰਦਾ ਹੈ । ਇਹ ਵਿਧਾਨ ਸੋਵੀਅਟ ਯੂਨੀਅਨ ਦੇ ਵਿਧਾਨ ਅਤੇ ਉਸ ਯੂਨੀਅਨ ਰੀਪਬਲਿਕ ਦੇ, ਜਿਸ ਦਾ ਉਹ ਅੰਗ ਹੁੰਦੀ ਹੈ, ਵਿਧਾਨ ਦੇ ਅਨੁਕੂਲ ਹੁੰਦਾ ਹੈ।

ਖ਼ੁਦਮੁਖ਼ਤਾਰ ਰੀਪਬਲਿਕ ਆਪਣੇ ਕਾਨੂੰਨ ਆਪ ਬਣਾਉਂਦੀ ਹੈ, ਜਿਨ੍ਹਾਂ ਦੀ ਤਾਮੀਲ ਕਰਨਾ ਉਸ ਹੇਠਲੇ ਇਲਾਕੇ ਲਈ ਲਾਜ਼ਮੀ ਹੁੰਦਾ ਹੈ । ਸੋਵੀਅਟ ਯੂਨੀਅਨ ਦੇ ਕਾਨੂੰਨ ਅਤੇ ਉਸ ਯੂਨੀਅਨ ਰੀਪਬਲਿਕ ਦੇ ਕਾਨੂੰਨ ਵੀ ਜਿਸ ਦਾ ਕਿ ਖ਼ੁਦਮੁਖ਼ਤਾਰ ਰੀਪਬਲਿਕ ਇਕ ਅੰਗ ਹੁੰਦੀ ਹੈ, ਖ਼ੁਦਮੁਖ਼ਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੀਪਬਲਿਕ ਦੇ ਇਲਾਕੇ ਤੇ ਲਾਗੂ ਹੁੰਦੇ ਹਨ।

ਖ਼ੁਦਮੁਖ਼ਤਾਰ ਰੀਪਬਲਿਕਾਂ ਦੀਆਂ ਸਰਹੱਦਾਂ ਦੀ ਸਥਾਪਨਾ ਸਬੰਧਤ ਯੂਨੀਅਨ ਰੀਪਬਲਿਕ ਦੀ ਸੁਪ੍ਰੀਮ ਸੋਵੀਅਟ ਕਰਦੀ ਹੈ।

ਖ਼ੁਦਮੁਖ਼ਤਾਰ ਰੀਪਬਲਿਕਾਂ ਦੇ ਆਪਣੇ ਉਚੇਰੇ ਕਾਨੂੰਨ ਘੜਨੇ ਅਦਾਰੇ (ਸੁਪ੍ਰੀਮ ਸੋਵੀਅਟਾਂ) ਅਤੇ ਉਚੇਰੇ ਕਾਰਜ-ਸਾਧਕ ਤੇ ਪ੍ਰਬੰਧਕ ਅੰਗ (ਮੰਤ੍ਰੀਆਂ ਦੀਆਂ ਕੌਂਸਲਾਂ) ਹੁੰਦੇ ਹਨ। ਖ਼ੁਦਮੁਖ਼ਤਾਰ ਰੀਪਬਲਿਕਾਂ ਨੂੰ ਸੋਵੀਅਟ ਯੂਨੀਅਨ ਦੀ ਰਾਜ-ਸ਼ਕਤੀ ਦੇ ਸਭ ਤੋਂ ਉਚੇ ਅਦਾਰਿਆਂ ਤੇ ਯੂਨੀਅਨ ਰੀਪਬਲਿਕ ਦੇ, ਜਿਸ ਦਾ ਉਹ ਭਾਗ ਹੁੰਦੀਆਂ ਹਨ, ਸਭ ਤੋਂ ਉਚੇ ਅਦਾਰਿਆਂ ਵਿਚ ਹਿੱਸਾ ਲੈਣ ਦਾ ਪੂਰਾ ਹੱਕ ਪ੍ਰਾਪਤ ਹੈ। ਹਰ ਇਕ ਖ਼ੁਦਮੁਖ਼ਤਾਰ ਰੀਪਬਲਿਕ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੀ ਕੌਮੀਅਤਾਂ ਦੀ ਸਭਾ ਲਈ ਸਿੱਧੇ ਰੂਪ ਵਿਚ ਡਿਪਟੀ ਚੁਣ ਕੇ ਭੇਜਦੀ ਹੈ, ਅਤੇ ਕੌਮੀਅਤਾਂ ਦੀ ਸਭਾ ਵਿਚ ਭੇਜੇ ਜਾਣ ਵਾਲੇ ਯੂਨੀਅਨ ਰੀਪਬਲਿਕ ਦੇ ਡਿਪਟੀਆਂ ਦੀ ਚੋਣ ਵਿਚ ਵੀ ਹਿੱਸਾ ਲੈਂਦੀ ਹੈ।

ਸੋਵੀਅਟ ਕੌਮਾਂ ਦੀ ਕੌਮੀ ਰਿਆਸਤੀ ਬਣਤਰ ਦੀ ਇਕ ਸ਼ਕਲ ਖ਼ੁਦਮੁਖ਼ਤਾਰ ਇਲਾਕਾ ਹੈ ਜਿਹੜਾ ਕਿ ਆਪਣੀ ਕੌਮੀ ਆਬਾਦੀ ਸਦਕਾ ਸਾਧਾਰਨ ਇਲਾਕਿਆਂ ਤੋਂ ਵੱਖਰਾ ਹੁੰਦਾ ਹੈ।

ਰੂਸੀ ਸੋਵੀਅਟ ਫ਼ੈਡਰੇਟਿਵ ਸੋਸ਼ਲਿਸਟ ਰੀਪਬਲਿਕ ਵਿਚ ਅਦਗੀ, ਗੋਰਨੋ-ਅਲਤਾਈ, ਜਿਊਇਸ਼, ਤੂਟਾ, ਖਾਕਾਸ ਤੇ ਚੈਰਕੈਸ ਖ਼ੁਦਮੁਖ਼ਤਾਰ ਇਲਾਕੇ ਸ਼ਾਮਲ ਹਨ।

ਆਜ਼ਰਬਾਈਜਾਨ ਸੋਵੀਅਟ ਸੋਸ਼ਲਿਸਟ ਰੀਪਬਲਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨਗੋਰਨੋ—ਕਾਰਾਬਾਖ ਖ਼ੁਦਮੁਖ਼ਤਾਰ ਇਲਾਕਾ, ਜਾਰਜ਼ੀਅਨ ਸੋਵੀਅਟ ਸੋਸ਼ਲਿਸਟ ਰੀਪਬਲਿਕ ਵਿਚ ਦਖਣੀ ਓਸੀਤੀਅਨ ਖ਼ੁਦਮੁਖ਼ਤਾਰ ਇਲਾਕਾ, ਅਤੇ ਤਾਜਿਕਸਤਾਨ ਸੋਵੀਅਟ ਸੋਸ਼ਲਿਸਟ ਰੀਪਬਲਿਕ ਵਿਚ ਗੋਰਨੋ-ਬਦਖਸ਼ਾਂ ਖ਼ੁਦਮੁਖ਼ਤਾਰ ਇਲਾਕਾ ਸ਼ਾਮਲ ਹੈ।

ਖ਼ੁਦਮੁਖ਼ਤਾਰ ਇਲਾਕਿਆਂ ਨੂੰ ਸਾਧਾਰਨ ਪ੍ਰਬੰਧਕ ਇਲਾਕਿਆਂ ਤੋਂ ਵਧ ਅਧਿਕਾਰ ਪ੍ਰਾਪਤ ਹਨ। ਉਹ ਇਸ ਗਲ ਦਾ ਫ਼ੈਸਲਾ ਕਰਦੇ ਹਨ ਕਿ ਰਿਆਸਤੀ ਕਾਰਜਾਂ ਲਈ ਸਕੂਲਾਂ ਵਿਚ ਪੜ੍ਹਾਈ ਲਈ ਕਿਹੜੀ ਜ਼ਬਾਨ ਦੀ ਵਰਤੋਂ ਕਰਨੀ ਹੈ, ਅਤੇ ਉਹ ਸੋਵੀਅਟ ਯੂਨੀਅਨ ਦੀ ਕੌਮੀਅਤਾਂ ਦੀ ਸੋਵੀਅਟ ਲਈ ਸਿਧੇ ਰੂਪ ਵਿਚ ਡਿਪਟੀ ਚੁਣਦੇ ਹਨ।

ਇਕ ਖ਼ੁਦਮੁਖ਼ਤਾਰ ਇਲਾਕੇ ਦੇ ਮਿਹਨਤਕਸ਼ ਲੋਕਾਂ ਦੀ ਸੋਵੀਅਟ "ਖ਼ੁਦਮੁਖ਼ਤਾਰ ਇਲਾਕੇ ਦੇ ਕਾਨੂੰਨ" ਪਰਵਾਨ ਕਰਦੀ ਹੈ ਜਿਨ੍ਹਾਂ ਨੂੰ ਤਿਆਰ ਕਰਨ ਵੇਲੇ ਇਲਾਕੇ ਦੇ ਵਿਸ਼ੇਸ਼ ਕੌਮੀ ਰੂਪਾਂ ਦਾ ਧਿਆਨ ਰਖਿਆ ਜਾਂਦਾ ਹੈ। ਇਹ ਕਾਨੂੰਨ ਯੂਨੀਅਨ ਰੀਪਬਲਿਕ ਦੀ, ਜਿਸ ਦਾ ਇਹ ਇਲਾਕਾ ਇਕ ਭਾਗ ਹੁੰਦਾ ਹੈ, ਸੁਪ੍ਰੀਮ ਸੋਵੀਅਟ ਤੋਂ ਮਨਜ਼ੂਰ ਕਰਵਾਏ ਜਾਂਦੇ ਹਨ।

ਉਹ ਕੌਮੀਅਤਾਂ ਜਿਨ੍ਹਾਂ ਦੀ ਗਿਣਤੀ ਥੋੜ੍ਹੀ ਹੁੰਦੀ ਹੈ ਕੌਮੀ ਇਲਾਕੇ ਬਣਾਉਂਦੀਆਂ ਹਨ। ਅਜਿਹੇ ਕੌਮੀ ਇਲਾਕੇ ਸੋਵੀਅਟ ਯੂਨੀਅਨ ਵਿਚ ਦੱਸ ਹਨ, ਅਤੇ ਇਹ ਰੂਸੀ ਸੋਵੀਅਟ ਫ਼ੈਡਰੇਟਿਵ ਸੋਸ਼ਲਿਸਟ ਰੀਪਬਲਿਕ ਦੇ ਇਕ ਜਾਂ ਦੂਜੇ ਇਲਾਕੇ ਦਾ ਅਨਿਖੜਵਾਂ ਅੰਗ ਹਨ—ਇਹ ਬਹੁਤਾ ਕਰ ਕੇ ਧੁਰ ਉਤਰ ਵਿਚ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੌਮੀ ਇਲਾਕਿਆਂ ਦੇ ਰਾਜ-ਸ਼ਕਤੀ ਦੇ ਆਪਣੇ ਅਦਾਰੇ ਹਨ–ਕੌਮੀ ਇਲਾਕਿਆਂ ਦੇ ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦੀਆਂ ਸੋਵੀਅਟਾਂ ਅਤੇ ਇਹ ਸੋਵੀਅਟ ਯੂਨੀਅਨ ਦੀ ਕੌਮੀਅਤਾਂ ਦੀ ਸੋਵੀਅਟ ਲਈ ਸਿਧੇ ਰੂਪ ਵਿਚ ਆਪਣੇ ਡਿਪਟੀ ਚੁਣ ਕੇ ਭੇਜਦੇ ਹਨ।

ਰਿਆਸਤੀ ਬਣਤਰ ਦੀਆਂ ਇਹ ਸਭ ਸ਼ਕਲਾਂ–ਯੂਨੀਅਨ ਰੀਪਬਲਕ, ਖੁਦਮੁਖਤਾਰ ਰੀਪਬਲਕ, ਖੁਦਮੁਖਤਾਰ ਇਲਾਕਾ, ਕੌਮੀ ਇਲਾਕਾ–ਇਹ ਗਲ ਸੰਭਵ ਬਣਾਂਦੀਆਂ ਹਨ ਕਿ ਵਿਸ਼ਾਲ ਬਹੁ-ਕੌਮੀ ਸੋਸ਼ਲਿਸਟ ਸਟੇਟ ਭਾਵ ਸੋਵੀਅਟ ਯੂਨੀਅਨ ਵਿਚ ਵਸ ਰਹੀਆਂ ਵਖ ਵਖ ਕੌਮਾਂ ਦੀਆਂ ਲੋੜਾਂ ਦਾ ਚੰਗੀ ਤਰ੍ਹਾਂ ਧਿਆਨ ਰਖਿਆ ਜਾ ਸਕੇ। ਇਹ ਸ਼ਕਲਾਂ ਸੋਵੀਅਟ ਕੌਮਾਂ ਦੀ ਆਰਥਕ ਤੇ ਸਭਿਆਚਾਰਕ ਉੱਨਤੀ ਤੇ ਵਿਕਾਸ ਵਿਚ ਇਕ ਮਹੱਤਵ-ਪੂਰਨ ਹਿਸਾ ਪਾਉਂਦੀਆਂ ਹਨ।

੬. ਸੋਵੀਅਟਾਂ ਦੀ ਚੋਣ ਕਿਵੇਂ ਹੁੰਦੀ ਹੈ ?

ਕੁਲ ਸੋਵੀਅਟਾਂ–ਪਿੰਡ ਦੀ ਸੋਵੀਅਟ ਤੋਂ ਲੈ ਕੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਤਕ–ਦੇ ਡਿਪਟੀਆਂ ਦੀ ਚੋਣ ਗੁਪਤ-ਵੋਟ ਰਾਹੀਂ ਸਰਬ ਵਿਆਪਕ ਬਰਾਬਰ ਤੇ ਸਿਧੇ ਵੋਟ ਦੇ ਹੱਕ ਦੇ ਆਧਾਰ ਤੇ ਹੁੰਦੀ ਹੈ।

ਸੋਵੀਅਟ ਯੂਨੀਅਨ ਵਿਚ ਚੋਣਾਂ ਸਰਬ ਵਿਆਪਕ ਹੁੰਦੀਆਂ ਹਨ, ਕਿਉਂਕਿ ਸਭ ਸ਼ਹਿਰੀਆਂ ਨੂੰ ਜਿਹੜੇ ਅਠਾਰਾਂ ਵਰ੍ਹੇ ਦੀ ਉਮਰ ਦੇ ਹੋ ਜਾਂਦੇ ਹਨ, ਲਿੰਗ-ਵਿਤਕਰੇ, ਸਮਾਜਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈਸੀਅਤ, ਜਾਇਦਾਦ, ਪਿਛਲੀਆਂ ਸਰਗਰਮੀਆਂ, ਨਸਲ ਜਾਂ ਕੌਮੀਅਤ ਦੇ ਕਿਸੇ ਪਖ ਪਾਤ ਤੋਂ ਬਿਨਾਂ ਇਨ੍ਹਾਂ ਚੋਣਾਂ ਵਿਚ ਹਿਸਾ ਲੈਣ ਦਾ ਹਕ ਹੈ। ਸੋਵੀਅਟ ਸ਼ਹਿਰੀ ਨੂੰ ਸਭ ਚੋਣਾਂ ਵਿਚ ਹਿਸਾ ਲੈਣ ਦਾ ਹਕ ਹੈ ਭਾਵੇਂ ਉਹ ਉਸ ਇਲਾਕੇ ਵਿਚ ''ਰਿਹਾਇਸ਼ ਰਖਣ ਵਾਲਾ'' ਹੋਵੇ ਜਾਂ ''ਰਿਹਾਇਸ਼ ਨਾ ਰਖਣ ਵਾਲਾ'' ਹੋਵੇ, ਭਾਵੇਂ ਉਹ ਕਿਸੇ ਮਜ਼ਹਬ ਨੂੰ ਮੰਨਦਾ ਹੋਵੇ ਭਾਵੇਂ ਨਾ ਮੰਨਦਾ ਹੋਵੇ।

ਫ਼ੌਜੀਆਂ ਨੂੰ ਵੀ ਉਹੋ ਚੋਣ-ਹਕ ਪ੍ਰਾਪਤ ਹਨ ਜਿਹੜੇ ਦੂਜੇ ਸ਼ਹਿਰੀਆਂ ਨੂੰ ਪ੍ਰਾਪਤ ਹਨ।

ਜਿਨ੍ਹਾਂ ਲੋਕਾਂ ਨੂੰ ਅਦਾਲਤ ਵਲੋਂ ਸਜ਼ਾ ਮਿਲੀ ਹੋਵੇ ਤੇ ਇਸ ਸਜ਼ਾ ਵਿਚ ਚੋਣ-ਅਧਿਕਾਰ ਦਾ ਖੋਹ ਲੈਣਾ ਸ਼ਾਮਲ ਹੋਵੇ, ਉਨ੍ਹਾਂ ਨੂੰ ਅਦਾਲਤ ਵਲੋਂ ਦਿਤੀ ਸਜ਼ਾ ਵਿਚ ਮੁਕਰਰ ਕੀਤੇ ਸਮੇਂ ਵਿਚ ਨਾ ਤਾਂ ਵੋਟ ਦੇਣ ਦਾ ਹਕ ਹੀ ਹੁੰਦਾ ਹੈ ਤੇ ਨਾ ਚੋਣ ਵਿਚ ਉਮੀਦਵਾਰ ਦੇ ਤੌਰ ਤੇ ਖੜਾ ਹੋਣ ਦਾ। ਇਸ ਤੋਂ ਬਿਨਾਂ, ਪਾਗ਼ਲਾਂ ਨੂੰ ਵੋਟ ਦੇਣ ਤੇ ਉਮੀਦਵਾਰ ਖੜਾ ਹੋਣ ਦਾ ਹਕ ਨਹੀਂ ਹੁੰਦਾ।

ਡਿਪਟੀਆਂ ਦੀਆਂ ਚੋਣਾਂ ਬਰਾਬਰ ਹੁੰਦੀਆਂ ਹਨ ਕਿਉਂ ਜੁ ਹਰ ਇਕ ਸ਼ਹਿਰੀ ਨੂੰ ਇਕ ਵੋਟ ਦੇਣ ਦਾ ਅਧਿਕਾਰ ਹੈ ਤੇ ਸਾਰੇ ਸ਼ਹਿਰੀ ਬਰਾਬਰੀ ਦੇ ਆਧਾਰ ਤੇ ਚੋਣ ਵਿਚ ਹਿੱਸਾ ਲੈਂਦੇ ਹਨ।

ਚੋਣਾਂ ਸਿੱਧੀਆਂ ਹੁੰਦੀਆਂ ਹਨ। ਸਭਨਾਂ ਸੋਵੀਅਟਾਂ ਦੇ ਡਿਪਟੀ, ਸਣੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਡਿਪਟੀਆਂ ਦੇ, ਡੈਲੀਗੇਟਾਂ ਦੁਆਰਾ ਨਹੀਂ ਸਗੋਂ ਖ਼ੁਦ ਵੋਟਰਾਂ ਦੁਆਰਾ ਚੁਣੇ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਰ ਉਹ ਸ਼ਹਿਰੀ ਜਿਸ ਦੀ ਉਮਰ ੨੩ ਵਰ੍ਹੇ ਦੀ ਹੋ ਚੁਕੀ ਹੋਵੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦਾ ਡਿਪਟੀ ਚੁਣੇ ਜਾਣ ਦਾ ਹਕ ਰਖਦਾ ਹੈ । ਹਰ ਉਹ ਸ਼ਹਿਰੀ ਜਿਸ ਦੀ ਉਮਰ ੨੧ ਵਰ੍ਹੇ ਦੀ ਹੋ ਚੁਕੀ ਹੋਵੇ ਯੂਨੀਅਨ ਰੀਪਬਲਕ ਜਾਂ ਖੁਦਮੁਖਤਾਰ ਰੀਪਬਲਕ ਦੀ ਸੁਪ੍ਰੀਮ ਸੋਵੀਅਟ ਦਾ ਡਿਪਟੀ ਚੁਣਿਆ ਜਾ ਸਕਦਾ ਹੈ । ਹਰ ਉਹ ਸ਼ਹਿਰੀ ਜਿਸ ਦੀ ਉਮਰ ੧੯ ਵਰ੍ਹੇ ਦੀ ਹੋ ਚੁਕੀ ਹੋਵੇ ਸਥਾਨਕ ਸੋਵੀਅਟ ਦਾ ਡਿਪਟੀ ਚੁਣਿਆ ਜਾ ਸਕਦਾ ਹੈ ।

ਚੋਣਾਂ ਗੁਪਤ ਵੋਟ ਦੁਆਰਾ ਹੁੰਦੀਆਂ ਹਨ । ਵੋਟਰ ਇਕ ਅਜਿਹੀ ਖਾਸ ਤੇ ਬੰਦ ਥਾਂ ਤੇ ਜਾ ਕੇ ਆਪਣੀ ਵੋਟ ਦੀ ਪਰਚੀ ਭਰਦਾ ਹੈ ਜਿਥੇ ਕੋਈ ਦੂਜਾ ਆਦਮੀ ਨਹੀਂ ਹੁੰਦਾ ਤੇ ਇਸ ਪਰਚੀ ਨੂੰ ਉਹ ਆਪਣੇ ਹਥ ਨਾਲ ਡੱਬੇ ਵਿਚ ਪਾਉਂਦਾ ਹੈ । ਇਸ ਲਈ ਕਿਸੇ ਨੂੰ ਇਹ ਪਤਾ ਨਹੀਂ ਲਗ ਸਕਦਾ ਕਿ ਕਿਸੇ ਵੋਟਰ ਨੇ ਕੀਹਨੂੰ ਵੋਟ ਦਿਤਾ ਹੈ । ਵੋਟਿੰਗ ਪੂਰੀ ਤਰ੍ਹਾਂ ਗੁਪਤ ਹੋਣ ਦੇ ਕਾਰਨ ਇਸ ਗੱਲ ਦੀ ਗਾਰੰਟੀ ਹੋ ਜਾਂਦੀ ਹੈ ਕਿ ਲੋਕ ਆਪਣੀ ਰਾਏ ਆਪਣੀ ਆਜ਼ਾਦ ਇੱਛਾ ਅਨੁਸਾਰ ਦੇ ਸਕਣ ।

ਉਮੀਦਵਾਰ ਜਨਤਕ ਜਥੇਬੰਦੀਆਂ ਨਾਮਜ਼ਦ ਕਰਦੀਆਂ ਹਨ । ਮਜ਼ਦੂਰ ਕਾਰਖ਼ਾਨਿਆਂ ਜਾਂ ਸੰਸਥਾਵਾਂ ਵਿਚ ਕੀਤੀਆਂ ਮਜ਼ਦੂਰਾਂ ਦੀਆਂ ਆਮ ਮੀਟਿੰਗਾਂ ਵਿਚ, ਕਿਸਾਨ ਪਿੰਡਾਂ ਤੇ ਸਾਂਝੇ ਖੇਤਾਂ ਵਿਚ ਕਿਸਾਨਾਂ ਦੀਆਂ ਮੀਟਿੰਗਾਂ ਵਿਚ, ਤੇ ਫੌਜੀ ਆਪਣੇ ਦਸਤਿਆਂ ਦੀਆਂ ਮੀਟਿੰਗਾਂ ਵਿਚ ਆਪਣੇ ਆਪਣੇ ਉਮੀਦਵਾਰ ਨਾਮਜ਼ਦ ਕਰਦੇ ਹਨ ।

ਚੋਣ-ਮੀਟਿੰਗਾਂ ਵਿਚ ਕਮਿਊਨਿਸਟ ਅਤੇ ਬਿਨਾ-ਪਾਰਟੀ

CC-0. In Public Domain. Gurukul Kangri Collection, Haridwar

३०८११(१) ६२(घ)
Digitized by Arya Samaj Foundation Chennai and eGangotri

ਲੋਕ ਸਾਂਝੇ ਤੌਰ ਤੇ ਆਪਣੇ ਉਮੀਦਵਾਰ ਖੜੇ ਕਰਦੇ ਹਨ ਤੇ ਰਲ ਮਿਲ ਕੇ ਉਨ੍ਹਾਂ ਲਈ ਪ੍ਰਾਪੇਗੰਡਾ ਕਰਦੇ ਹਨ ਕਿਉਂ ਜੁ ਉਹ ਕਮਿਊਨਿਸਟਾਂ ਤੇ ਬਿਨਾਂ-ਪਾਰਟੀ ਲੋਕਾਂ ਦੋਹਾਂ ਦੇ ਹੀ ਉਮੀਦਵਾਰ ਹੁੰਦੇ ਹਨ। ਚੋਣਾਂ ਵਿਚ ਕਮਿਊਨਿਸਟਾਂ ਤੇ ਬਿਨਾ-ਪਾਰਟੀ ਲੋਕਾਂ ਦੇ ਏਕੇ ਦੀ ਨੀਂਹ ਇਹ ਹੈ ਕਿ ਸੋਵੀਅਟ ਯੂਨੀਅਨ ਵਿਚ ਕਮਿਊਨਿਸਟਾਂ ਤੇ ਬਿਨਾਂ-ਪਾਰਟੀ ਲੋਕਾਂ ਦੇ ਲਾਭ ਇਕੋ ਹਨ, ਦੋਹਾਂ ਦਾ ਉਦੇਸ਼ ਇਕ ਹੈ—ਕਮਿਊਨਿਜ਼ਮ ਦੀ ਉਸਾਰੀ ਕਰਨਾ, ਸਾਰੇ ਮਿਹਨਤਕਸ਼ ਲੋਕਾਂ ਦਾ ਉਚਾ ਜੀਵਨ-ਮਿਆਰ ਯਕੀਨੀ ਬਣਾਣਾ, ਅਤੇ ਸਭਨਾਂ ਕੌਮਾਂ ਨਾਲ ਅਮਨ ਤੇ ਮਿਤ੍ਰਤਾ ਨਾਲ ਰਹਿਣਾ।

ਆਮ ਵੋਟਰ ਚੋਣਾਂ ਨੂੰ ਜਥੇਬੰਦ ਕਰਨ ਵਿਚ ਹਿਸਾ ਲੈਂਦੇ ਹਨ ਅਤੇ ਚੋਣਾਂ ਦੇ ਪ੍ਰਬੰਧ ਤੇ ਨਿਗਰਾਨੀ ਰਖਦੇ ਹਨ। ਇਸ ਮਤਲਬ ਲਈ ਮਿਹਨਤਕਸ਼ ਲੋਕਾਂ ਦੀਆਂ ਜਨਤਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੇ ਚੋਣ-ਕਮਿਸ਼ਨ ਬਣਾਏ ਜਾਂਦੇ ਹਨ।

ਸੋਵੀਅਟ ਚੋਣਾਂ ਸੱਚੇ ਅਰਥਾਂ ਵਿਚ ਜਨਤਾ ਦੁਆਰਾ ਚੋਣਾਂ ਹੁੰਦੀਆਂ ਹਨ। ਫਰਵਰੀ ੧੯੪੬ ਵਿਚ ਦਸ ਕਰੋੜ ਦਸ ਲਖ ਵੋਟਰਾਂ ਵਿਚੋਂ ੯੯·੭ ਫ਼ੀ ਸਦੀ ਵੋਟਰਾਂ ਨੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੀਆਂ ਚੋਣਾਂ ਵਿਚ ਆਪਣੇ ਵੋਟ ਪਾਏ ਸਨ। ਮਾਰਚ ੧੯੫੦ ਵਿਚ ਗਿਆਰਾਂ ਕਰੋੜ ਦਸ ਲਖ ਵੋਟਰਾਂ ਵਿਚੋਂ ੯੯·੮ ਫ਼ੀ ਸਦੀ ਵੋਟਰਾਂ ਨੇ ਆਪਣੇ ਵੋਟ ਪਾਏ। ਮਾਰਚ ੧੯੫੪ ਵਿਚ ਬਾਰਾਂ ਕਰੋੜ ਸਤ ਲਖ ਸਤਾਈ ਹਜ਼ਾਰ ਅਠ ਸੌ ਛੱਬੀ ਵੋਟਰਾਂ ਨੇ ਜਾਂ ੯੯·੯੮ ਫ਼ੀ ਸਦੀ ਵੋਟਰਾਂ ਨੇ ਆਪਣੇ ਵੋਟ ਪਾਏ।

ਸੋਵੀਅਟ ਯੂਨੀਅਨ ਵਿਚ ਡਿਪਟੀ (ਮੈਂਬਰ) ਲੋਕਾਂ ਦਾ

पुस्तकालय
CC-0. In Public Domain. Gurukul Kangri Collection, Haridwar

गुरुकुल कांगड़ी

Digitized by Arya Samaj Foundation Chennai and eGangotri
ਸੇਵਕ ਹੁੰਦਾ ਹੈ। ਜੇ ਕੋਈ ਡਿਪਟੀ ਵੋਟਰਾਂ ਦੇ ਵਿਸ਼੍ਵਾਸ਼ ਦਾ ਪ੍ਰਾਤਰ ਨਾ ਰਹੇ ਤਾਂ ਵੋਟਰ ਉਹਨੂੰ ਜਦੋਂ ਚਾਹੁਣ ਵਾਪਸ ਬੁਲਾ ਸਕਦੇ ਹਨ।

੭. ਸਥਾਨਕ ਸੋਵੀਅਟ ਦੇ ਅਧਿਕਾਰ ਕੀ ਹਨ ?

ਪਿੰਡਾਂ, ਜ਼ਿਲਿਆਂ, ਸ਼ਹਿਰਾਂ, ਪ੍ਰਦੇਸ਼ਾਂ ਤੇ ਇਲਾਕਿਆਂ ਵਿਚ ਮਿਹਨਤਕਸ਼ ਜਨਤਾ ਦੇ ਡਿਪਟੀਆਂ ਦੀਆਂ ਸਥਾਨਕ ਸੋਵੀਅਟਾਂ ਆਪਣੇ ਆਪਣੇ ਇਲਾਕੇ ਵਿਚ ਰਾਜ-ਸ਼ਕਤੀ ਦੇ ਅਦਾਰੇ ਹੁੰਦੀਆਂ ਹਨ।

ਇਹ ਸਥਾਨਕ ਆਰਥਕ ਤੇ ਸਭਿਆਚਾਰਕ ਮੁਆਮਲਿਆਂ ਦੀ ਦੇਖ ਭਾਲ ਤੇ ਅਗਵਾਈ ਕਰਦੀਆਂ ਹਨ । ਜਨਤਕ ਅਮਨ ਅਮਾਨ ਦੀ ਰਖਿਆ ਕਰਦੀਆਂ ਹਨ । ਇਹ ਇਸ ਗਲ ਦਾ ਧਿਆਨ ਰਖਦੀਆਂ ਹਨ ਕਿ ਕਾਨੂੰਨਾਂ ਤੇ ਅਮਲ ਕੀਤਾ ਜਾਂਦਾ ਹੈ ਤੇ ਸ਼ਹਿਰੀਆਂ ਦੇ ਹਕਾਂ ਦੀ ਰਖਿਆ ਹੁੰਦੀ ਹੈ । ਇਨ੍ਹਾਂ ਦਾ ਫ਼ਰਜ਼ ਹੈ ਕਿ ਇਹ ਜਨਤਾ ਦੀਆਂ ਲੋੜਾਂ ਪੂਰੀਆਂ ਕਰਨ ਦਾ ਪ੍ਰਬੰਧ ਕਰਨ ਤੇ ਸਥਾਨਕ ਬਜਟ ਤਿਆਰ ਕਰਨ।

ਆਪਣਾ ਰੋਜ਼ਾਨਾ ਕੰਮ ਚਲਾਣ ਲਈ ਹਰ ਇਕ ਸੋਵੀਅਟ ਆਪਣੀ ਕਾਰਜ-ਸਾਧਕ (ਐਗਜ਼ੈਕਟਿਵ) ਕਮੇਟੀ ਚੁਣਦੀ ਹੈ ਜਿਹੜੀ ਉਸ ਅਗੇ ਜੁਆਬ ਦਿਹ ਹੁੰਦੀ ਹੈ। ਐਗਜ਼ੈਕਟਿਵ ਕਮੇਟੀ ਦੇ ਕਈ ਮਹਿਕਮੇ ਹੁੰਦੇ ਹਨ—ਵਿਦਿਆ, ਸਿਹਤ, ਮਿਊਨਸਪਲ ਸੇਵਾ, ਸਥਾਨਕ ਸਨਅਤ ਤੇ ਉਦਯੋਗ, ਵਪਾਰ, ਸਮਾਜਕ ਵਿਵਸਥਾ, ਖੇਤੀ ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਦੇ ਡਿਪਟੀਆਂ ਤੇ ਦੂਜੇ ਸ਼ਹਿਰੀਆਂ ਵਿਚੋਂ ਪੱਕੇ ਕਮਿਸ਼ਨ ਨਿਯਤ ਕੀਤੇ ਜਾਂਦੇ ਹਨ । ਇਹ ਸ਼ਹਿਰੀ ਸੇਵਾ-ਭਾਵ ਨਾਲ ਕੰਮ ਕਰਨ ਵਾਲੇ ਸਮਾਜੀ ਕਾਰਕੁਨ ਹੁੰਦੇ ਹਨ ਜਿਨ੍ਹਾਂ ਨੂੰ ਡਿਪਟੀ ਭਰਤੀ ਕਰਦੇ ਹਨ । ਇਹ ਕਮਿਸ਼ਨ ਵੋਟਰਾਂ ਨਾਲ ਗੂਹੜਾ ਨਾਤਾ ਰਖਦੇ ਹਨ, ਉਨ੍ਹਾਂ ਦੀਆਂ ਲੋੜਾਂ ਬਾਰੇ ਜਾਣਦੇ ਹਨ ਤੇ ਇਸ ਇਲਾਕੇ ਦੇ ਵਸਨੀਕ ਹਾਕਮਾਂ ਸਾਹਮਣੇ ਜਿਹੜੇ ਮਸਲੇ ਪੇਸ਼ ਕਰਦੇ ਹਨ ਉਨ੍ਹਾਂ ਨੂੰ ਹਲ ਕਰਨ ਵਿਚ ਇਹ ਕਮਿਸ਼ਨ ਸੋਵੀਅਟ ਦੀ ਮਦਦ ਕਰਦੇ ਹਨ ।

ਸਥਾਨਕ ਸੋਵੀਅਟਾਂ ਦੀਆਂ ਚੋਣਾਂ ਦੋ ਵਰ੍ਹੇ ਲਈ ਹੁੰਦੀਆਂ ਹਨ। ਇਹ ਚੋਣਾਂ ਆਮ ਤੌਰ ਤੇ ਰਾਜ ਦੇ ਹੇਠਲੇ ਅਦਾਰਿਆਂ ਦੇ ਕੰਮ ਦੀ ਵਿਸ਼ਾਲ ਪੜਚੋਲ ਦੇ ਸਾਧਨ ਬਣ ਜਾਂਦੀਆਂ ਹਨ । ਵੋਟਰ ਹਰ ਇਕ ਡਿਪਟੀ ਦੇ ਕੰਮ ਨੂੰ ਤੇ ਪੂਰੀ ਸੋਵੀਅਟ ਦੇ ਕੰਮ ਨੂੰ ਪਰਖਦੇ ਹਨ, ਉਨ੍ਹਾਂ ਦੀਆਂ ਤ੍ਰੁਟੀਆਂ ਦਸਦੇ ਹਨ ਤੇ ਨਵੀਂ ਚੁਣੀ ਸੋਵੀਅਟ ਨੂੰ ਆਪਣੀਆਂ ਹਦਾਇਤਾਂ ਦਿੰਦੇ ਹਨ।

ਇਨ੍ਹਾਂ ਸੋਵੀਅਟਾਂ ਦੁਆਰਾ ਆਮ ਜਨਤਾ ਨੂੰ ਰਿਆਸਤ (ਸਟੇਟ) ਦਾ ਪ੍ਰਬੰਧ ਚਲਾਣ ਦੇ ਕੰਮ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ।

੯. ਕੀ ਸੋਵੀਅਟ ਯੂਨੀਅਨ ਵਿਚ ਸ਼੍ਰੇਣੀਆਂ ਹਨ ?

ਹਾਂ ਹਨ, ਪਰ ਉਹ ਨਵੀਆਂ ਸ਼੍ਰੇਣੀਆਂ ਹਨ ਜਿਨ੍ਹਾਂ ਦੀ ਉਨ੍ਹਾਂ ਸ਼੍ਰੇਣੀਆਂ ਨਾਲ ਕੋਈ ਗਲ ਸਾਂਝੀ ਨਹੀਂ ਜਿਹੜੀਆਂ ਪੁਰਾਣੇ ਰੂਸ ਵਿਚ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੯੩੯ ਦੀ ਆਦਮ-ਗਿਣਤੀ ਅਨੁਸਾਰ ਸੋਵੀਅਟ ਯੂਨੀਅਨ ਵਿਚ ਮਜ਼ਦੂਰੀ ਤੇ ਤਨਖ਼ਾਹ ਪਾਉਣ ਵਾਲੇ ਲੋਕਾਂ ਤੇ ਉਨ੍ਹਾਂ ਦੇ ਟਬਰਾਂ ਦੇ ਲੋਕਾਂ ਦੀ ਗਿਣਤੀ ਕੁਲ ਵਸੋਂ ਦਾ ੪੯.੭ ਫ਼ੀ ਸਦੀ ਸੀ। ਸਾਂਝੀ ਖੇਤੀ ਕਰਨ ਵਾਲੇ ਕਿਸਾਨਾਂ ਤੇ ਕੋ-ਆਪ੍ਰੇਟਿਵ ਸੋਸਾਇਟੀਆਂ ਵਿਚ ਜਥੇਬੰਦ ਦਸਤਕਾਰਾਂ ਦੀ ਗਿਣਤੀ ਕੁਲ ਵਸੋਂ ਦਾ ਲਗ ਪਗ ੪੭ ਫ਼ੀ ਸਦੀ ਸੀ। ਨਿੱਜੀ ਰੂਪ ਵਿਚ ਖੇਤੀ ਕਰਨ ਵਾਲੇ ਕਿਸਾਨਾਂ ਜਾਂ ਕਿਸੇ ਨੂੰ ਮਜ਼ਦੂਰੀ ਤੇ ਰਖੇ ਬਿਨਾਂ ਨਿੱਜੀ ਰੂਪ ਵਿਚ ਕੰਮ ਕਰਨ ਵਾਲੇ ਦਸਤਕਾਰਾਂ ਤੇ ਉਨ੍ਹਾਂ ਦੇ ਟੱਬਰਾਂ ਦੀ ਗਿਣਤੀ ਕੁਲ ਵਸੋਂ ਦਾ ੨.੫ ਫ਼ੀ ਸਦੀ ਸੀ। ੦.੮ ਫ਼ੀ ਸਦੀ ਲੋਕਾਂ ਨੇ ਆਪਣੀ ਸਮਾਜਕ ਹੈਸੀਅਤ ਨਹੀਂ ਦੱਸੀ ਸੀ।

ਸਿਰਫ਼ ਇਨ੍ਹਾਂ ਅੰਕੜਿਆਂ ਤੋਂ ਹੀ ਇਸ ਗਲ ਦਾ ਕਾਫ਼ੀ ਅੰਦਾਜ਼ਾ ਲਗ ਜਾਂਦਾ ਹੈ ਕਿ ਸੋਵੀਅਟ ਯੂਨੀਅਨ ਵਿਚ ਨਾ ਲਹੂ ਚੂਸਣ ਵਾਲੀਆਂ ਸ਼੍ਰੇਣੀਆਂ ਹਨ ਤੇ ਨਾ ਹੀ ਮੁਫ਼ਤਖੋਰੇ । ਉਥੇ ਨਾ ਸਰਮਾਏਦਾਰ, ਨਾ ਜ਼ਿਮੀਂਦਾਰ ਤੇ ਨਾ ਵਡੇ ਵਡੇ ਵਪਾਰੀ ਹਨ ਤੇ ਨਾ ਪਿੰਡਾਂ ਦੇ ਲੋਕਾਂ ਦਾ ਲਹੂ ਪੀਣ ਵਾਲੇ ਕੁਲਕ (ਧਨੀ ਕਿਸਾਨ)। ਇਹ ਅੰਕੜੇ ਦਸਦੇ ਹਨ ਕਿ ਸੋਵੀਅਟ ਯੂਨੀਅਨ ਵਿਚ ਕੋਈ ਅਜੇਹੀਆਂ ਸ਼੍ਰੇਣੀਆਂ ਨਹੀਂ ਜਿਹੜੀਆਂ ਦੂਜਿਆਂ ਦੀ ਮਿਹਨਤ ਦੀ ਲੁਟ ਖਸੁਟ ਤੇ ਜਿਊਂਦੀਆਂ ਹੋਣ । ਸੋਵੀਅਟ ਯੂਨੀਅਨ ਵਿਚ ਲੁਟ ਖਸੁਟ ਕਰਨ ਵਾਲੀਆਂ ਸ਼੍ਰੇਣੀਆਂ ਨੂੰ ਬੜਾ ਚਿਰ ਪਹਿਲਾਂ ਹੀ ਮੁਕਾ ਦਿਤਾ ਗਿਆ ਸੀ।

ਸੋਵੀਅਟ ਸਮਾਜ ਵਿਚ ਦੋ ਮਿਤਰ ਸ਼੍ਰੇਣੀਆਂ ਮਜ਼ਦੂਰ ਤੇ ਕਿਰਸਾਨ ਅਤੇ ਵਿਦਵਾਨ ਲੋਕ ਹਨ । ਸੋਵੀਅਟ ਯੂਨੀਅਨ ਦੀ ਮਜ਼ਦੂਰ ਸ਼੍ਰੇਣੀ ਬਿਲਕੁਲ ਹੀ ਨਵੇਂ ਢੰਗ ਦੀ ਮਜ਼ਦੂਰ ਸ਼੍ਰੇਣੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜੀ ਲੁਟ ਖਸੁਟ ਤੋਂ ਬਿਲਕੁਲ ਛੁਟਕਾਰਾ ਪਾ ਚੁਕੀ ਹੈ। ਸਮਾਜ ਦੀ ਉੱਨਤ ਸ਼੍ਰੇਣੀ ਹੋਣ ਕਰ ਕੇ ਮਜ਼ਦੂਰ ਸ਼੍ਰੇਣੀ ਕਿਸਾਨ ਸ਼੍ਰੇਣੀ ਨਾਲ ਮਿਲ ਕੇ ਸਮਾਜ ਦੀ ਰਾਜ-ਅਗਵਾਈ (ਸਟੇਟ ਲੀਡਰ-ਸ਼ਿਪ) ਦੀ ਮਾਲਕ ਹੈ।

ਇਵੇਂ ਹੀ ਸੋਵੀਅਟ ਕਿਸਾਨ ਵੀ ਲੁਟ ਖਸੁਟ ਤੋਂ ਛੁਟਕਾਰਾ ਪਾ ਚੁਕੇ ਹਨ। ਪਹਿਲੇ ਕਿਸਾਨ ਆਪਣੇ ਛੋਟੇ ਛੋਟੇ ਖੇਤਾਂ ਤੇ ਪਛੜੇ ਢੰਗ ਦੇ ਸੰਦਾਂ ਨਾਲ ਅਡ ਅਡ ਕਾਸ਼ਤ ਕਰਦੇ ਸਨ, ਜਾਂ ਉਹ ਜ਼ਿਮੀਂਦਾਰਾਂ ਤੇ ਕੁਲਕਾਂ ਲਈ ਕੰਮ ਕਰਦੇ ਸਨ ਅਤੇ ਭੁਖ ਤੇ ਕੰਗਾਲੀ ਦਾ ਜੀਵਨ ਬਿਤਾਂਦੇ ਸਨ।

ਅਜ ਸੋਵੀਅਟ ਕਿਸਾਨ ਜ਼ਿਮੀਂਦਾਰਾਂ ਜਾਂ ਕੁਲਕਾਂ, ਵਪਾਰੀਆਂ ਜਾਂ ਸ਼ਾਹੂਕਾਰਾਂ ਤੋਂ ਬਿਨਾਂ ਹੀ ਕੰਮ ਕਰਦੇ ਹਨ। ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਖੇਤਾਂ ਨੂੰ ਸਾਂਝੀ ਖੇਤੀ ਦੀਆਂ ਸੰਸਥਾਵਾਂ (ਆਰਟਲਜ਼) ਵਿਚ ਇਕਠਾ ਕਰ ਲਿਆ ਹੈ, ਅਤੇ ਸਾਂਝੀ ਮਿਹਨਤ ਤੇ ਨਵੀਨ ਮਸ਼ੀਨਾਂ ਤੇ ਸੰਦਾਂ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਉੱਨਤ ਕਰ ਰਹੇ ਹਨ। ਸਿੱਟੇ ਵਜੋਂ ਸੋਵੀਅਟ ਕਿਰਸਾਣੀ ਬਿਲਕੁਲ ਇਕ ਨਵੀਂ ਸ਼੍ਰੇਣੀ ਹੈ ਜਿਸ ਦੀ ਮਨੁਖਾ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ।

ਵਿਦਵਾਨ ਲੋਕ, ਦਿਮਾਗ਼ੀ ਮਿਹਨਤ ਕਰਨ ਵਾਲੇ ਮਰਦ ਤੇ ਇਸਤ੍ਰੀਆਂ ਸੋਵੀਅਟ ਜਨਤਾ ਦੀ ਸੱਚੀ ਸੇਵਾ ਕਰਦੇ ਹਨ। ਇਹ ਵਿਦਵਾਨ ਮਜ਼ਦੂਰਾਂ ਤੇ ਕਿਸਾਨਾਂ ਵਿਚੋਂ ਹੀ ਜਨਮੇ ਹਨ ਤੇ ਇਨ੍ਹਾਂ ਦੀਆਂ ਜੜ੍ਹਾਂ ਪੱਕੀ ਤਰ੍ਹਾਂ ਜਨਤਾ ਵਿਚ ਜੰਮੀਆਂ ਹੋਈਆਂ ਹਨ। ਸੋਵੀਅਟ ਵਿਦਵਾਨ ਆਪਣੀ ਸਾਰੀ ਸ਼ਕਤੀ ਤੇ ਗਿਆਨ ਮਿਹਨਤਕਸ਼ ਜਨਤਾ ਦੇ ਸਾਂਝੇ ਉਦੇਸ਼ ਲਈ, ਕਮਿਊਨਿਸਟ ਸਮਾਜ ਦੀ ਉਸਾਰੀ ਲਈ ਖਰਚ ਕਰ ਰਹੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੯. ਸਾਰੇ ਸੋਵੀਅਟ ਸ਼ਹਿਰੀਆਂ ਦੀ ਬਰਾਬਰੀ ਦੇ ਕੀ ਅਰਥ ਹਨ ?

ਸੋਵੀਅਟ ਸਮਾਜ ਮਰਦਾਂ ਤੇ ਇਸਤ੍ਰੀਆਂ, ਜਾਇਦਾਦ ਵਾਲਿਆਂ ਤੇ ਬੇ ਜਾਇਦਾਦ ਲੋਕਾਂ, "ਵਸਨੀਕਾਂ" ਤੇ "ਨਾ-ਵਸਨੀਕਾਂ", ਪੜ੍ਹਿਆਂ ਹੋਇਆਂ ਤੇ ਅਨਪੜ੍ਹਾਂ, ਧਰਮੀਆਂ ਤੇ ਅਧਰਮੀਆਂ ਦੇ ਅਧਿਕਾਰਾਂ ਵਿਚ ਕਿਸੇ ਪ੍ਰਕਾਰ ਦੇ ਫ਼ਰਕ ਨੂੰ ਪਰਵਾਨ ਨਹੀਂ ਕਰਦਾ ।

ਸੋਵੀਅਟ ਸਮਾਜ ਵਿਚ ਸਭ ਸ਼ਹਿਰੀਆਂ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ । ਸਮਾਜ ਵਿਚ ਕਿਸੇ ਆਦਮੀ ਜਾਂ ਵਿਅਕਤੀ ਦੀ ਹੈਸੀਅਤ, ਉਸਦੀ ਜਾਇਦਾਦ, ਉਸਦੀ ਪੈਦਾਇਸ਼, ਜਿਨਸ ਜਾਂ ਉਹਦੀ ਪਦਵੀ ਤੋਂ ਨਹੀਂ ਸਗੋਂ ਉਸ ਦੇ ਕੰਮ ਤੇ ਉਸ ਦੀ ਯੋਗਤਾ ਦੇ ਆਧਾਰ ਤੇ ਤੈ ਹੁੰਦੀ ਹੈ ।

ਹਰ ਇਕ ਸੋਵੀਅਟ ਸ਼ਹਿਰੀ ਨੂੰ ਰੋਜ਼ੀ, ਆਰਾਮ ਤੇ ਵਿਹਲ ਵਿਦਿਆ ਦੇ ਹਕ, ਬੁਢਾਪੇ ਵਿਚ ਅਤੇ ਬੀਮਾਰੀ ਤੇ ਸਰੀਰਕ ਨਿਰਯੋਗਤਾ ਦੀ ਹਾਲਤ ਵਿਚ ਪਦਾਰਥਕ (ਮਾਦੀ) ਸੁਰਖਿਆ ਦੇ ਹੱਕਾਂ ਦੀ ਗਾਰੰਟੀ ਹੁੰਦੀ ਹੈ ।

ਕਿਸੇ ਵੀ ਕੌਮੀਅਤ ਦੇ ਸੋਵੀਅਟ ਸ਼ਹਿਰੀ ਨੂੰ ਭਾਵੇਂ ਉਹ ਮਰਦ ਹੋਵੇ ਜਾਂ ਇਸਤ੍ਰੀ ਇਸ ਗਲ ਦਾ ਹੱਕ ਹੈ ਕਿ ਉਹ ਰਿਆਸਤੀ ਸ਼ਕਤੀ ਦੇ ਕਿਸੇ ਵੀ ਅਦਾਰੇ ਦੀ ਚੋਣ ਵਿਚ ਖੜਾ ਹੋ ਸਕੇ ਜਾਂ ਕਿਸੇ ਵੀ ਸਰਕਾਰੀ ਪਦਵੀ ਤੇ ਲਾਇਆ ਜਾ ਸਕੇ । ਬਰਾਬਰ ਦੇ ਕੰਮ ਲਈ ਸਾਰੇ ਸੋਵੀਅਟ ਸ਼ਹਿਰੀਆਂ ਨੂੰ ਬਰਾਬਰ ਦੀ ਉਜਰਤ ਮਿਲਦੀ ਹੈ । ਉਨ੍ਹਾਂ ਨੂੰ ਕਿਸੇ ਵੀ ਵਿਗਿਆਨਿਕ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਹਿਤਕ, ਵਿਦਿਅਕ, ਰਾਜਸੀ ਜਾਂ ਕਿਸੇ ਵੀ ਦੂਜੇ ਜਨਤਕ ਕੰਮ ਵਿਚ ਹਿੱਸਾ ਲੈਣ ਦੀ ਪੂਰੀ ਪੂਰੀ ਆਜ਼ਾਦੀ ਹੈ।

ਸੋਵੀਅਟ ਯੂਨੀਅਨ ਵਿਚ ਇਸਤ੍ਰੀਆਂ ਨੂੰ ਆਰਥਕ, ਸਰਕਾਰੀ, ਸਭਿਆਚਾਰਕ, ਰਾਜਸੀ ਤੇ ਦੂਜੇ ਜਨਤਕ ਕੰਮਾਂ ਵਿਚ ਮਰਦਾਂ ਨਾਲ ਬਰਾਬਰ ਦੇ ਹੱਕ ਪ੍ਰਾਪਤ ਹਨ।

੧੦. ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਦੇ ਰਾਜਸੀ ਹੱਕ ਕੀ ਹਨ ?

ਸੋਵੀਅਟ ਯੂਨੀਅਨ ਦੇ ਹਰ ਇਕ ਸ਼ਹਿਰੀ ਨੂੰ ਰਿਆਸਤੀ ਸ਼ਕਤੀ ਦੇ ਕਿਸੇ ਵੀ ਅਦਾਰੇ ਲਈ ਪ੍ਰਤੀਨਿਧ ਚੁਣਨ ਜਾਂ ਚੁਣੇ ਜਾਣ ਦਾ ਹਕ ਹੈ।

ਸੋਵੀਅਟ ਵਿਧਾਨ ਵਿਚ ਸਾਰੇ ਸ਼ਹਿਰੀਆਂ ਨੂੰ ਬੋਲਣ, ਲਿਖਣ, ਇਕਠੇ ਹੋਣ, ਜਲਸੇ ਕਰਨ, ਮੁਜ਼ਾਹਰੇ ਕਰਨ ਅਤੇ ਜਲੂਸ ਕੱਢਣ ਦੀ ਆਜ਼ਾਦੀ ਦਿਤੀ ਗਈ ਹੈ।

ਇਨ੍ਹਾਂ ਅਧਿਕਾਰਾਂ ਨੂੰ ਅਮਲੀ ਰੂਪ ਦੇਣ ਲਈ ਸੋਵੀਅਟ ਯੂਨੀਅਨ ਦੀ ਮਿਹਨਤਕਸ਼ ਜਨਤਾ ਨੂੰ ਮਾਦੀ ਤੇ ਰਾਜਸੀ ਸਹੂਲਤਾਂ ਪ੍ਰਾਪਤ ਹਨ।

ਸੋਵੀਅਟ ਯੂਨੀਅਨ ਵਿਚ ਲਿਖਣ ਦੀ ਆਜ਼ਾਦੀ ਨੂੰ ਕਾਇਮ ਰਖਣ ਲਈ ਮਿਹਨਤਕਸ਼ ਜਨਤਾ ਤੇ ਉਨ੍ਹਾਂ ਦੀਆਂ ਜਥੇ-ਬੰਦੀਆਂ ਨੂੰ ਛਾਪੇਖਾਨੇ ਤੇ ਕਾਗਜ਼ ਦੇ ਭੰਡਾਰ ਦੇ ਦਿਤੇ ਗਏ ਹਨ ਤਾਂ ਜੋ ਉਹ ਪੁਸਤਕਾਂ, ਰਸਾਲੇ ਤੇ ਅਖਬਾਰਾਂ ਛਾਪ ਸਕਣ। ਹਰ ਸ਼ਹਿਰੀ ਨੂੰ ਇਸ ਗਲ ਦਾ ਮੌਕਾ ਮਿਲਦਾ ਹੈ ਕਿ ਉਹ ਇਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਖਬਾਰਾਂ ਵਿਚ ਲਿਖੇ ਤੇ ਕਿਸੇ ਵੀ ਸਰਕਾਰੀ ਅਫ਼ਸਰ ਦੀ ਨੁਕਤਾਚੀਨੀ ਕਰ ਸਕੇ।

ਸੋਵੀਅਟ ਯੂਨੀਅਨ ਵਿਚ ਬੋਲਣ, ਇਕਠੇ ਹੋਣ ਤੇ ਜਲਸੇ ਕਰਨ, ਬਾਜ਼ਾਰਾਂ ਵਿਚ ਜਲੂਸ ਕੱਢਣ ਤੇ ਮੁਜ਼ਾਹਰੇ ਕਰਨ ਦੇ ਹੱਕ ਇਸ ਲਈ ਯਕੀਨੀ ਹੋ ਗਏ ਹਨ ਕਿ ਸਭ ਪਬਲਿਕ ਇਮਾਰਤਾਂ, ਆਵਾਜਾਈ ਦੇ ਸਾਧਨ ਆਦਿ, ਜਨਤਾ ਦੀ ਮਾਲਕੀ ਵਿਚ ਹਨ ਤੇ ਮਿਹਨਤਕਸ਼ ਜਨਤਾ ਹਰ ਵੇਲੇ ਇਨ੍ਹਾਂ ਦੀ ਵਰਤੋਂ ਕਰ ਸਕਦੀ ਹੈ।

ਸੋਵੀਅਟ ਸ਼ਹਿਰੀਆਂ ਨੂੰ ਜਨਤਕ ਜਥੇਬੰਦੀਆਂ–ਜਿਵੇਂ ਟ੍ਰੇਡ ਯੂਨੀਅਨਾਂ, ਕੋਆਪ੍ਰੇਟਿਵ ਸੋਸਾਇਟੀਆਂ, ਯੁਵਕ ਜਥੇ-ਬੰਦੀਆਂ, ਸਭਿਆਚਾਰਕ, ਖੇਡ, ਟੈਕਨੀਕਲ ਤੇ ਵਿਗਿਆਨਿਕ ਸੰਸਥਾਵਾਂ ਵਿਚ ਸ਼ਾਮਲ ਹੋਣ ਦੀ ਆਜ਼ਾਦੀ ਹੈ।

ਸੋਵੀਅਟ ਯੂਨੀਅਨ ਦੇ ਸਭ ਤੋਂ ਵਧ ਸਰਗਰਮ ਤੇ ਰਾਜਨੀਤਕ ਦ੍ਰਿਸ਼ਟੀ ਤੋਂ ਸਭ ਤੋਂ ਚੇਤੰਨ ਤੇ ਸੂਝਵਾਨ ਸ਼ਹਿਰੀ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਵਿਚ ਜਥੇਬੰਦ ਹੁੰਦੇ ਹਨ। (ਵੇਖੋ ਉਤਰ ਨੰ: ੯੪)

੧੧. ਸੋਵੀਅਟਾਂ ਸ਼ਹਿਰੀਆਂ ਦੇ ਫ਼ਰਜ਼ ਕੀ ਹਨ ?

ਸੋਵੀਅਟ ਯੂਨੀਅਨ ਦੇ ਵਿਧਾਨ ਵਿਚ (ਦਫਾਵਾਂ ੧੩੦, ੧੩੧, ੧੩੨, ੧੩੩) ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਨੂੰ ਹੇਠ ਲਿਖੇ ਫ਼ਰਜ ਸੌਂਪੇ ਗਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸੋਵੀਅਤ ਯੂਨੀਅਨ ਦੇ ਹਰ ਸ਼ਹਿਰੀ ਦਾ ਇਹ ਫ਼ਰਜ਼ ਹੈ ਕਿ ਉਹ ਯੂ-ਐਸ-ਐਸ-ਆਰ ਦੇ ਵਿਧਾਨ ਅਨੁਸਾਰ ਚੱਲੇ, ਕਾਨੂੰਨਾਂ ਦੀ ਪਾਲਨਾ ਕਰੇ, ਮਿਹਨਤ ਮਰਿਆਦਾ ਦਾ ਪਾਬੰਦ ਰਹੇ, ਈਮਾਨਦਾਰੀ ਨਾਲ ਆਪਣੇ ਜਨਤਕ ਕਰਤੱਵ ਪੂਰਾ ਕਰੇ ਅਤੇ ਸੋਸ਼ਲਿਸਟ ਲੈਣ ਦੇਣ ਦੇ ਨਿਯਮਾਂ ਦਾ ਸਤਿਕਾਰ ਕਰੇ।"

(ਦਫ਼ਾ ੧੩੦)

"ਜਨਤਕ ਸੋਸ਼ਲਿਸਟ ਜਾਇਦਾਦ ਦੀ ਰਖਿਆ ਕਰਨਾ ਤੇ ਇਹਨੂੰ ਵਧਾਣਾ ਸੋਵੀਅਟ ਯੂਨੀਅਨ ਦੇ ਹਰ ਇਕ ਸ਼ਹਿਰੀ ਦਾ ਫ਼ਰਜ਼ ਹੈ ਕਿਉਂ ਜੁ ਇਹ ਸੋਵੀਅਟ ਪ੍ਰਬੰਧ ਦੀ ਪਵਿੱਤਰ ਤੇ ਮਜ਼ਬੂਤ ਨੀਂਹ ਹੈ, ਕਿਉਂ ਜੁ ਇਹ ਦੇਸ ਦੀ ਦੌਲਤ ਤੇ ਤਾਕਤ ਦਾ ਸੋਮਾ ਹੈ, ਕਿਉਂ ਜੁ ਇਹ ਸਾਰੇ ਮਿਹਨਤਕਸ਼ ਲੋਕਾਂ ਦੀ ਖ਼ੁਸ਼ਹਾਲੀ ਤੇ ਸਭਿਆਚਾਰ ਦਾ ਚਸ਼ਮਾ ਹੈ।

"ਜਨਤਕ ਸੋਸ਼ਲਿਸਟ ਜਾਇਦਾਦ ਨੂੰ ਨੁਕਸਾਨ ਪੁਚਾਉਣ ਵਾਲੇ ਆਦਮੀ ਜਨਤਾ ਦੇ ਸ਼ਤਰੂ ਕਰਾਰ ਦਿਤੇ ਜਾਣਗੇ।"

(ਦਫ਼ਾ ੧੩੧)

"ਆਮ ਸੈਨਿਕ ਸੇਵਾ ਕਾਨੂੰਨੀ ਰੂਪ ਵਿਚ ਲਾਜ਼ਮੀ ਹੈ।"

"ਸੋਵੀਅਟ ਯੂਨੀਅਨ ਦੀਆਂ ਫ਼ੌਜਾਂ ਵਿਚ ਫ਼ੌਜੀ ਸੇਵਾ ਕਰਨਾ ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਲਈ ਇਜ਼ਤ ਦਾ ਕੰਮ ਹੈ।"

"ਦੇਸ ਦੀ ਰਖਿਆ ਕਰਨਾ ਸੋਵੀਅਟ ਯੂਨੀਅਨ ਦੇ ਹਰ ਇਕ ਸ਼ਹਿਰੀ ਦਾ ਪਵਿੱਤਰ ਕਰਤੱਵ ਹੈ। ਮਾਤ-ਭੂਮੀ ਨਾਲ ਗ਼ੱਦਾਰੀ ਕਰਨਾ, ਵਫ਼ਾਦਾਰੀ ਦੇ ਐਲਾਨ ਤੋਂ ਮੂੰਹ ਮੋੜਨਾ, ਸ਼ਤਰੂ ਅਗੇ ਹਥਿਆਰ ਸੁਟਣਾ, ਦੇਸ ਦੀ ਸੈਨਿਕ ਸ਼ਕਤੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੁਕਸਾਨ ਪੁਚਾਉਣਾ, ਮੁਖ਼ਬਰੀ ਕਰਨਾ ਸਭ ਤੋਂ ਵਧ ਘ੍ਰਿਣਾ ਯੋਗ ਜੁਰਮ ਹੈ ਅਤੇ ਇਸ ਲਈ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਦੰਡ ਦਿਤਾ ਜਾਂਦਾ ਹੈ ।''

੧੨. ਸੋਸ਼ਲਿਜ਼ਮ ਦਾ ਬੁਨਿਆਦੀ ਆਰਥਕ ਕਾਨੂੰਨ ਕੀ ਹੈ ?

ਸੋਸ਼ਲਿਜ਼ਮ ਦਾ ਬੁਨਿਆਦੀ ਆਰਥਕ ਕਾਨੂੰਨ ਪੈਦਾਵਾਰ ਦੇ ਸੋਸ਼ਲਿਸਟ ਢੰਗ ਦੇ ਤਤ ਦੀ ਅਤੇ ਸੋਸ਼ਲਿਜ਼ਮ ਹੇਠ ਆਰ-ਥਕ ਵਿਕਾਸ ਦੇ ਸਾਰੇ ਮੁਖ ਪੱਖਾਂ ਦੀ ਵਿਆਖਿਆ ਕਰਦਾ ਹੈ। ਇਸ ਕਾਨੂੰਨ ਦੇ ਲਾਜ਼ਮੀ ਖ਼ਾਸੇ (ਲੱਛਣ) ਤੇ ਲੋੜਾਂ ਇਹ ਹਨ ਕਿ ਉਚੇਰੀ ਟੈਕਨੀਕ ਦੇ ਆਧਾਰ ਤੇ ਸੋਸ਼ਲਿਸਟ ਪੈਦਾਵਾਰ ਨੂੰ ਲਗਾਤਾਰ ਵਧਾ ਕੇ ਤੇ ਇਹਨੂੰ ਮੁਕੰਮਲ ਕਰ ਕੇ ਪੂਰੇ ਸਮਾਜ ਦੀਆਂ ਲਗਾਤਾਰ ਵਧਦੀਆਂ ਪਦਾਰਥਕ (ਮਾਦੀ) ਤੇ ਸਭਿਆ-ਚਾਰਕ ਲੋੜਾਂ ਨੂੰ ਵਧ ਤੋਂ ਵਧ ਪੂਰਾ ਕੀਤਾ ਜਾਵੇ।

ਸੋਸ਼ਲਿਸ਼ਮ ਵਿਚ ਪੈਦਾਵਾਰ ਦਾ ਮੰਤਵ ਮੁਨਾਫ਼ਾ ਨਹੀਂ ਸਗੋਂ ਮਨੁਖ ਤੇ ਉਹਦੀਆਂ ਲੋੜਾਂ ਹੈ, ਪੂਰੇ ਸਮਾਜ ਦੀਆਂ ਤੇ ਸਮਾਜ ਦੀ ਹਰ ਵਿਅਕਤੀ ਦੀਆਂ ਲਗਾਤਾਰ ਵਧਦੀਆਂ ਪਦਾਰਥਕ ਤੇ ਸਭਿਆਚਾਰਕ ਲੋੜਾਂ ਨੂੰ ਵਧ ਤੋਂ ਵਧ ਪੂਰਾ ਕਰਨਾ ਸੋਸ਼ਲਿਸਟ ਪੈਦਾਵਾਰ ਦਾ ਮੰਤਵ ਹੈ, ਇਸ ਮੰਤਵ ਨੂੰ ਪ੍ਰਾਪਤ ਕਰਨ ਦਾ ਵਸੀਲਾ ਹੈ : ਉਚੇਰੀ ਟੈਕਨੀਕ ਦੇ ਆਧਾਰ ਤੇ ਸੋਸ਼ਲਿਸਟ ਪੈਦਾਵਾਰ ਨੂੰ ਲਗਾਤਾਰ ਵਧਾਣਾ ਤੇ ਇਹਨੂੰ ਪੂਰਨਤਾ ਦੇਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਬੁਨਿਆਦੀ ਆਰਥਕ ਕਾਨੂੰਨ ਦੀ ਨੀਂਹ ਇਕ ਬਾਹਰਮੁਖੀ ਹਕੀਕਤ ਹੈ, ਜੋ ਕੁਝ ਖ਼ਾਸ ਆਰਥਕ ਹਾਲਤਾਂ ਦੇ ਆਧਾਰ ਤੇ ਪੈਦਾ ਹੁੰਦੀ ਹੈ ਰੂਸ ਵਿਚ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੇ ਸਿੱਟੇ ਵੱਜੋਂ ਖ਼ਾਸ ਖ਼ਾਸ ਪੈਦਾਵਾਰੀ ਵਸੀਲੇ (ਜ਼ਮੀਨ, ਮਿੱਲਾਂ, ਫੈਕਟਰੀਆਂ, ਖਾਣਾਂ, ਬੈਂਕ, ਆਵਾਜਾਈ ਦੇ ਸਾਧਨ, ਆਦਿ) ਜਨਤਕ ਜਾਇਦਾਦ ਬਣ ਗਏ, ਅਰਥਾਤ ਇਹ ਸਭ ਜਨਤਾ ਦੀ ਮਾਲਕੀ ਹਨ। ਇਤਿਹਾਸ ਵਿਚ ਪਹਿਲੀ ਵਾਰ ਮਿਹਨਤਕਸ਼ ਜਨਤਾ ਨੂੰ ਇਸ ਗਲ ਦਾ ਮੌਕਾ ਮਿਲਿਆ ਕਿ ਪੈਦਾਵਾਰੀ ਵਸੀਲਿਆਂ ਨੂੰ ਆਪਣੀਆਂ ਨਿਤ ਵਧਦੀਆਂ ਲੋੜਾਂ ਲਈ ਵਰਤੇ। ਸੋਸ਼ਲਿਜ਼ਮ ਦਾ ਬੁਨਿਆਦੀ ਆਰਥਕ ਕਾਨੂੰਨ ਉਦੋਂ ਤੋਂ ਹੀ ਅਮਲ ਵਿਚ ਆ ਗਿਆ। ਇਹੋ ਕਾਰਨ ਹੈ ਕਿ ਸੋਵੀਅਟ ਸਟੇਟ ਜਿਹੜੀ ਮਿਹਨਤਕਸ਼ ਲੋਕਾਂ ਦੇ ਹਿੱਤਾਂ ਨੂੰ ਪ੍ਰਗਟਾਂਦੀ ਹੈ, ਪੈਦਾਵਾਰ ਨੂੰ ਇਸ ਬਾਹਰਮੁਖੀ ਆਰਥਕ ਕਾਨੂੰਨ ਦੇ ਐਨ ਅਨੁਕੂਲ ਜਥੇਬੰਦ ਕਰਦੀ ਹੈ।

ਸੋਸ਼ਲਿਜ਼ਮ ਦੇ ਬੁਨਿਆਦੀ ਆਰਥਕ ਕਾਨੂੰਨ ਦਾ ਅਮਲ ਵਿਚ ਆਉਣਾ ਸਭ ਤੋਂ ਪਹਿਲਾਂ ਸਮਾਜ ਦੀਆਂ ਪੈਦਾਵਾਰੀ ਤਾਕਤਾਂ ਦੀ ਤਰੱਕੀ ਵਿਚ ਪ੍ਰਗਟ ਹੁੰਦਾ ਹੈ। ੧੯੫੩ ਵਿਚ, ਸੋਵੀਅਟ ਯੂਨੀਅਨ ਦੀ ਹੋਂਦ ਦੇ ੩੫ ਵਰ੍ਹੇ ਵਿਚ, ਸੱਨਅਤੀ ਪੈਦਾਵਾਰ ੩੯ ਗੁਣਾਂ ਵਧੀ ਹੈ, ਭਾਵੇਂ ਕਿ ਇਸ ਸਮੇਂ ਵਿਚ ਦੂਜੀ ਸੰਸਾਰ-ਜੰਗ ਦੇ ਕਾਰਨ ਕੌਮੀ ਆਰਥਕਤਾ ਨੂੰ ਬੇਅੰਤ ਹਾਨੀ ਵੀ ਪੁਜੀ ਹੈ। (ਟਾਕਰੇ ਵਜੋਂ, ਅਮਰੀਕਾ (ਯੂ. ਐਸ. ਏ.) ਦੀ ਸੱਨਅਤੀ ਪੈਦਾਵਾਰ ਦਾ ਏਸ ਸਮੇਂ ਦਾ ਵਾਧਾ ੨.੬ ਜਾਂ ਲਗ ਪਗ ਢਾਈ ਗੁਣਾਂ ਹੈ)। ੧੯੩੦ ਈ: ਵਿਚ ਸੋਵੀਅਟ ਯੂਨੀਅਨ ਵਿਚ ਬੇਰੁਜ਼ਗਾਰੀ ਦਾ ਨਾਂਅ ਨਿਸ਼ਾਨ ਤਕ ਵੀ ਨਹੀਂ ਸੀ ਰਿਹਾ, ਨਾ ਇਸ ਪਿਛੋਂ ਕਿਸੇ ਵੀ ਸ਼ਹਿਰੀ ਨੂੰ ਬੇਰੁਜ਼ਗਾਰੀ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੂੰਹ ਵੇਖਣਾ ਪਿਆ ਹੈ। ੧੯੫੩ ਵਿਚ ਉਜਰਤ ਲੈਣ ਵਾਲੇ ਤੇ ਤਨਖਾਹ ਪਾਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਚਾਰ ਕਰੋੜ ੪੯ ਲਖ ਸੀ। ਇਹ ਗਿਣਤੀ ੧੯੧੩ ਦੇ ਟਾਕਰੇ ਤੇ ਦੋ ਕਰੋੜ ੯੦ ਲਖ ਵਧ ਸੀ। ਪੰਜਵੀਂ ਪੰਜ-ਸਾਲਾ ਪਲੈਨ ਦੇ ਸਮੇਂ ਵਿਚ (੧੯੫੧-੧੯੫੫) ਸੱਨਅਤੀ ਪੈਦਾਵਾਰ ੧੯੫੦ ਈ: ਦੇ ਟਾਕਰੇ ਤੇ ੭੦ ਫ਼ੀ ਸਦੀ ਹੋਰ ਵਧ ਜਾਵੇਗੀ ਅਤੇ ਉਜਰਤ ਤੇ ਤਨਖਾਹ ਪਾਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵਿਚ ੧੫ ਫੀ ਸਦੀ ਦਾ ਵਾਧਾ ਹੋ ਜਾਵੇਗਾ।

ਸੋਸ਼ਲਿਜ਼ਮ ਦੇ ਬੁਨਿਆਦੀ ਆਰਥਕ ਕਾਨੂੰਨ ਦਾ ਅਮਲ ਵਿਚ ਆਉਣਾ ਦੂਜੇ ਇਸ ਗਲ ਵਿਚ ਪ੍ਰਗਟ ਹੁੰਦਾ ਹੈ ਕਿ ਸੋਵੀਅਟ ਯੂਨੀਅਨ ਦੇ ਲੋਕਾਂ ਦੀ ਮਾਦੀ ਖੁਸ਼ਹਾਲੀ ਤੇ ਉਨ੍ਹਾਂ ਦੇ ਸਭਿਆਚਾਰਕ ਮਿਆਰ ਦੀ ਲਗਾਤਾਰ ਤਰੱਕੀ ਹੋਈ ਹੈ। ਸੋਵੀਅਟ ਯੂਨੀਅਨ ਦੇ ਮਿਹਨਤਕਸ਼ ਲੋਕਾਂ ਦੀਆਂ ਨਿਜੀ ਪਦਾਰਥਕ ਤੇ ਸਭਿਆਚਾਰਕ ਲੋੜਾਂ ਦੀ ਪੂਰਤੀ ਲਈ ਕੌਮੀ ਆਮਦਨੀ ਦਾ ਤਿੰਨ ਚੁਥਾਈ ਹਿਸਾ ਖਰਚ ਕੀਤਾ ਜਾਂਦਾ ਹੈ, ਅਤੇ ਬਾਕੀ ਦਾ ਇਕ ਚੌਥਾਈ ਹਿਸਾ ਸੋਸ਼ਲਿਸਟ ਪੈਦਾਵਾਰ ਦੇ ਵਾਧੇ ਲਈ ਅਤੇ ਦੂਜੀਆਂ ਰਿਆਸਤੀ ਤੇ ਜਨਤਕ ਲੋੜਾਂ ਪੂਰੀਆਂ ਕਰਨ ਲਈ ਖਰਚ ਹੁੰਦਾ ਹੈ, ਦੂਜੇ ਸ਼ਬਦਾਂ ਵਿਚ, ਇਹ ਵੀ ਲੋਕਾਂ ਦੇ ਲਾਭਾਂ ਵਿਚ ਹੀ ਖਰਚ ਕੀਤਾ ਜਾਂਦਾ ਹੈ। ਉਜਰਤ ਤੇ ਤਨਖਾਹ ਪਾਉਣ ਵਾਲੇ ਮਜ਼ਦੂਰਾਂ ਦੀ ਆਮਦਨੀ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ।

ਸੱਨਅਤੀ ਮਜ਼ਦੂਰਾਂ ਤੇ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਉਚੇਰੀ ਅਸਲੀ ਤਨਖਾਹ ਦਾ ਅਤੇ ਕਿਸਾਨਾਂ ਦੀ ਆਮਦਨੀ ਦਾ ਇਕ ਵਡਾ ਵਸੀਲਾ ਜਾਂ ਸੋਮਾ ਆਮ ਖਪਤ ਦੀਆਂ ਚੀਜ਼ਾਂ ਪਰਚੂਨ ਕੀਮਤਾਂ ਵਿਚ ਬਾਕਾਇਦਗੀ ਨਾਲ ਹੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੀ ਕਮੀ ਹੈ। ੧੯੪੭ ਤੋਂ ੧੯੫੪ ਤਕ, ਕੀਮਤਾਂ ਘਟਾ ਕੇ ਇਨ੍ਹਾਂ ਵਿਚ ੫੭ ਫ਼ੀ ਸਦੀ ਕਮੀ ਕਰ ਦਿਤੀ ਗਈ ਹੈ।

ਜੰਗ ਤੋਂ ਬਾਅਦ ਦੇ ਵਰ੍ਹਿਆ ਵਿਚ ਸ਼ਹਿਰਾਂ ਤੇ ਸਨਅਤੀ ਬਸਤੀਆਂ ਵਿਚ ਮਿਹਨਤਕਸ਼ ਜਨਤਾ ਲਈ ਬਣਾਏ ਜਾਣ ਵਾਲੇ ਨਵੇਂ ਮਕਾਨਾਂ ਦਾ ਕੁਲ ਰਕਬਾ ੧੮ ਕਰੋੜ ੩੦ ਲੱਖ ਮੁਰੱਬਾ ਮੀਟਰ ਹੈ ਅਤੇ ਪਿੰਡਾਂ ਵਿਚ ੪੦ ਲਖ ਤੋਂ ਬਹੁਤੇ ਮਕਾਨ ਬਣਾਏ ਗਏ ਹਨ। ਸੋਵੀਅਟ ਯੂਨੀਅਨ ਵਿਚ ਹਰ ਤੰਦਰੁਸਤ ਆਦਮੀ ਨੂੰ ਕੰਮ ਅਤੇ ਉਚੇਰੀ ਸਿਖਿਆ ਮੁਫ਼ਤ ਪ੍ਰਾਪਤ ਕਰ ਸਕਣ ਦੀ ਗਾਰੰਟੀ ਹੈ। ਇਸ ਵੇਲੇ ਸੋਵੀਅਟ ਯੂਨੀਅਨ ਵਿਚ ਵਿਦਿਆ ਹਾਸਲ ਕਰ ਰਹੇ ਬਚਿਆਂ ਤੇ ਬਾਲਗਾਂ ਦੀ ਗਿਣਤੀ ੫ ਕਰੋੜ ੭੦ ਲਖ ਹੈ ਤੇ ਵਿਦਿਆ ਦਾ ਸਾਰਾ ਖਰਚ ਸਰਕਾਰ ਦੇਂਦੀ ਹੈ। ਜੰਗ ਤੋਂ ਬਾਅਦ ਦੇ ਵਰ੍ਹਿਆਂ ਵਿਚ ੨੩੫੦੦ ਨਵੇਂ ਸਕੂਲ ਖੋਹਲੇ ਗਏ ਅਤੇ ਜਨਤਕ ਸਿਖਿਆ ਤੇ ਕੀਤੇ ਜਾਣ ਵਾਲੇ ਖਰਚ ਦੀ ਰਕਮ ੧੯੪੦ ਦੇ ਟਾਕਰੇ ਵਿਚ ਢਾਈ ਗੁਣੇ ਤੋਂ ਵੀ ਵਧ ਹੋ ਗਈ ਹੈ।

੧੯੫੪ ਵਿਚ, ਸਟੇਟ ਨੇ ਸਮਾਜਕ ਤੇ ਸਭਿਆਚਾਰਕ ਕੰਮਾਂ (ਜਨਤਕ ਸਿਹਤ, ਵਿਦਿਆ, ਸਮਾਜਕ ਰਖਸ਼ਾ, ਖੇਡਾਂ ਅਤੇ ਸਰੀਰਕ ਵਿਆਯਾਮ, ਆਦਿ) ਲਈ ੧੪੧ ਅਰਬ ੩੦ ਕਰੋੜ ਰੂਬਲ ਖਰਚ ਕੀਤੇ ਸਨ। ਇਹ ਰਕਮ ੧੯੩੯ ਦੇ ਬਜਟ ਦੇ ਕੁਲ ਖਰਚ ਦੇ ਬਰਾਬਰ ਹੈ।

ਸੋਸ਼ਲਿਜ਼ਮ ਮਿਹਨਤਕਸ਼ ਜਨਤਾ ਨੂੰ ਇਕ ਸਭਯ ਤੇ ਖ਼ੁਸ਼ਹਾਲ ਜੀਵਨ ਬਖਸ਼ਦਾ ਹੈ। ਇਸਨੇ ਹਰ ਕਿਸੇ ਨੂੰ ਨਿਜੀ ਤੇ ਸਾਂਝੇ ਉਸਾਰੂ ਜਤਨਾਂ ਲਈ ਪੂਰੇ ਮੌਕੇ ਦੇ ਕੇ ਮਨੁਖ ਨੂੰ ਪੂਰਾ ਆਜ਼ਾਦ ਕਰ ਦਿਤਾ ਹੈ। ਸੋਵੀਅਟ ਯੂਨੀਅਨ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਤਾ ਦੀਆਂ ਪਦਾਰਥਕ ਤੇ ਸਭਿਆਚਾਰਕ ਲੋੜਾਂ ਲਗਾਤਾਰ ਵਧ ਰਹੀਆਂ ਹਨ ਤੇ ਇਹ ਗਲ ਪੈਦਾਵਾਰ ਨੂੰ ਤਰੱਕੀ ਦੇਣ ਵਾਲਾ ਇਕ ਸਦੀਵੀ ਤੇ ਸ਼ਕਤੀ ਸ਼ਾਲੀ ਕਾਰਨ ਹੈ, ਕਿਉਂਜੁ ਵਧਦੀਆਂ ਹੋਈਆ ਲੋੜਾਂ ਪੈਦਾਵਾਰ ਸਾਹਮਣੇ ਹਮੇਸ਼ਾਂ ਨਵੇਂ ਕੰਮ ਤੇ ਮੰਗਾਂ ਰਖਦੀਆਂ ਰਹਿੰਦੀਆਂ ਹਨ। ਸੋਸ਼ਲਿਸਟ ਪੈਦਾਵਾਰ ਨਿਤ ਸੰਪੂਰਨਤਾ ਵਲ ਵਧਦੀ ਟੈਕਨੀਕ ਦੇ ਆਧਾਰ ਤੇ ਲਗਾਤਾਰ ਵਧ ਰਹੀ ਤੇ ਫੈਲ ਰਹੀ ਹੈ। ਇਸ ਗਲ ਵਿਚੋਂ ਸੋਸ਼ਲਿਸਟ ਆਰਥਕਤਾ ਦੀਆਂ ਦੋ ਬੜੀਆਂ ਹੀ ਮਹਤਵ-ਪੂਰਨ ਵਿਸ਼ੇਸ਼ਤਾਈਆਂ ਜਨਮ ਲੈਂਦੀਆਂ ਹਨ, ਅਰਥਾਤ, ਇਸ ਆਰਥਕਤਾ ਵਿਚ ਨਾ ਸੰਕਟ ਆਉਂਦੇ ਹਨ ਨਾ ਬੇਕਾਰੀ ਹੁੰਦੀ ਹੈ, ਅਤੇ ਇਹ ਇਕ ਅਮਨ ਭਰਪੂਰ ਆਰਥਕਤਾ ਹੈ।

੧੩. ਸੋਵੀਅਟ ਯੂਨੀਅਨ ਵਿਚ ਜਾਇਦਾਦਾਂ ਦੀਆਂ ਕਿਹੜੀਆਂ ਕਿਹੜੀਆਂ ਸ਼ਕਲਾਂ ਹਨ ?

ਸੋਵੀਅਟ ਯੂਨੀਅਨ ਵਿਚ ਪੈਦਾਵਾਰੀ ਵਸੀਲਿਆਂ ਦੀ ਕੋਈ ਨਿਜੀ ਮਾਲਕੀ ਨਹੀਂ ਹੈ, ਅਰਥਾਤ ਜ਼ਮੀਨ ਤੇ ਇਸਦੇ ਖਣਿਜ ਪਦਾਰਥ, ਮਿੱਲਾਂ ਤੇ ਫੈਕਟਰੀਆਂ, ਬੈਂਕ, ਆਵਾਜਾਈ ਦੇ ਸਾਧਨ ਆਦਿ, ਇਹ ਸਭ ਚੀਜ਼ਾਂ ਨਿਜੀ ਮਾਲਕੀ ਨਹੀਂ ਰਹੀਆਂ, ਜਿਹੜੀਆਂ ਕਿ ਸਰਮਾਏਦਾਰਾਂ ਦੇ ਹਥਾਂ ਵਿਚ ਮਨੁਖ ਦੁਆਰਾ ਮਨੁਖ ਦੀ ਲੁਟ ਖਸੁਟ ਦਾ ਸਾਧਨ ਬਣਦੀਆਂ ਹਨ।

ਸੋਵੀਅਟ ਯੂਨੀਅਨ ਵਿਚ, ਪੈਦਾਵਾਰੀ ਵਸੀਲਿਆਂ ਦੀ ਜਨਤਕ, ਸੋਸ਼ਲਿਸਟ ਮਾਲਕੀ ਇਕ ਪੱਕਾ ਨਿਯਮ ਹੈ। ਇਸਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਅਰਥ ਹਨ ਕਿ ਸੋਵੀਅਟ ਸਮਾਜ, ਜੋ ਕਿ ਸ਼ਹਿਰਾਂ ਤੇ ਪਿੰਡਾਂ ਦੀ ਮਿਹਨਤਕਸ਼ ਜਨਤਾ ਦਾ ਸਮਾਜ ਹੈ, ਆਪ ਪੈਦਾਵਾਰੀ ਵਸੀਲਿਆਂ ਦਾ ਮਾਲਕ ਹੈ।

ਸੋਵੀਅਟ ਯੂਨੀਅਨ ਦੇ ਵਿਧਾਨ ਦੀ ਦਫ਼ਾ ੪ ਵਿਚ ਲਿਖਿਆ ਹੈ :

"ਯੂ–ਐਸ–ਐਸ–ਆਰ ਦੀ ਆਰਥਕ ਬੁਨਿਆਦ ਆਰਥਕਤਾ ਦਾ ਸੋਸ਼ਲਿਸਟ ਪ੍ਰਬੰਧ ਅਤੇ ਪੈਦਾਵਾਰੀ ਸੰਦਾਂ ਤੇ ਵਸੀਲਿਆਂ ਦੀ ਸੋਸ਼ਲਿਸਟ ਮਾਲਕੀ ਹੈ, ਜਿਸਦੀ ਨੀਂਹ ਆਰਥਕਤਾ ਦੇ ਸਰਮਾਏਦਾਰ ਪ੍ਰਬੰਧ ਦੇ ਖਤਮ ਹੋ ਜਾਣ, ਪੈਦਾਵਾਰੀ ਸੰਦਾਂ ਤੇ ਵਸੀਲਿਆਂ ਦੀ ਨਿਜੀ ਮਾਲਕੀ ਦੇ ਖਾਤਮੇ ਅਤੇ ਮਨੁਖ ਦੁਆਰਾ ਮਨੁਖ ਦੀ ਲੁਟ ਖਸੁਟ ਦੇ ਖਤਮ ਹੋ ਜਾਣ ਕਰਕੇ ਬੜੀ ਪੱਕੀ ਧਰੀ ਜਾ ਚੁਕੀ ਹੈ।"

ਜਨਤਕ, ਸੋਸ਼ਲਿਸਟ ਮਾਲਕੀ ਸੋਵੀਅਤ ਪ੍ਰਬੰਧ ਦੀ ਬੁਨਿਆਦ ਹੈ, ਸਾਰੀ ਮਿਹਨਤਕਸ਼ ਜਨਤਾ ਲਈ ਇਕ ਖੁਸ਼ਹਾਲ ਤੇ ਸਭਯ ਜੀਵਨ ਦਾ ਸੋਮਾ ਹੈ।

ਸੋਵੀਅਟ ਯੂਨੀਅਨ ਵਿਚ ਸੋਸ਼ਲਿਸਟ ਜਾਇਦਾਦ ਦੇ ਦੋ ਰੂਪ ਹਨ : ਸਟੇਟ ਦੀ ਜਾਇਦਾਦ (ਸਭ ਲੋਕਾਂ ਦੀ ਮਾਲਕੀ) ਅਤੇ ਕੋਆਪ੍ਰੇਟਿਵ ਤੇ ਸਾਂਝੇ ਖ਼ੇਤਾਂ ਦੀ ਜਾਇਦਾਦ (ਸਾਂਝੇ ਖੇਤਾਂ ਦੀ ਜਾਇਦਾਦ, ਕੋਆਪ੍ਰੇਟਿਵ ਸੋਸ਼ਾਇਟੀਆਂ ਦੀ ਜਾਇਦਾਦ) ।

ਜ਼ਮੀਨ ਤੇ ਇਹਦੇ ਖਣਿਜ ਪਦਾਰਥ, ਜਲ–ਭੰਡਾਰ, ਜੰਗਲ, ਮਿੱਲਾਂ, ਫੈਕਟਰੀਆਂ, ਖਾਣਾਂ, ਪਾਣੀ ਤੇ ਹਵਾ ਦੁਆਰਾ ਆਵਾਜਾਈ, ਬੈਂਕ, ਆਵਾਜਾਈ ਤੇ ਢੋਆਢਾਈ ਦੇ ਵਸੀਲੇ, ਵਸ਼ਾਲ ਰਿਆਸਤੀ ਫਾਰਮ, ਮਸ਼ੀਨ ਤੇ ਟਰੈਕਟਰ ਸਟੇਸ਼ਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ, ਮਿਉਂਸਪਲ ਕਾਰੋਬਾਰ ਅਤੇ ਸ਼ਹਿਰਾਂ ਤੇ ਸਨਅਤੀ ਬਸਤੀਆਂ ਵਿਚ ਬਹੁਤੇ ਰਿਹਾਇਸ਼ੀ ਮਕਾਨ ਸਟੇਟ ਦੀ ਅਰਥਾਤ ਸਭ ਲੋਕਾਂ ਦੀ ਜਾਇਦਾਦ ਹਨ।

ਸਾਂਝੇ ਖੇਤਾਂ ਤੇ ਕੋਆਪ੍ਰੇਟਿਵ ਜਥੇਬੰਦੀਆਂ ਦੇ ਸਾਂਝੇ ਕਾਰੋਬਾਰ ਸਣੇ ਆਪਣੇ ਡੰਗਰਾਂ ਤੇ ਸੰਦਾਂ ਦੇ ਸਣੇ ਸਾਂਝੇ ਖੇਤਾਂ ਤੇ ਕੋਆਪ੍ਰੇਟਿਵ ਜਥੇਬੰਦੀਆਂ ਦੀ ਉਪਜ ਦੇ ਅਤੇ ਸਣੇ ਆਪਣੀਆਂ ਸਾਂਝੀਆਂ ਇਮਾਰਤਾਂ ਦੇ ਕੋਆਪ੍ਰੇਟਿਵਾਂ ਤੇ ਸਾਂਝੇ ਖੇਤਾਂ ਦੀ ਜਾਇਦਾਦ ਹਨ।

ਇਸ ਤਰ੍ਹਾਂ, ਸੋਸ਼ਲਿਜ਼ਮ ਵਿਚ, ਸ਼ਹਿਰਾਂ ਤੇ ਪਿੰਡਾਂ ਵਿਚ ਕੁਲ ਕੌਮੀ ਆਰਥਕਤਾ ਦੇ ਪੈਦਾਵਾਰੀ ਵਸੀਲੇ ਜਨਤਕ ਜਾਇਦਾਦ ਹਨ।

ਜਦੋਂ ਕਿ ਪੈਦਾਵਾਰੀ ਵਸੀਲੇ ਜਨਤਕ ਜਾਇਦਾਦ ਹਨ, ਸ਼ਹਿਰੀਆਂ ਦੀ ਆਮਦਨੀ ਤੇ ਬੱਚਤ, ਉਨ੍ਹਾਂ ਦੇ ਰਿਹਾਇਸ਼ੀ ਮਕਾਨ ਤੇ ਘਰੋਗੀ ਧੰਦਿਆਂ ਦੀਆਂ ਚੀਜ਼ਾਂ ਘਰੋਗੀ ਆਰਥਕਤਾ ਤੇ ਵਰਤੋਂ ਦੀਆਂ ਵਸਤਾਂ ਅਤੇ ਨਿਜੀ ਵਰਤੋਂ ਤੇ ਸੁਖ ਦੀਆਂ ਚੀਜ਼ਾਂ ਵਸਤਾਂ (ਵੇਖੋ ਉਤਰ ੨੬) ਸ਼ਹਿਰੀਆਂ ਦੀ ਨਿਜੀ ਜਾਇਦਾਦ ਹਨ। ਸ਼ਹਿਰੀਆਂ ਦੀ ਨਿਜੀ ਜਾਇਦਾਦ ਦੀ ਰਖਿਆ ਵੀ ਕਾਨੂੰਨ ਕਰਦਾ ਹੈ।

੧੪. ਸੋਵੀਅਟ ਯੂਨੀਅਨ ਦੀ ਕੌਮੀ ਆਰਥਕਤਾ ਦੀ ਪਲੈਨ ਕਿਵੇਂ ਤਿਆਰ ਕੀਤੀ ਜਾਂਦੀ ਹੈ ?

ਸੋਸ਼ਲਿਸਟ ਪ੍ਰਬੰਧ ਵਿਚ ਕੌਮੀ ਆਰਥਕਤਾ ਦੀ ਪਲੈਨਿੰਗ ਇਕ ਜ਼ਰੂਰਤ ਹੈ। ਇਸ ਦੀ ਪਲੈਨਿੰਗ ਦੀ ਲੋੜ ਤੇ ਸੰਭਾਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੌਮੀ ਆਰਥਕਤਾ ਦੇ ਤਨਾਸਬਵਾਰ ਵਿਕਾਸ ਦੇ ਬਾਹਰ ਮੁਖੀ ਆਰਥਕ ਕਾਨੂੰਨ ਤੋਂ ਪੈਦਾ ਹੁਦੀ ਹੈ। ਇਹ ਕਾਨੂੰਨ ਸੋਵੀਅਟ ਯੂਨੀਅਨ ਵਿਚ ਪੈਦਾਵਾਰੀ ਵਸੀਲਿਆਂ ਦੀ ਸੋਸ਼ਲ ਮਾਲਕੀ ਦੇ ਆਧਾਰ ਤੇ ਪੈਦਾ ਹੋਇਆ ਤੇ ਰੂਸ ਵਿਚ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਦੇ ਸਿੱਟੇ ਵਜੋਂ ਪੱਕੀ ਤਰ੍ਹਾਂ ਕਾਇਮ ਹੋ ਗਿਆ। ਆਰਥਕ ਪਲੈਨਿੰਗ ਸੋਸ਼ਲਿਜ਼ਮ ਦੇ ਬੁਨਿਆਦੀ ਆਰਥਕ ਕਾਨੂੰਨ ਦੀਆਂ ਲੋੜਾਂ ਤੇ ਮੰਗਾਂ ਦੇ ਬਿਲਕੁਲ ਅਨੁਕੂਲ ਹੈ (ਵੇਖੋ ਉਤਰ ੧੨) ਤੇ ਸੋਵੀਅਟ ਵਿਧਾਨ ਨੇ ਇਹਦੀ ਪੁਸ਼ਟੀ ਕੀਤੀ ਹੋਈ ਹੈ। ਸੋਵੀਅਟ ਯੂਨੀਅਨ ਦੇ ਵਿਧਾਨ ਦੀ ਧਾਰਾ ੧੧ ਵਿਚ ਦਰਜ ਹੈ :

"ਯੂ-ਐਸ-ਐਸ-ਆਰ ਦੇ ਆਰਥਕ ਜੀਵਨ ਨੂੰ ਰਿਆਸਤੀ ਕੌਮੀ-ਆਰਥਕ ਪਲੈਨ ਢਾਲਦੀ ਤੇ ਚਲਾਂਦੀ ਹੈ। ਇਸ ਦਾ ਮੰਤਵ ਜਨਤਕ ਦੌਲਤ ਨੂੰ ਵਧਾਉਣਾ, ਮਿਹਨਤਕਸ਼ ਜਨਤਾ ਦੀ ਪਦਾਰਥਕ ਤੇ ਸਭਿਆਚਾਰਕ ਪਧਰ ਨੂੰ ਲਗਾਤਾਰ ਉੱਚਾ ਕਰਨਾ, ਯੂ-ਐਸ-ਐਸ-ਆਰ ਦੀ ਆਜ਼ਾਦੀ ਨੂੰ ਸਥਿਰ ਕਰਨਾ ਤੇ ਰਖਿਆ ਦੀ ਤਾਕਤ ਨੂੰ ਮਜ਼ਬੂਤ ਬਨਾਣਾ ਹੈ।"

ਰਿਆਸਤੀ ਕੌਮੀ-ਆਰਥਕ ਪਲੈਨਾਂ ਵਾਰਸ਼ਕ ਤੇ ਪੰਜ-ਵਰਸ਼ੀ ਸਮੇਂ ਲਈ ਬਣਾਈਆਂ ਜਾਂਦੀਆਂ ਹਨ, ਤੇ ਇਨ੍ਹਾਂ ਨੂੰ ਆਧਾਰ ਬਣਾ ਕੇ ਚੁਥਾਈ-ਵਰਸ਼ੀ ਤੇ ਮਾਹਵਾਰੀ ਪਲੈਨਾਂ ਬਣਾਈਆਂ ਜਾਂਦੀਆਂ ਹਨ। ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਪੰਜ-ਵਰਸ਼ੀ ਪਲੈਨਾਂ ਤੇ ਵਿਚਾਰ ਕਰਦੀ ਤੇ ਉਨ੍ਹਾਂ ਨੂੰ ਪਰਵਾਨ ਕਰਦੀ ਹੈ, ਅਤੇ ਵਾਰਸ਼ਕ ਪਲੈਨਾਂ ਨੂੰ ਸੋਵੀਅਟ ਯੂਨੀਅਨ ਦੇ ਮੰਤ੍ਰੀਆਂ ਦੀ ਕੌਂਸਲ ਵਿਚਾਰਦੀ ਤੇ ਪਰਵਾਨਦੀ ਹੈ। ਵਖ ਵਖ ਰੀਪਬਲਿਕਾਂ, ਇਲਾਕਿਆਂ, ਪ੍ਰਦੇਸ਼ਾਂ, ਜ਼ਿਲਿਆਂ ਤੇ ਅਦਾਰਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਆਰਥਕ ਤਰੱਕੀ ਦੀਆਂ ਪਲੈਨਾਂ ਨੂੰ ਸਵੀਅਟ ਯੂਨੀਅਨ ਦੀ ਕੌਮੀ-ਆਰਥਕ ਤਰੱਕੀ ਦੀਆਂ ਪਲੈਨਾਂ ਵਿਚ ਇਕੱਠਾ ਕਰ ਦਿਤਾ ਜਾਂਦਾ ਹੈ।

ਪੰਜ-ਵਰਸ਼ੀ ਤੇ ਵਾਰਸ਼ਕ ਪਲੈਨਾਂ ਇਸ ਗੱਲ ਦਾ ਫ਼ੈਸਲਾ ਕਰਦੀਆਂ ਹਨ ਕਿ ਕੌਮੀ ਆਰਥਕਤਾ ਦੀ ਹਰ ਸ਼ਾਖ ਨੇ ਇਸ ਸਮੇਂ ਦੇ ਅੰਤ ਤੇ ਸਮੁਚੇ ਤੌਰ ਤੇ ਸੋਵੀਅਟ ਯੂਨੀਅਨ ਲਈ ਤੇ ਹਰ ਇਕ ਯੂਨੀਅਨ ਰੀਪਬਲਿਕ ਲਈ ਕਿਹੜਾ ਕਿਹੜਾ ਮਾਲ ਤੇ ਕਿੰਨਾ ਕਿੰਨਾ ਮਾਲ ਪੈਦਾ ਕਰਨਾ ਹੈ, ਕਿਹੜੇ ਨਵੇਂ ਕਾਰਖਾਨੇ ਉਸਰਨੇ ਹਨ ਤੇ ਕਿਥੇ, ਕਿਹੜੀ ਤੇ ਕਿੰਨੀ ਮਿਹਨਤ ਸ਼ਕਤੀ ਤਿਆਰ ਕਰਨੀ ਹੈ। ਇਹ ਪਲੈਨਾਂ ਜ਼ਰਾਇਤੀ ਪੈਦਾਵਾਰ ਵਿਚ ਵਾਧਾ ਵੀ ਨਿਯਤ ਕਰਦੀਆਂ ਹਨ, ਡੰਗਰਾਂ ਦੀ ਗਿਣਤੀ ਵਿਚ ਵਾਧਾ ਅਤੇ ਸਾਂਝੇ ਖੇਤਾਂ ਨੂੰ ਦਿਤੇ ਜਾਣ ਵਾਲੇ ਟਰੈਕਟਰਾਂ ਤੇ ਦੂਜੀਆਂ ਜ਼ਰਾਇਤੀ ਮਸ਼ੀਨਾਂ ਤੇ ਖਾਦ ਵਿਚ ਵਾਧਾ ਮੁਕਰਰ ਕਰਦੀਆਂ ਹਨ। ਇਸ ਤੋਂ ਛੁਟ ਪਲੈਨ ਦੇਸ ਦੇ ਵਪਾਰ, ਰਿਆਸਤ ਤੇ ਕੋਅਪ੍ਰੇਟਿਵ ਵਪਾਰ ਸੰਸਥਾਵਾਂ ਦੀ ਤਰੱਕੀ ਤੇ ਰੋਜ਼ਾਨਾ ਖਪਤ ਦੇ ਮਾਲ ਵਿਚ ਵਾਧੇ ਦਾ ਵੀ ਫੈਸਲਾ ਕਰਦੀ ਹੈ।

ਇਨ੍ਹਾਂ ਪਲੈਨਾਂ ਵਿਚ ਆਬਾਦੀ ਦੀ ਪਦਾਰਥ ਤੇ ਸਭਿਆਚਾਰਕ ਪਧਰ ਉਚੀ ਕਰਨ ਲਈ ਲਏ ਜਾਣ ਵਾਲੇ ਕਦਮ ਵੀ ਦਸੇ ਹੁੰਦੇ ਹਨ : ਪਲੈਨਾਂ ਵਿਚ ਕੌਮੀ ਆਮਦਨੀ ਵਿਚ ਵਾਧੇ ਤੇ ਇਹਦੀ ਵੰਡ ਦਾ ਨਿਰਨਾ ਕੀਤਾ ਹੁੰਦਾ ਹੈ, ਉਜਰਤ ਤੇ ਤਨਖਾਹ ਪਾਣ ਵਾਲੇ ਮਜ਼ਦੂਰਾਂ ਤੇ ਕਿਸਾਨਾਂ ਦੀ ਆਮਦਨੀ ਵਿਚ ਵਾਧੇ ਦਾ ਅਨੁਮਾਨ ਦਿਤਾ ਹੁੰਦਾ ਹੈ, ਅਤੇ ਵਿਗਿਆਨਿਕ ਤੇ ਸਭਿਆਚਾਰਕ ਸੰਸਥਾਵਾਂ, ਸਕੂਲਾਂ, ਵਿਸ਼ੇਸ਼ ਹਾਈ ਸਕੂਲਾਂ ਉਚੇਰੀ ਵਿਦਿਆ ਤੇ ਵਿਦਿਆਲਿਆਂ, ਮਕਾਨਾਂ ਦੀ ਉਸਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੈਨੀਟੋਰੀਮਾਂ, ਆਰਾਮ-ਘਰਾਂ, ਹਸਪਤਾਲਾਂ, ਕਲੱਬਾਂ, ਕਿੰਡਰ-ਗਾਰਡਨਾਂ, ਆਦਿ, ਆਦਿ, ਦੀ ਤਰੱਕੀ ਤੇ ਵਾਧੇ ਦਾ ਨਿਰਨਾ ਕੀਤਾ ਹੁੰਦਾ ਹੈ।

ਕੌਮੀ-ਆਰਥਕ ਪਲੈਨਾਂ ਬਣਾਉਣ ਵੇਲੇ ਬਾਲਣ, ਧਾਤਾਂ, ਮਸ਼ੀਨਰੀ, ਖ਼ੁਰਾਕ ਤੇ ਕੱਚੇ ਮਾਲ ਤਕ ਦੇ ਜ਼ਖੀਰੇ ਇਕੱਠੇ ਕਰਨ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਹੁੰਦਾ ਹੈ ਤਾਂ ਜੁ ਕੁਦਰਤੀ ਦੁਰਘਟਨਾਵਾਂ ਤੇ ਫ਼ਸਲ-ਮਾਰੀ ਆਦਿ ਲਈ ਭੀੜ ਸਮੇਂ ਇਨ੍ਹਾਂ ਨੂੰ ਵਰਤਿਆ ਜਾ ਸਕੇ। ਪਲੈਨਾਂ ਵਿਚ ਮਿਕਦਾਰ ਤੇ ਗੁਣ (ਕੁਆਲਟੀ) ਦੋਹਾਂ ਦੇ ਲਿਹਾਜ਼ ਨਾਲ ਵੀ ਨਿਸ਼ਾਨੇ ਥਾਪੇ ਗਏ ਹੁੰਦੇ ਹਨ। ਮਿਕਦਾਰ ਦੇ ਨਿਸ਼ਾਨੇ ਉਪਜ, ਵੰਡ, ਰੂਬਲਾਂ ਵਿਚ ਰਕਮ, ਸਰਮਾਏ ਦਾ ਖਰਚਾ, ਉਜਰਤ ਦਾ ਬਿਲ ਅਤੇ ਉਜਰਤ ਤੇ ਤਨਖਾਹ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਗਿਣਤੀ ਸ਼ਾਮਲ ਹੁੰਦੀ ਹੈ। ਦੂਜੀ ਵਿਚ ਮਿਹਨਤ ਦੀ ਉਪਜਾਊ ਸ਼ਕਤੀ, ਪੈਦਾਵਾਰੀ ਲਾਗਤ, ਆਦਿ ਸ਼ਾਮਲ ਹੁੰਦੇ ਹਨ।

ਪਲੈਨਾਂ ਬਨਾਉਣ ਤੋਂ ਪਹਿਲਾਂ ਉਸ ਤੋਂ ਪਹਿਲੇ ਸਮੇਂ ਦੀਆਂ ਪਲੈਨਾਂ ਦੀ ਪੂਰਤੀ ਦੇ ਪਹਿਲੇ ਸਿੱਟੇ ਵੇਖੇ ਜਾਂਦੇ ਹਨ, ਅਤੇ ਸਰਕਾਰ ਵਲੋਂ ਪਲੈਨ-ਸਮੇਂ ਲਈ ਨਿਯਤ ਆਰਥਕ ਤੇ ਰਾਜਸੀ ਕੰਮਾਂ ਸੰਬੰਧੀ ਹਦਾਇਤਾਂ ਪਰਵਾਨ ਕੀਤੇ ਜਾਣ ਪਿਛੋਂ, ਸੋਵੀਅਟ ਯੂਨੀਅਨ ਦੇ ਮੰਤ੍ਰੀਆਂ ਦੀ ਕੌਂਸਲ ਦੀ ਸਟੇਟ ਪਲੈਨਿੰਗ ਕਮੇਟੀ (ਗੌਸਪਲਾਨ) ਪਲੈਨ ਦੀ ਤਿਆਰੀ ਹਥ ਵਿਚ ਲੈਂਦੀ ਹੈ। ਗੌਸਪਲਾਨ ਯੂਨੀਅਨ ਰੀਪਬਲਿਕਾਂ ਦੀਆਂ ਪਲੈਨਿੰਗ ਸੰਸਥਾਵਾਂ ਤੇ ਮੰਤ੍ਰੀ ਮੰਡਲਾਂ ਨਾਲ ਮਿਲ ਕੇ ਜਿਹੜੇ ਇਸ ਕੰਮ ਵਿਚ ਆਪਣੇ ਅਧੀਨ ਅਦਾਰਿਆਂ ਨੂੰ ਸੂਚੀ ਬਧ ਕਰਦੇ ਹਨ, ਪਲੈਨ ਤਿਆਰ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਲੈਨ ਦੀ ਪੂਰਤੀ ਵਿਚ ਸਭ ਤੋਂ ਫੈਸਲਾਕੁਨ ਗੱਲ ਮਿਹਨਤਕਸ਼ ਲੋਕਾਂ ਦੀ ਉਪਜ ਸੰਬੰਧੀ ਤੇ ਰਾਜਸੀ ਸਰਗਰਮੀ ਹੈ। ਮਿਹਨਤਕਸ਼ ਲੋਕ ਕੌਮੀ-ਆਰਥਕ ਪਲੈਨ ਦੀ ਪੂਰਤੀ ਤੇ ਅਧਿਕ-ਪੂਰਤੀ ਵਿਚ ਬੜੀ ਦਿਲਚਸਪੀ ਰਖਦੇ ਹਨ, ਕਿਉਂ ਜੁ ਉਹ ਆਪ ਸਟੇਟ ਦੇ ਮਾਲਕ ਹਨ।

ਸੋਵੀਅਟ ਯੂਨੀਅਨ ਦੀ ਕੌਮੀ ਆਰਥਕਤਾ ਬੜੀ ਤਿੱਖੀ ਰਫ਼ਤਾਰ ਨਾਲ ਤਰੱਕੀ ਕਰ ਰਹੀ ਹੈ। ੧੯੨੯ ਤੋਂ ੧੯੫੧ ਵਿਚਕਾਰ ਸਨਅਤੀ ਪੈਦਾਵਾਰ ਵਿਚ ਤੇਰਾਂ ਗੁਣਾਂ ਵਾਧਾ ਹੋਇਆ। ਜ਼ਰਾਇਤ ਵੀ ਸਫਲਤਾ ਪੂਰਬਕ ਉੱਨਤੀ ਕਰ ਰਹੀ ਹੈ, ਤੇ ਲੋਕਾਂ ਦੀ ਖੁਸ਼ਹਾਲੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

੧੫. ਕੌਮੀ ਆਮਦਨ ਦੀ ਵੰਡ ਕਿਵੇਂ ਹੁੰਦੀ ਹੈ ?

ਸੋਵੀਅਟ ਯੂਨੀਅਨ ਵਿਚ ਕੌਮੀ ਆਮਦਨ ਮਿਹਨਤਕਸ਼ ਜਨਤਾ ਦੀ ਮਾਲਕੀ ਹੈ। ਇਹਨੂੰ ਹੇਠ ਲਿਖੇ ਢੰਗ ਨਾਲ ਵੰਡਿਆ ਜਾਂਦਾ ਹੈ:

ਇਕ ਹਿੱਸਾ (ਲਗ ਪਗ ਚੁਥਾਈ ਭਾਗ) ਸੋਸ਼ਲਿਸਟ ਉਪਜ ਵਧਾਣ ਤੇ ਹੋਰ ਜਨਤਕ ਲੋੜਾਂ ਤੇ ਖਰਚ ਹੁੰਦਾ ਹੈ। ਬਾਕੀ ਦਾ ਤਿੰਨ-ਚੁਥਾਈ ਹਿੱਸਾ ਮਿਹਨਤਕਸ਼ ਜਨਤਾ ਦੀਆਂ ਪਦਾਰਥਕ ਤੇ ਸਭਿਆਚਾਰਕ ਲੋੜਾਂ ਪੂਰੀਆਂ ਕਰਨ ਲਈ ਖਰਚ ਕੀਤਾ ਜਾਂਦਾ ਹੈ।

ਜਨਤਾ ਦੀਆਂ ਨਿੱਜੀ ਲੋੜਾਂ ਪੂਰਾ ਕਰਨ ਲਈ ਕੌਮੀ ਆਮਦਨ ਦਾ ਤਿੰਨ ਚੁਥਾਈ ਹਿੱਸਾ ਕਿਨ੍ਹਾਂ ਕਿਨ੍ਹਾਂ ਗੱਲਾਂ ਤੇ ਖਰਚ ਹੁੰਦਾ ਹੈ ?

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਖਰਚ ਵਿਚ ਫੈਕਟਰੀ ਮਜ਼ਦੂਰਾਂ ਤੇ ਦੂਜੇ ਮੁਲਾਜ਼ਮਾਂ ਦੀਆਂ ਉਜਰਤਾਂ ਤੇ ਤਨਖਾਹਾਂ ਅਤੇ ਸਾਂਝੇ ਕਿਸਾਨਾਂ ਦੀ ਆਮਦਨ (ਕੰਮ ਦੀਆਂ ਦਿਹਾੜੀਆਂ ਦੇ ਹਿਸਾਬ) ਸ਼ਾਮਲ ਹਨ। ਇਸ ਵਿਚ ਉਹ ਰਕਮ ਵੀ ਸ਼ਾਮਲ ਹੈ ਜੋ ਸਰਕਾਰ ਸਮਾਜਕ ਵਿਵਸਥਾ, ਸੋਸ਼ਲ ਇਨਸ਼ੋਰੰਸ (ਸਮਾਜਕ ਬੀਮੇ), ਮੁਫ਼ਤ ਤਾਲੀਮ, ਡਾਕਟਰੀ ਸੇਵਾ ਅਤੇ ਦੂਜੀਆਂ ਸਭਿਆਚਾਰਕ ਸੇਵਾਵਾਂ ਤੇ ਸਹੂਲਤਾਂ ਤੇ ਖ਼ਰਚ ਕਰਦੀ ਹੈ।

ਇਸ ਤਰ੍ਹਾਂ ੧੯੫੦ ਵਿਚ ਲੋਕਾਂ ਨੂੰ ਨਕਦ ਰਕਮ ਤੇ ਅਨੇਕ ਪ੍ਰਕਾਰ ਦੀਆਂ ਸਹੂਲਤਾਂ ਦੇ ਰੂਪ ਵਿਚ ਸਟੇਟ ਵਲੋਂ ੧੨੦ ਅਰਬ ਰੂਬਲ ਮਿਲੇ, ੧੯੪੦ ਦੇ ਟਾਕਰੇ ਤੇ ਇਹ ਰਕਮ ਤਿੰਨ ਗੁਣਾ ਸੀ। ੧੯੫੩ ਵਿਚ ਇਹ ਰਕਮ ੧੩੯ ਅਰਬ ੫੦ ਕਰੋੜ ਸੀ।

ਸੋਵੀਅਟ ਯੂਨੀਅਨ ਵਿਚ ਕੌਮੀ ਆਮਦਨ ਦਾ ਜਿਹੜਾ ਹਿਸਾ ਪੈਦਾਵਾਰ ਵਧਾਣ ਵਿਚ ਖਰਚ ਕੀਤਾ ਜਾਂਦਾ ਹੈ ਤੇ ਜਿਹੜਾ ਲੋਕਾਂ ਦੀਆਂ ਨਿੱਜੀ ਲੋੜਾਂ ਪੂਰਾ ਕਰਨ ਲਈ ਖਰਚ ਕੀਤਾ ਜਾਂਦਾ ਹੈ ਇਨ੍ਹਾਂ ਵਿਚ ਕੋਈ ਪ੍ਰਸਪਰ ਵਿਰੋਧ ਨਹੀਂ ਹੈ।

ਸੋਸ਼ਲਿਸਟ ਪੈਦਾਵਾਰ ਨੂੰ ਹੋਰ ਫੈਲਾਣਾ (ਨਵੇਂ ਕਾਰਖਾਨੇ ਬਨਾਉਣਾ, ਕਾਰਖਾਨਿਆਂ ਵਿਚ ਨਵੀਆਂ ਮਸ਼ੀਨਾਂ ਲਾਉਣਾ ਆਦਿ) ਮਿਹਨਤਕਸ਼ ਜਨਤਾ ਦੇ ਹਿਤ ਦੀ ਗਲ ਹੈ ਕਿਉਂ ਜੁ ਪੈਦਾਵਾਰ ਵਿਚ ਵਾਧੇ ਦਾ ਅਰਥ ਉਨ੍ਹਾਂ ਸਭਨਾਂ ਲਈ ਪਦਾਰਥਕ ਤੇ ਸਭਿਆਚਾਰਕ ਪੱਧਰ ਦਾ ਉੱਚਾ ਹੋਣਾ ਹੈ।

ਸੋਵੀਅਟ ਯੂਨੀਅਨ ਵਿਚ ਕੌਮੀ ਆਮਦਨ ਵਿਚ ਹਰ ਵਰ੍ਹੇ ਵਾਧਾ ਹੋ ਰਿਹਾ ਹੈ। ਸੋਸ਼ਲਿਸਟ ਆਰਥਕ ਪ੍ਰਬੰਧ ਦੇ ਲਾਭਾਂ (ਪਲੈਨਿੰਗ, ਆਰਥਕ ਸੰਕਟਾਂ, ਬੇਕਾਰੀ ਤੇ ਕੰਗਾਲੀ ਦਾ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣਾ) ਕਰ ਕੇ ਕੌਮੀ ਆਮਦਨ ਵਿਚ ਬੇਮਿਸਾਲ ਰਫ਼ਤਾਰ ਨਾਲ ਵਾਧਾ ਹੁੰਦਾ ਹੈ। ੧੯੫੩ ਵਿਚ, ਸੋਵੀਅਟ ਯੂਨੀਅਨ ਦੀ ਕੌਮੀ ਆਮਦਨ ੧੯੪੦ ਦੀ ਕੌਮੀ ਆਮਦਨ ਨਾਲੋਂ ਦੁਗਣੀ ਤੋਂ ਵੀ ਵਧ ਸੀ।

ਆਮ ਲੋਕਾਂ ਦੀ ਆਮਦਨ ਵਿਚ ਵੀ ਬਹੁਤ ਸਾਰਾ ਵਾਧਾ ਹੋਇਆ ਹੈ। ੧੯੫੧ ਵਿਚ ਇਕ ਸਨਅਤੀ ਤੇ ਦਫ਼ਤਰੀ ਮਜ਼ਦੂਰ ਦੀ ਅਸਲੀ ਆਮਦਨ ੧੯੪੦ ਦੇ ਟਾਕਰੇ ਤੇ ੫੭ ਫ਼ੀ ਸਦੀ ਬਹੁਤੀ ਸੀ ਅਤੇ ਇਕ ਕਿਸਾਨ ਦੀ ਅਸਲੀ ਆਮਦਨ ੬੦ ਫ਼ੀ ਸਦੀ ਬਹੁਤੀ ਸੀ। ੧੯੫੨ ਵਿਚ ੧੯੫੧ ਦੇ ਟਾਕਰੇ ਤੇ ਆਮਦਨ ਵਿਚ ਤਰਤੀਬਵਾਰ ੭ ਤੇ ੮ ਫ਼ੀ ਸਦੀ ਵਾਧਾ ਹੋਇਆ ਅਤੇ ੧੯੫੩ ਵਿਚ ੧੯੫੨ ਨਾਲੋਂ ੧੩ ਫ਼ੀ ਸਦੀ ਵਾਧਾ ਹੋਇਆ।

੧੬. ਸੋਵੀਅਟ ਯੂਨੀਅਨ ਦਾ ਸਟੇਟ ਬਜਟ ਕਿਵੇਂ ਤਿਆਰ ਕੀਤਾ ਜਾਂਦਾ ਹੈ?

ਸੋਵੀਅਟ ਯੂਨੀਅਨ ਦਾ ਸਟੇਟ ਬਜਟ ਸੋਵੀਅਟ ਸਟੇਟ ਦੀ ਮੁਖ ਮਾਲੀ ਪਲੈਨ ਹੁੰਦੀ ਹੈ ਤੇ ਇਹਨੂੰ ਕੌਮੀ ਆਰਥਕ ਪਲੈਨ ਦੇ ਅਨੁਕੂਲ ਤਿਆਰ ਕੀਤਾ ਜਾਂਦਾ ਹੈ।

ਆਮਦਨ ਤੇ ਖਰਚ ਦੀਆਂ ਮਦਾਂ ਹਰ ਵਰ੍ਹੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਪਰਵਾਨ ਕਰਦੀ ਹੈ ਅਤੇ ਇਹ ਬੀਤੇ ਵਰ੍ਹੇ ਵਿਚ ਬਜਟ ਦੀ ਪੂਰਤੀ ਸੰਬੰਧੀ ਸਰਕਾਰੀ ਰੀਪੋਰਟ ਨੂੰ ਵੀ ਵਿਚਾਰਦੀ ਤੇ ਪ੍ਰਵਾਨ ਕਰਦੀ ਹੈ।

ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਮਨਜ਼ੂਰ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੇ ੧੯੫੪ ਦੇ ਬਜਟ ਵਿਚ ੫੭੨ ਅਰਬ ੫੦ ਕਰੋੜ ਰੂਬਲ ਦੀ ਆਮਦਨ ਅਤੇ ੫੬੨ ਅਰਬ ੮੦ ਕਰੋੜ ਰੂਬਲ ਦਾ ਖਰਚ ਦਿਖਾਇਆ ਗਿਆ ਹੈ, ਅਰਥਾਤ ਖਰਚ ਨਾਲੋਂ ਆਮਦਨ ੯ ਅਰਬ ੭੦ ਕਰੋੜ ਰੂਬਲ ਵਧ ਹੈ। ਸੋਵੀਅਟ ਬਜਟ ਹਰ ਵਰ੍ਹੇ ਵਾਧਾ ਹੀ ਵਿਖਾਉਂਦਾ ਹੈ।

ਆਮਦਨ ਦੀਆਂ ਖਾਸ ਮੱਦਾਂ ਸਟੇਟ ਦੇ ਸਨਅਤੀ, ਟਰਾਂਸਪੋਰਟ ਤੇ ਵਪਾਰਕ ਕਾਰੋਬਾਰ ਦੀ ਪੈਦਾਵਾਰ ਅਤੇ ਮੁਨਾਫ਼ੇ ਤੇ ਟੈਕਸ ਦੇ ਰੂਪ ਵਿਚ ਜਮ੍ਹਾਂ ਕੀਤੀਆਂ ਰਕਮਾਂ ਹਨ। ਜਨਤਾ ਤੋਂ ਵਸੂਲਿਆ ਟੈਕਸ ਬਜਟ ਦਾ ਬੜਾ ਹੀ ਥੋੜਾ ਹਿਸਾ ਹੁੰਦਾ ਹੈ ੧੯੫੨ ਵਿਚ ਇਹ ਬਜਟ ਦੀ ਆਮਦਨ ਦਾ ੯.੩ ਫੀ ਸਦੀ, ੧੯੫੩ ਵਿਚ ੮.੪ ਫੀ ਸਦੀ ਅਤੇ ੧੯੫੪ ਵਿਚ ੮ ਫੀ ਸਦੀ ਸੀ।

ਸੋਵੀਅਟ ਬਜਟ ਇਕ ਅਮਨ-ਪਸੰਦ ਦੇਸ਼ ਦਾ ਬਜਟ ਹੈ। ਖਰਚ ਦੀਆਂ ਮੱਦਾਂ ਵੇਖਣ ਤੋਂ ਇਹ ਗਲ ਚੰਗੀ ਤਰ੍ਹਾਂ ਪ੍ਰਗਟ ਹੋ ਜਾਂਦੀ ਹੈ। ੧੯੫੪ ਦੇ ਬਜ਼ਟ ਵਿਚ ਕੁਲ ੫੬੨ ਅਰਬ ੮੦ ਕਰੋੜ ਰੂਬਲ ਦੇ ਖਰਚ ਵਿਚੋਂ ੨੧੬ ਅਰਬ ੩੦ ਕਰੋੜ ਰੂਬਲ ਦੀ ਰਕਮ ਕੌਮੀ ਆਰਥਕਤਾ ਲਈ ਵਕਫ਼ ਕੀਤੀ ਗਈ, ਅਤੇ ੧੪੧ ਅਰਬ ੩੦ ਕਰੋੜ ਰੂਬਲ ਸੋਸ਼ਲ ਤੇ ਸਭਿਆਚਾਰਕ ਸੇਵਾਵਾਂ ਲਈ ਖਰਚੇ ਗਏ। ਦੂਜੇ ਸ਼ਬਦਾਂ ਵਿਚ ਵਰ੍ਹੇ ਦੇ ਬਜਟ ਵਿਚੋਂ ਆਮਦਨ ਦਾ ਦੋ ਤਿਹਾਈ ਹਿਸਾ ਕੌਮੀ ਆਰਥਕਤਾ ਦੀ ਤਰੱਕੀ ਲਈ ਅਤੇ ਸਮਾਜਕ ਤੇ ਸਭਿਆਚਾਰਕ ਲੋੜਾਂ ਪੂਰੀਆਂ ਕਰਨ ਲਈ ਖਰਚ ਕੀਤਾ ਗਿਆ ਹੈ।

ਸੋਵੀਅਟ ਸਟੇਟ ਆਪਣੀ ਆਮਦਨ ਦਾ ਇਕ ਹਿਸਾ ਸੋਵੀਅਟ ਯੂਨੀਅਨ ਦੀ ਫੌਜੀ ਤਾਕਤ ਤੇ ਖਰਚ ਕਰਦੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜੀ ਕਿ ਸੋਵੀਅਟ ਜਨਤਾ ਦੀ ਪੁਰ-ਅਮਨ ਮਿਹਨਤ ਦੀ ਰਖਿਆ ਕਰਦੀ ਹੈ। ਇਸ ਕੰਮ ਲਈ ੧੯੫੪ ਵਿਚ ਕੁਲ ਬਜਟ ਦਾ ੧੭.੮ ਫੀ ਸਦੀ ਸੀ, ਜਦ ਕਿ ੧੯੫੩ ਵਿਚ ੨੦.੮ ਫ਼ੀ ਸਦੀ ਸੀ।

ਸਮਾਜਕ ਤੇ ਸਭਿਆਚਾਰਕ ਕੰਮਾਂ ਲਈ ਖਰਚ ਕੀਤੇ ਗਏ ੧੪੧ ਅਰਬ ੩੦ ਕਰੋੜ ਰੂਬਲ ਵਿਚ ੬੭ ਅਰਬ ੧੦ ਕਰੋੜ ਜਨਤਕ ਤਾਲੀਮ ਤੇ ਸਭਿਆਚਾਰ ਦੀ ਮਦ ਵਿਚ ਰਖੇ ਗਏ। ਸਿਹਤ ਤੇ ਸਰੀਰਕ ਤਰਬੀਅਤ ਲਈ ੨੯ ਅਰਬ ੩੦ ਕਰੋੜ ਰੂਬਲ, ਸਮਾਜਕ ਸੁਰਖਿਆ (ਸੋਸ਼ਲ ਸਕਿਉਰਿਟੀ) ਤੇ ਸਮਾਜਕ ਬੀਮੇ ਲਈ ਅਤੇ ਵਡੇ ਟਬਰਾਂ ਵਾਲੀਆਂ ਮਾਵਾਂ ਤੇ ਅਨਵਿਆਹੀਆਂ ਮਾਵਾਂ ਨੂੰ ਵਜ਼ੀਫ਼ੇ ਵਜੋਂ ੪੨ ਅਰਬ ੫੦ ਕਰੋੜ ਰੂਬਲ ਮਨਜ਼ੂਰ ਕੀਤੇ ਗਏ।

ਸਟੇਟ ਦੀ ਆਮਦਨ ਦੀ ਇਸ ਵੰਡ ਤੋਂ ਇਹ ਗਲ ਪਰਤਖ ਦਿਸ ਪੈਂਦੀ ਹੈ ਕਿ ਸੋਵੀਅਟ ਸਟੇਟ ਜਨਤਾ ਦੀ ਪਦਾਰਥਕ ਤੇ ਸਭਿਆਚਾਰਕ ਲੋੜਾਂ ਪੂਰੀਆਂ ਕਰਨ ਅਤੇ ਸੋਸ਼ਲਿਸਟ ਕੌਮੀ ਆਰਥਕਤਾ ਨੂੰ ਤਰੱਕੀ ਦੇਣ ਦਾ ਪੂਰਾ ਪੂਰਾ ਯਤਨ ਕਰਦੀ ਹੈ।

੧੭. ਜੰਗ ਮਗਰੋਂ ਪਹਿਲੀ ਪੰਜ-ਵਰਸ਼ੀ ਪਲੈਨ ਕਿਵੇਂ ਸਿਰੇ ਚੜ੍ਹਾਈ ਗਈ ?

ਦੂਜੀ ਸੰਸਾਰ-ਜੰਗ ਤੋਂ ਛੇਤੀ ਹੀ ਪਿਛੋਂ, ੧੯੪੬ ਵਿਚ, ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਨੇ ੧੯੪੬ ਤੋਂ ੧੯੫੦ ਦੇ ਸਮੇਂ ਲਈ ਸੋਵੀਅਟ ਯੂਨੀਅਨ ਦੀ ਕੌਮੀ ਆਰਥਕਤਾ ਦੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਾਲੀ ਤੇ ਤਰੱਕੀ ਲਈ ਪੰਜ-ਵਰਸ਼ੀ ਪਲੈਨ ਪਰਵਾਨ ਕੀਤੀ।

ਇਸ ਪਲੈਨ ਦਾ ਮੁਖ ਮੰਤਵ ਦੇਸ ਦੇ ਜੰਗ ਦੁਆਰਾ ਤਬਾਹ ਹੋਏ ਇਲਾਕਿਆਂ ਦੀ ਮੁੜ-ਉਸਾਰੀ ਤੇ ਬਹਾਲੀ ਸੀ, ਇਸ ਦਾ ਮਨੋਰਥ ਸਨਅਤ ਤੇ ਜ਼ਰਾਇਤ ਨੂੰ ਜੰਗ ਤੋਂ ਪਹਿਲੀ ਪਧਰ ਤੇ ਪੁਚਾਉਣਾ ਤੇ ਫੇਰ ਉਸ ਪਧਰ ਤੋਂ ਕਾਫੀ ਅਗਾਂਹ ਵਧਣਾ ਸੀ।

ਪੰਜ-ਵਰਸ਼ੀ ਪਲੈਨ ਹੇਠ, ਪਲੈਨ ਦੇ ਸਮੇਂ ਦੇ ਅੰਤਲੇ ਵਰ੍ਹੇ ੧੯੫੦ ਵਿਚ ਸੋਵੀਅਟ ਦੀ ਕੁਲ ਪੈਦਾਵਾਰ ਵਿਚ ਜੰਗ ਤੋਂ ਪਹਿਲਾਂ ਦੇ ਵਰ੍ਹੇ ਭਾਵ ੧੯੪੦ ਦੀ ਪੈਦਾਵਾਰ ਦੇ ਟਾਕਰੇ ਤੇ ੪੮ ਫੀ ਸਦੀ ਵਾਧਾ ਕਰਨਾ ਸੀ। ਹੋਇਆ ਇਹ ਕਿ ੧੯੪੦ ਦੇ ਟਾਕਰੇ ਤੇ ਪੈਦਾਵਾਰ ਵਿਚ ਹਕੀਕੀ ਵਾਧਾ ੭੩ ਫੀ ਸਦੀ ਹੋ ਗਿਆ। ਸਨਅਤ ਸੰਬੰਧੀ ਪਲੈਨ ਪੰਜ ਦੀ ਥਾਂ ਸਵਾ ਚਾਰ ਵਰ੍ਹੇ ਵਿਚ ਪੂਰੀ ਹੋ ਗਈ।

ਉਸਾਰੀ ਲਈ ਸਰਮਾਇਆ ਦੀ ਪਲੈਨ ਵੀ ਅਧਿਕ ਪੂਰਨ ਹੋਈ। ੧੯੪੬ ਤੋਂ ੧੯੫੦ ਤਕ ੬੦੦੦ ਵਡੇ ਸਨਅਤੀ ਕਾਰਖਾਨੇ ਜਾਂ ਤਾਂ ਬਹਾਲ ਕੀਤੇ ਗਏ ਜਾਂ ਨਵੇਂ ਸਿਰੇ ਉਸਾਰੇ ਗਏ ਤੇ ਚਾਲੂ ਕੀਤੇ ਗਏ, ਰਿਆਸਤੀ, ਕੋਆਪ੍ਰੇਟਿਵ ਤੇ ਸਾਂਝੇ ਖੇਤਾਂ ਦੇ ਛੋਟੇ ਮੋਟੇ ਕਾਰਖਾਨੇ ਇਨ੍ਹਾਂ ਤੋਂ ਵਖਰੇ ਹਨ। ਪੁਰਾਣੇ ਕਾਰਖਾਨਿਆਂ ਦੀ ਬਹਾਲੀ ਜਾਂ ਮੁੜ-ਉਸਾਰੀ, ਅਤੇ ਨਵੇਂ ਕਾਰਖਾਨਿਆਂ ਦੀ ਉਸਾਰੀ ਦੇ ਸਿੱਟੇ ਵਜੋਂ—ਸਭਨਾਂ ਵਿਚ ਨਵੀਂ ਸੋਵੀਅਟ-ਸਿਰਜੀ ਮਸ਼ੀਨਰੀ ਲਾਈ ਗਈ—ਸੋਵੀਅਟ ਸਨਅਤ ਦੀ ਬੁਨਿਆਦੀ ਸੰਪਤੀ ੧੯੪੦ ਈ: ਦੇ ਟਾਕਰੇ ਤੇ ੧੯੫੦ ਈ: ਵਿਚ ੫੮ ਫੀ ਸਦੀ ਬਹੁਤੀ ਸੀ। ਟੈਕਨੀਕਲ ਤਰੱਕੀ, ਮਜ਼ਦੂਰਾਂ ਐਂਜੀਨੀਅਰਾਂ ਤੇ ਟੈਕਨੀਸ਼ਨਾਂ ਦੀ ਉਚੇਰੀ ਯੋਗਤਾ ਤੇ ਉਪਜਾਊ ਪਹਿਲ-ਕਦਮੀ ਦਾ ਸਦਕਾ ੧੯੫੦ ਵਿਚ ੧੯੪੦ ਦੇ ਟਾਕਰੇ

CC-0. In Public Domain. Gurukul Kangri Collection, Haridwar

ਗੁਰੁਕੁਲ ਕਾਂਗੜੀ

Digitized by Arya Samaj Foundation Chennai and eGangotri

ਤੇ ਮਿਹਨਤ ਦੀ ਉਪਜਾਊ-ਸ਼ਕਤੀ ਵਿਚ ੩੭ ਫੀ ਸਦੀ ਵਾਧਾ ਹੋਇਆ ।

ਸੋਸ਼ਲਿਸਟ ਜ਼ਰਾਇਤ ਨੇ ਵੀ ਪਲੈਨ ਨੂੰ ਸਫਲਤਾ ਪੂਰਬਕ ਪੂਰਾ ਕੀਤਾ। ੧੯੪੯ ਤੇ ੧੯੫੦ ਵਿਚ ੧੯੪੦ ਦੇ ਟਾਕਰੇ ਤੇ ਅਨਾਜ ਦੀ ਉਪਜ ੧੩ ਫੀ ਸਦੀ ਵਧ ਸੀ। ਸਾਂਝੇ ਖੇਤਾਂ ਦੇ ਘਰੋਗੀ ਪਸ਼ੂਆਂ ਦੇ ਵਾਧੇ ਸੰਬੰਧੀ ਪੰਜ-ਵਰਸ਼ੀ ਪਲੈਨ ਦੇ ਮਿਥੇ ਨਿਸ਼ਾਨੇ ਨੂੰ ਵੀ ਟਪ ਲਿਆ ਗਿਆ।

ਪੰਜ ਵਰ੍ਹੇ ਵਿਚ ਸੋਵੀਅਟ ਸਨਅਤ ਨੇ ਜ਼ਰਾਇਤ ਨੂੰ ੫,੩੬,੦੦੦ ਟਰੈਕਟਰ (ਫ਼ੀ ੧੫ ਹਾਰਸ ਪਾਵਰ ਦੇ ਹਿਸਾਬ), ੯੩,੦੦੦ ਫਸਲ-ਕੱਟਣ ਦੀਆਂ ਮਸ਼ੀਨਾਂ, ੩੪੧,੦੦੦ ਟਰੈਕਟਰ ਦੁਆਰਾ ਖਿਚੀਂਦੇ ਹਲ਼, ੨੫੪,੦੦੦ ਟਰੈਕਟਰ ਦੁਆਰਾ ਖਿਚੀਂਦੇ ਬੀਜ ਬੀਜਣ ਦੇ ਸੰਦ, ਅਤੇ ਲਖਾਂ ਹੀ ਦੂਜੀਆਂ ਵਾਹਣ ਬੀਜਣ ਤੇ ਵਢਣ ਦੀਆਂ ਮਸ਼ੀਨਾਂ ਦਿਤੀਆਂ। ਕੌਮੀ ਆਰਥਕਤਾ ਦੀ ਸਫਲ ਤਰੱਕੀ ਨੇ ਕੌਮੀ ਆਮਦਨ ਵਿਚ (ਵੇਖੋ ਉਤਰ ੧੨) ਤੇ ਦੇਸ ਦੇ ਮਿਹਨਤਕਸ਼ ਲੋਕਾਂ ਦੀ ਖੁਸ਼ਹਾਲੀ ਵਿਚ ਢੇਰ ਵਾਧਾ ਕੀਤਾ। ੧੯੫੦ ਵਿਚ ੧੯੪੦ ਦੇ ਟਾਕਰੇ ਤੇ ਉਜਰਤ ਤੇ ਤਨਖ਼ਾਹ ਪਾਉਣ ਵਾਲੇ ਮਜ਼ਦੂਰਾਂ ਤੇ ਕਿਸਾਨਾਂ ਦੀ ਸਾਂਝੀ ਆਮਦਨ ਵਿਚ ੬੨ ਫੀ ਸਦੀ ਵਾਧਾ ਹੋਇਆ।

ਸ਼ਹਿਰਾਂ ਤੇ ਸਨਅਤੀ ਬਸਤੀਆਂ ਵਿਚ ਬਹਾਲ ਹੋਏ ਤੇ ਨਵੇਂ ਉਸਾਰੇ ਰਾਹਾਇਸ਼ੀ ਮਕਾਨਾਂ ਦੀ ਰਹਿਣ–ਥਾਂ ਦਾ ਰਕਬਾ ਦਸ ਕਰੋੜ ਮੁਰਬਾ ਮੀਟਰ (ਸੌ ਕਰੋੜ ਮੁਰੱਬਾ ਫ਼ੁਟ ਤੋਂ ਕਾਫੀ ਉਪਰ) ਬਣਦਾ ਹੈ। ਪਿੰਡਾਂ ਵਿਚ ਇਸੇ ਦੌਰਾਨ ਵਿਚ ੨੭ ਲਖ ਮਕਾਨ ਮੁਰੰਮਤ ਕੀਤੇ ਗਏ ਜਾਂ ਨਵੇਂ ਬਣਾਏ ਗਏ।

ਜੰਗ–ਮਗਰਲੀ ਪਹਿਲੀ ਪੰਜ–ਵਰਸ਼ੀ ਪਲੈਨ ਦੇ ਸਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਆਮ ਜਨਤਾ ਦੀ ਮਾਦੀ ਖ਼ੁਸ਼ਹਾਲੀ ਵਿਚ ਵਾਧੇ ਦੇ ਨਾਲ ਨਾਲ ਸਭਿਆਚਾਰ ਤੇ ਸਾਂਇੰਸ ਵਿਚ ਵੀ ਹੋਰ ਤਰੱਕੀ ਹੋਈ। ਖਾਸ ਸੈਕੰਡਰੀ ਸਕੂਲਾਂ ਵਿਚ ਬਚਿਆਂ ਤੇ ਵਿਦਿਆਰਥੀਆਂ ਦੀ ਗਿਣਤੀ ਵਿਚ ੮੦ ਲਖ ਦਾ ਵਾਧਾ ਹੋਇਆ ਤੇ ੧੯੫੦ ਵਿਚ ਇਨ੍ਹਾਂ ਦੀ ਕੁਲ ਗਿਣਤੀ ੩ ਕਰੋੜ ੬੦ ਲਖ ਹੋ ਗਈ, ਅਤੇ ਉਚੇਰੇ ਵਿਦਿਅਕ ਵਿਦਿਆਲਿਆਂ ਵਿਚ ਵਿਦਿਆਰਥੀਆਂ ਦੀ ਗਿਣਤੀ ੧੨੪੭,੦੦੦ ਹੋ ਗਈ ਜਦ ਕਿ ੧੯੪੦ ਵਿਚ ਇਹ ੮,੧੨,੦੦੦ ਸੀ। ਕੌਮੀ ਆਰਥਕਤਾ ਵਿਚ ਮੁਲਾਜ਼ਮ ਮਾਹਰਾਂ ਦੀ ਗਿਣਤੀ ਵਿਚ ੮੪ ਫੀ ਸਦੀ ਦਾ ਵਾਧਾ ਹੋਇਆ। ਵਿਗਿਆਨਿਕ ਖੋਜ-ਸੰਸਥਾਵਾਂ ਦੀ ਗਿਣਤੀ ਵਿਚ ੫੦ ਫੀ ਸਦੀ, ਤੇ ਇਨ੍ਹਾਂ ਵਿਚ ਕੰਮ ਕਰਨ ਵਾਲੇ ਸਾਇੰਸਦਾਨਾਂ ਦੀ ਗਿਣਤੀ ਵਿਚ ਦੂਗਣਾ ਵਾਧਾ ਹੋਇਆ।

੧੯. ਪੰਜਵੀਂ ਪੰਜ-ਵਰਸ਼ੀ ਪਲੈਨ ਦੇ ਟੀਚੇ ਕੀ ਹਨ ਤੇ ਉਹ ਕਿਵੇਂ ਪੂਰੇ ਕੀਤੇ ਜਾ ਰਹੇ ਹਨ ?

ਚੌਥੀ ਪੰਜ-ਵਰਸ਼ੀ ਪਲੈਨ (੧੯੪੬-੫੦) ਨੂੰ ਸਫਲਤਾ-ਪੂਰਵਕ ਪੂਰਾ ਕਰ ਕੇ ਸੋਵੀਅਟ ਸਟੇਟ ਨੇ ਸੋਵੀਅਟ ਯੂਨੀਅਨ ਦੀ ਤਰੱਕੀ ਲਈ ੧੯੫੧-੧੯੫੫ ਦੇ ਵਰ੍ਹਿਆਂ ਲਈ ਪੰਜਵੀਂ ਪੰਜ-ਵਰਸ਼ੀ ਪਲੈਲ ਬਣਾਈ, ਜਿਹੜੀ ਕਿ ਸਿਰੇ ਚੜ੍ਹਾਈ ਜਾ ਰਹੀ ਹੈ। ਨਵੀਂ ਪੰਜ- ਵਰਸ਼ੀ ਪਲੈਨ, ਪਹਿਲੀਆਂ ਪੰਜ-ਵਰਸ਼ੀ ਪਲੈਨਾਂ ਵਾਂਗ, ਇਕ ਪੁਰ-ਅਮਨ ਆਰਥਕ ਤੇ ਸਭਿਆਚਾਰਕ ਉਸਾਰੀ ਦੀ ਪਲੈਨ ਹੈ। ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨਅਤ ਤੇ ਜ਼ਰਾਇਤ ਦੀਆਂ ਸਭ ਸ਼ਾਖ਼ਾਂ ਵਿਚ ਹੋਰ ਤਰੱਕੀ ਅਤੇ ਆਮ ਜਨਤਾ ਦੀ ਮਾਦੀ ਖ਼ੁਸ਼ਹਾਲੀ ਵਿਚ ਹੋਰ ਵਾਧੇ ਨੂੰ ਯਕੀਨੀ ਬਣਾਂਦੀ ਹੈ।

ਸਨਅਤ ਨੇ ਤਿਖੀ ਚਾਲੇ ਉਨਤੀ ਕਰਨੀ ਹੈ। ਪੰਜ ਸਾਲ ਦੇ ਦੌਰਾਨ ਵਿਚ ਸਨਅਤੀ ਪੈਦਾਵਾਰ ਵਿਚ ੭੦ ਫੀ ਸਦੀ ਵਾਧਾ ਹੋਣਾ ਹੈ, ਹਰ ਵਰ੍ਹੇ ਕੁਲ ਪੈਦਾਵਾਰ ਵਿਚ ਇਹ ਵਾਧਾ ੧੨ ਫ਼ੀ ਸਦੀ ਹੋਵੇਗਾ। ਇਸ ਪਲੈਨ ਦੇ ਅਮਲ ਵਿਚ ਆਉਣ ਦੇ ਪਹਿਲੇ ਤਿੰਨ ਵਰ੍ਹਿਆਂ ਵਿਚ ਸਨਅਤੀ ਪੈਦਾਵਾਰ ੪੫ ਫ਼ੀ ਸਦੀ ਵਧ ਗਈ; ਪੈਦਾਵਾਰੀ ਵਸੀਲਿਆਂ ਦੀ ਪੈਦਾਵਾਰ ਵਿਚ ੪੬ ਫੀ ਸਦੀ ਤੇ ਆਮ ਖਪਤ ਦੇ ਮਾਲ ਦੀ ਪੈਦਾਵਾਰ ਵਿਚ ੪੩ ਫੀ ਸਦੀ ਵਾਧਾ ਹੋਇਆ।

ਚਲੰਤ ਪੰਜ–ਵਰਸ਼ੀ ਪਲੈਨ ਹੇਠ ਬਿਜਲੀ ਦੀ ਸਨਅਤ ਵਿਚ ਹੋਰ ਵਾਧਾ ਹੋਵੇਗਾ। ਬਿਜਲੀ–ਸਟੇਸ਼ਨਾਂ ਦੀ ਸ਼ਕਤੀ ਦੂਣੀ ਅਤੇ ਜਲ ਦੁਆਰਾ ਪ੍ਰਾਪਤ ਬਿਜਲੀ ਦੀ ਸ਼ਕਤੀ ਤੀਣੀ ਹੋ ਜਾਵੇਗੀ।

ਇਰਤਿਸ਼ ਨਦੀ (ਪੂਰਬੀ ਕਾਜ਼ਕਸਤਾਨ) ਉਤੇ ਉਸਤ–ਕਾਮਨੋਗੋਰਸਕ ਹਾਈਡਰੋ–ਅਲੈਕਟ੍ਰਿਕ ਸਟੇਸ਼ਨ ਪਹਿਲਾਂ ਹੀ ਚਾਲੂ ਹੋ ਚੁੱਕਾ ਹੈ। ਕੁਰੂ ਨਦੀ (ਆਜ਼ਰ–ਬਾਈਜਾਨ) ਤੇ ਮਿੰਗੀਹੌਰ ਹਾਇਡਰੋ-ਅਲੈਕਟ੍ਰਿਕ ਸਟੇਸ਼ਨ ਦਾ ਪਹਿਲਾ ਹਿੱਸਾ ਮੁਕੰਮਲ ਹੋ ਚੁੱਕਾ ਹੈ। ਇਸ ਵੇਲੇ ਕੁਈਟੀਸ਼ੀਵ (ਸ਼ਕਤੀ ਇਕੀ ਲਖ ਕਿਲੋਵਾਟ), ਸਟਾਲਿਨਗ੍ਰਾਡ (ਸਤਾਰਾਂ ਲਖ ਕਿਲੋਵਾਟ), ਕਾਮਾ, ਗੋਰਕੀ, ਕਾਖੋਵਕਾ, ਨੋਵੋਸੀਬਰਸਕ, ਅੰਗਾਰਾ (ਪੂਰਬੀ ਸਾਏਬੇਰੀਆਂ) ਤੇ ਦੂਜੇ ਹਾਈਡਰੋ-ਅਲੈਕਟ੍ਰਿਕ ਸਟੇਸ਼ਨ ਉਸਾਰੀ ਹੇਠ ਹਨ। ਆਜ਼ਰਬਾਈਜਾਨ, ਆਰਮੀਨੀਆ, ਜਾਰਜੀਆ, ਉਜ਼ਬਕਸਤਾਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਜਕਸਤਾਨ ਤੇ ਸੋਵੀਅਟ ਯੂਨੀਅਨ ਦੀਆਂ ਰੀਪਬਲਿਕਾਂ ਤੇ ਇਲਾਕਿਆਂ ਵਿਚ ਨਵੇਂ ਬਿਜਲੀ–ਘਰਾਂ ਦੀ ਉਸਾਰੀ ਸਬੰਧੀ ਕੰਮ ਸ਼ੁਰੂ ਹੋ ਚੁੱਕਾ ਹੈ।

ਇਹਨਾਂ ਪੰਜ ਵਰ੍ਹਿਆਂ ਵਿਚ ਹੌਲੀ ਤੇ ਖ਼ੁਰਾਕ ਦੀ ਸਨਅਤ ਦੀ ਪੈਦਾਵਾਰ ਵਿਚ ਘਟੋ ਘਟ ੭੦ ਫੀ ਸਦੀ ਵਾਧਾ ਹੋਵੇਗਾ। ੧੯੫੪ ਵਿਚ ਬਹੁਤ ਸਾਰੇ ਕਾਰਖਾਨੇ ਲਾਏ ਜਾ ਰਹੇ ਹਨ ਜਿਹੜੇ ਰੋਜ਼ਾਨਾ ਲੋੜਾਂ ਦਾ ਮਾਲ ਬਣਾਣਗੇ। ਵਾਲਗਾ ਤੇ ਅਜੇਹਾ ਇਕ ਨਵਾਂ ਕਾਰਖਾਨਾ ਕਾਮੀਸ਼ਿਨ ਕਾਟਨ ਮਿਲਜ਼ ਲਗ ਰਿਹਾ ਹੈ ਜਿਹੜਾ ਇਕੱਲਾ ਹੀ ਹਰ ੨੪ ਘੰਟੇ ਵਿਚ ਦਸ ਲਖ ਮੀਟਰ ਸੂਤੀ ਕਪੜਾ ਪੈਦਾ ਕਰੇਗਾ।

੧੯੫੪ ਵਿਚ ਰੋਜ਼ਾਨਾ ਖਪਤ ਦੇ ਮਾਲ ਦੀ ਪੈਦਾਵਾਰ ੧੯੫੫ ਲਈ ਮਿਥੀ ਪਧਰ ਤੇ ਪੁਜ ਜਾਵੇਗੀ। ਇਸ ਦਾ ਇਹ ਅਰਥ ਹੋਇਆ ਕਿ ਰੋਜ਼ਾਨਾ ਖਪਤ ਦੇ ਮਾਲ ਸਬੰਧੀ ਮਿਥਿਆ ਪੰਜ-ਵਰਸ਼ੀ ਪਲੈਨ ਦਾ ਨਿਸ਼ਾਨਾ ਪੰਜ ਦੀ ਥਾਂ ਚਾਰ ਵਰ੍ਹੇ ਵਿਚ ਹੀ ਪੂਰਾ ਹੋ ਜਾਵੇਗਾ।

ਪੰਜਵੀਂ ਪੰਜ-ਵਰਸ਼ੀ ਪਲੈਨ ਜ਼ਰਾਇਤੀ ਤਰੱਕੀ ਨੂੰ ਵੀ ਯਕੀਨੀ ਬਣਾਂਦੀ ਹੈ, ਜਿਸ ਦੇ ਆਧਾਰ ਤੇ ਰੋਜ਼ਾਨਾ ਖਪਤ ਦੇ ਮਾਲ ਦੀ ਪੈਦਾਵਾਰ ਨੇ ਤੇਜ਼ੀ ਨਾਲ ਵਧਣਾ ਹੈ।

ਇਹਨਾਂ ਪੰਜ ਵਰ੍ਹਿਆਂ ਵਿਚ ਅਨਾਜ ਦੀ ਉਪਜ ਵਿਚ ੪੦-੪੫ ਫੀ ਸਦੀ ਦਾ ਵਾਧਾ ਹੋਵੇਗਾ, ਜਿਸ ਵਿਚੋਂ ਕਣਕ ਦੀ ਉਪਜ ੫੫-੬੫ ਫੀ ਸਦੀ ਵਧੇਗੀ। ਕਪਾਹ ਦੀ ਪੈਦਾਵਾਰ ਵਿਚ ੫੫-੬੫ ਫ਼ੀ ਸਦੀ ਤੇ ਚਕੰਦਰ ਦੀ ਪੈਦਾਵਾਰ ਵਿਚ ੬੫-੭੦ ਫ਼ੀ ਸਦੀ ਵਾਧਾ ਹੋਵੇਗਾ। ਪਸ਼ੂ-ਧਨ ਵਿਚ ਵੀ ਢੇਰ ਵਾਧਾ ਹੋਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛਲੇ ਤਿੰਨ ਵਰ੍ਹਿਆਂ ਵਿਚ ਦੇਸ਼ ਦੀ ਜ਼ਰਾਇਤ ਨੇ ਮਹੱਤਵ-ਪੂਰਨ ਸਫਲਤਾ ਪ੍ਰਾਪਤ ਕੀਤੀ ਹੈ। ਸਿਰਫ਼ ੧੯੫੩ ਵਿਚ ਵਾਹੀ ਹੇਠਲੇ ਰਕਬੇ ਵਿਚ ੧੯੫੨ ਦੇ ਟਾਕਰੇ ਤੇ ੧੪ ਲੱਖ ਹੈਕਟਰ ਦਾ ਵਾਧਾ ਹੋਇਆ, ਜਦ ਕਿ ੧੯੫੩ ਵਿਚ ਕਣਕ ਦੀ ਸਭ ਤੋਂ ਕੀਮਤੀ ਫ਼ਸਲ ਦੇ ਰਕਬੇ ਵਿਚ ੨੦ ਲਖ ਹੈਕਟਰ ਦਾ ਵਾਧਾ ਹੋਇਆ।

ਅਗਲੇ ਦੋ ਤਿਨ ਵਰ੍ਹੇ ਵਿਚ ਜਨਤਾ ਦੀ ਅਨਾਜ ਸਬੰਧੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਅਤੇ ਹੌਲੀ ਤੇ ਖੁਰਾਕ ਦੀ ਸਨਅਤ ਲਈ ਕੱਚੇ ਮਾਲ ਦੀ ਸਪਲਾਈ ਯਕੀਨੀ ਬਨਾਣ ਲਈ ਜ਼ਰਾਇਤ ਦੀਆਂ ਸਭ ਸ਼ਾਖਾਂ ਵਿਚ ਹੋਰ ਵਾਧੇ ਲਈ ਕਦਮ ਪੁਟੇ ਜਾ ਚੁਕੇ ਹਨ। ੧੯੫੪ ਵਿਚ ਜ਼ਰਾਇਤ ਲਈ ਸਟੇਟ ੭੪੪੦ ਕਰੋੜ ਰੂਬਲ ਖਰਚ ਕਰੇਗੀ (੧੯੫੩ ਦੇ ਟਾਕਰੇ ਤੇ ਇਹ ੪੨·੪ ਫ਼ੀ ਸਦੀ ਵਧ ਹੈ)।

ਆਉਣ ਵਾਲੇ ਦੋ ਵਰ੍ਹੇ ਵਿਚ ਅਨਾਜ ਦੀ ਕੁਲ ਉਪਜ ਵਿਚ ਕਾਫ਼ੀ ਵਾਧਾ ਹੋ ਜਾਵੇਗਾ। ੧੯੫੩ ਦੇ ਟਾਕਰੇ ਤੇ ਸਟੇਟ ਵਲੋਂ ਅਨਾਜ ਹਾਸਲ ਕਰਨ ਤੇ ਅਨਾਜ ਦੀ ਆਜ਼ਾਦ ਖਰੀਦ ਵਿਚ ਘਟੋ ਘਟ ੩੫-੪੦ ਫ਼ੀ ਸਦੀ ਦਾ ਵਾਧਾ ਹੋ ਜਾਵੇਗਾ।

੧੯੫੪ ਤੇ ੧੯੫੫ ਵਿਚ ਕਾਜ਼ਕਸਤਾਨ, ਪਛਮੀ ਸਾਈਬੇਰੀਆ, ਯੂਰਾਲ, ਵੋਲਗਾ ਪ੍ਰਦੇਸ਼, ਉਤਰੀ ਕਾਕੇਸ਼ੀਆ ਤੇ ਕੁਝ ਦੂਜੇ ਇਲਾਕਿਆਂ ਵਿਚ, ਅਨਾਜ ਦੇ ਰਕਬੇ ਵਿਚ ਇਕ ਕਰੋੜ ੩੦ ਲਖ ਹੈਕਟਰ ਵਾਧਾ ਹੋਵੇਗਾ। ਵਾਹੀ ਹੇਠ ਰਕਬੇ ਨੂੰ ਫੈਲਾਣ ਲਈ ਵਿਸ਼ਾਲ ਪ੍ਰਾਜੈਕਟ ਦੀ ਇਹ ਮੁਢਲੀ ਸਟੇਜ ਹੈ। ਨਦੀਆਂ ਦੀਆਂ ਵਾਦੀਆਂ ਨੂੰ ਦੇਸ਼ ਦੇ ਕੇਂਦਰੀ ਤੇ ਉਤਰ ਪਛਮੀ ਇਲਾਕਿਆਂ ਵਿਚ ਮਾੜੀਆਂ ਚਰਾਗਾਹਾਂ ਨੂੰ ਤੇ ਘਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਦਾਨਾਂ ਨੂੰ ਵਾਹੀ ਹੇਠ ਲਿਆਉਣ ਲਈ ਵਡੇ ਪੈਮਾਨੇ ਤੇ ਕੰਮ ਹਥ ਵਿਚ ਲਿਆ ਜਾਣ ਵਾਲਾ ਹੈ।

ਪੰਜਵੀਂ ਪੰਜ-ਵਰਸ਼ੀ ਪਲੈਨ ਦੇ ਸਮੇਂ ਅੰਦਰ ਕਾਰਖਾਨਿਆਂ ਅਤੇ ਉਸਾਰੀ ਦੀਆਂ ਸਨਅਤਾਂ ਵਿਚ ਸਖਤ ਤੇ ਜਾਨ-ਤੋੜਵਾਂ ਕੰਮ ਮੁਖ ਰੂਪ ਵਿਚ, ਅਤੇ ਸਾਂਝੇ ਖੇਤਾਂ ਤੇ ਸਾਰਾ ਵਡਾ ਕੰਮ ਮਸ਼ੀਨਾਂ ਦੁਆਰਾ ਹੋਣ ਲਗਣਗੇ। ਸਿਰਫ ੧੯੫੩ ਵਿਚ ਮਸ਼ੀਨਾਂ ਬਣਾਉਣ ਵਾਲਿਆਂ ਨੇ ੭੦੦ ਕਿਸਮ ਦੀਆਂ ਨਵੀਆਂ ਮਸ਼ੀਨਾਂ ਬਣਾਈਆਂ, ਤੇ ਇਹਨਾਂ ਵਿਚ ਹੌਲੀ ਸਨਅਤ ਤੇ ਖੁਰਾਕ ਦੀ ਸਨਅਤ ਦੀ ਵਰਤੋਂ ਲਈ ਬਣਾਈਆਂ ਸੌ ਤੋਂ ਵਧ ਪ੍ਰਕਾਰ ਦੀਆਂ ਵਧੀਆ ਮਸ਼ੀਨਾਂ ਵੀ ਹਨ।

ਸਟੇਟ ਤੇ ਕੋਅਪ੍ਰੇਟਿਵ ਵਪਾਰਕ ਸੰਸਥਾਵਾਂ ਦੁਆਰਾ ਪਰਚੂਨ ਵੇਚ ਵਿਚ ਵੀ ਲਗ ਪਗ ੭੦ ਫੀ ਸਦੀ ਵਾਧਾ ਹੋਵੇਗਾ। ੧੯੫੦ ਦੇ ਟਾਕਰੇ ਤੇ ੧੯੫੫ ਵਿਚ ਪਰਚੂਨ ਵੇਚ ਵਿਚ ਇਸ ਪ੍ਰਕਾਰ ਵਾਧਾ ਹੋਵੇਗਾ: ਮਾਸ ੯੦ ਫ਼ੀ ਸਦੀ, ਮਛੀ ਤੇ ਮਖਣ ੭੦ ਫੀ ਸਦੀ, ਪਨੀਰ, ਖੰਡ, ਚਾਹ ਤੇ ਸ਼ਰਾਬ ੧੦੦ ਫੀ ਸਦੀ, ਕਪੜਾ ਤੇ ਬੂਟ ੮੦ ਫੀ ਸਦੀ, ਉਣੀਆਂ ਵਸਤਾਂ ੧੨੦ ਫੀ ਸਦੀ, ਫਰਨੀਚਰ, (ਕੁਰਸੀਆਂ, ਮੇਜ਼, ਪਲੰਘ ਆਦਿ) ੨੦੦ ਫੀ ਸਦੀ, ਆਦਿ। ਇਹ ਪਲੈਨ ਪਹਿਲਾਂ ਹੀ ਅਧਿਕ-ਪੂਰਤ ਹੋ ਰਹੀ ਹੈ। ੧੯੫੫ ਦੇ ਨਿਸ਼ਾਨੇ ੧੯੫੪ ਵਿਚ ਹੀ ਛੋਹੇ ਜਾ ਰਹੇ ਹਨ।

ਰੇਲ, ਜਨ, ਮੋਟਰ ਤੇ ਵਾਯੂ ਦੇ ਆਵਾਜਾਈ ਤੇ ਢੋਆ-ਢਾਈ ਦੇ ਸਾਧਨਾਂ ਵਿਚ ਪਿਛਲੀ ਪੰਜ-ਵਰਸ਼ੀ ਪਲੈਨ ਦੇ ਟਾਕਰੇ ਤੇ ਸਟੇਟ ੬੩ ਫ਼ੀ ਸਦੀ ਵਧ ਪੂੰਜੀ ਲਾਵੇਗੀ। ਜਲ-ਮਾਰਗ ਦੁਆਰਾ ਆਵਾ ਜਾਈ ਨੂੰ ਹੋਰ ਵੀ ਤਰੱਕੀ ਦਿਤੀ ਗਈ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਸ ਕਰ ਕੇ ੧੯੫੨ ਵਿਚ ੧੦੧ ਕਿਲੋਮੀਟਰ ਲੰਮੀ ਵੀ. ਆਈ. ਲੈਨਿਨ ਵਾਲਗਾ-ਡਾਨ ਜਹਾਜ਼ੀ ਨਹਿਰ ਦੇ ਖੁਲ੍ਹਣ ਨਾਲ ਬਾਲਟਕ, ਸਫੇਦ, ਕੈਸਪੀਅਨ, ਅਜ਼ੋਵ ਤੇ ਕਾਲਾ ਸਾਗਰ ਇਕ ਦੂਜੇ ਨਾਲ ਮਿਲ ਗਏ ਹਨ, ਜਿਸ ਨਾਲ ਟਰਾਂਸਪੋਰਟ ਦਾ ਇਕ ਸਾਂਝਾ ਸਿਸਟਮ ਕਾਇਮ ਹੋ ਗਿਆ ਹੈ।

ਇਹਨਾਂ ਪੰਜ ਵਰ੍ਹਿਆਂ ਵਿਚ ਕੌਮੀ ਆਮਦਨੀ ਵਿਚ ਘਟੋ ਘਟ ੬੦ ਫ਼ੀ ਸਦੀ ਵਾਧਾ ਹੋਵੇਗਾ। ਰੋਜ਼ਾਨਾ ਖਪਤ ਦੀਆਂ ਚੀਜ਼ਾਂ ਦੀਆਂ ਪਰਚੂਨ ਕੀਮਤਾਂ ਲਗਾਤਾਰ ਘਟਾਈਆਂ ਜਾਣ-ਗੀਆਂ, ਅਤੇ ਉਜਰਤ ਤੇ ਤਨਖਾਹ ਪਾਣ ਵਾਲੇ ਮਜ਼ਦੂਰਾਂ ਦੀ ਅਸਲੀ ਤਨਖਾਹ ਵਿਚ ਘਟੋ ਘਟ ੩੫ ਫ਼ੀ ਸਦੀ ਵਾਧਾ ਹੋਵੇਗਾ ਅਤੇ ਸਾਂਝੇ ਖੇਤਾਂ ਦੇ ਕਿਸਾਨਾਂ ਦੀ ਆਮਦਨੀ ਵਿਚ (ਨਕਦੀ ਦੇ ਹਿਸਾਬ) ਘਟੋ ਘਟ ੪੦ ਫ਼ੀ ਸਦੀ ਵਾਧਾ ਹੋ ਜਾਵੇਗਾ।

ਸ਼ਹਿਰਾਂ ਤੇ ਸਨਅਤੀ ਬਸਤੀਆਂ ਵਿਚ ਸਟੇਟ ਵਲੋਂ ਬਣਾਏ ਨਵੇਂ ਮਕਾਨਾਂ ਦਾ ਫ਼ਰਸ਼ੀ ਰਕਬਾ ਲਗ ਪਗ ੧੦ ਕ੍ਰੋੜ ੫੦ ਲਖ ਮੁਰੱਬਾ ਮੀਟਰ ਹੋਵੇਗਾ। ਇਸ ਤੋਂ ਬਿਨਾਂ, ਸਟੇਟ ਉਹਨਾਂ ਆਦਮੀਆਂ ਨੂੰ ਕਾਫ਼ੀ ਰਕਮ ਰਿਣ ਵਜੋਂ ਵੀ ਦੇਂਦੀ ਹੈ ਜਿਹੜੇ ਆਪਣਾ ਮਕਾਨ ਬਣਾਉਣਾ ਚਾਹੁੰਦੇ ਹਨ। ਇਹਨਾਂ ਪੰਜ ਵਰ੍ਹਿਆਂ ਵਿਚ ਪਿਛਲੀ ਪੰਜ-ਵਰਸ਼ੀ ਪਲੈਨ ਦੇ ਟਾਕਰੇ ਤੇ ਮਕਾਨਾਂ ਦੀ ਉਸਾਰੀ ਵਿਚ ਲਗਣ ਵਾਲੀ ਪੂੰਜੀ ਦੂਣੀ ਹੋਵੇਗੀ। ਸਟੇਟ ਵਲੋਂ ਦਿਤੀ ਰਕਮ ਦੀ ਸਹਾਇਤਾ ਨਾਲ ਸਿਰਫ਼ ੧੯੫੩ ਵਿਚ ੨ ਕਰੋੜ ੮੦ ਲਖ ਮੁਰੱਬਾ ਮੀਟਰ ਫ਼ਰਸ਼ੀ ਰਕਬੇ ਦੇ ਮਕਾਨ ਬਣਾਏ ਗਏ। ਇਸ ਸਮੇਂ ਵਿਚ ਪਿੰਡਾਂ ਵਿਚ ਚਾਰ ਲਖ ਤੋਂ ਉਪਰ ਮਕਾਨ ਬਣਾਏ ਗਏ।

ਇਹਨਾਂ ਪੰਜ ਵਰ੍ਹਿਆਂ ਵਿਚ ਜਣੇਪਾ-ਘਰਾਂ, ਸਿਹਤ-ਬਖਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰਾਂ, ਆਰਾਮ-ਘਰਾਂ, ਨਰਸਰੀਆਂ ਤੇ ਕਿੰਡਰਗਾਰਟਨਾ (ਬਾਲਾਂ ਦੀ ਸੰਭਾਲ ਤੇ ਵਿਦਿਆ ਦੇ ਘਰਾਂ) ਪਬਲਿਕ ਲਾਇਬ੍ਰੇਰੀਆਂ ਤੇ ਕਲੱਬਾਂ ਅਤੇ ਸ਼ਹਿਰਾਂ ਤੇ ਪਿੰਡਾਂ ਵਿਚ ਉਸਰਨ ਵਾਲੇ ਸਕੂਲਾਂ ਦੀ ਗਿਣਤੀ ਵਿਚ ਪਿਛਲੀ ਪੰਜ-ਵਰਸ਼ੀ ਪਲੈਨ ਦੇ ਟਾਕਰੇ ਤੇ ੭੦ ਫ਼ੀ ਸਦੀ ਤੋਂ ਵੀ ਬਹੁਤਾ ਵਾਧਾ ਹੋਵੇਗਾ। ੧੯੫੫ ਤਕ ੧੯੫੦ ਦੇ ਟਾਕਰੇ ਤੇ ਉਚੇਰੀ ਸਿਖਿਆ ਦੇ ਵਿਦਿਆਲੇ (ਕਾਲਜ ਆਦਿ) ਦੁਗਣੇ ਸਪੈਸ਼ਲਿਸਟਾਂ (ਮਾਹਰਾਂ) ਨੂੰ ਸਿਖਿਆ ਦੇਣਗੇ।

ਪੰਜਵੀਂ ਪੰਜ-ਵਰਸ਼ੀ ਪਲੈਨ ਦਾ ਕਾਮਯਾਬੀ ਨਾਲ ਪੂਰਾ ਹੋਣਾ ਸੋਵੀਅਟ ਯੂਨੀਅਨ ਦੀ ਆਰਥਕ ਤੇ ਸਭਿਆਚਾਰਕ ਤਰੱਕੀ ਤੇ ਵਿਕਾਸ ਦਾ ਸਬੂਤ ਹੈ। ਇਹ ਗਲ ਸੋਵੀਅਟ ਯੂਨੀਅਨ ਤੇ ਲੋਕ-ਜਮਹੂਰੀਅਤਾਂ ਵਿਚਕਾਰ ਆਰਥਕ ਮਿਲ-ਵਰਤਣ ਨੂੰ ਹੋਰ ਤਰੱਕੀ ਦੇਣ ਅਤੇ ਉਹਨਾਂ ਸਾਰੇ ਦੇਸਾਂ ਨਾਲ, ਜਿਹੜੇ ਬਰਾਬਰੀ ਤੇ ਪ੍ਰਸਪਰ ਲਾਭ ਦੇ ਆਧਾਰ ਤੇ ਵਪਾਰ ਵਧਾਣ ਦੇ ਇੱਛਕ ਹਨ, ਆਰਥਕ ਸਬੰਧ ਵਧਾਣ ਨੂੰ ਸਹਿਲ ਬਣਾਂਦੀ ਹੈ।

੧੯. ਸੋਵੀਅਟ ਸ਼ਹਿਰੀਆਂ ਦੇ ਕੰਮ ਕਰਨ ਦੇ ਹਕ ਨੂੰ ਕਿਵੇਂ ਯਕੀਨੀ ਬਣਾਇਆ ਗਿਆ ਹੈ ਅਤੇ ਸੋਵੀਅਟ ਯੂਨੀਅਨ ਵਿਚ ਬੇਕਾਰੀ ਕਿਉਂ ਨਹੀਂ ਹੈ ਤੇ ਕਿਉਂ ਨਹੀਂ ਹੋ ਸਕਦੀ?

ਸੋਵੀਅਟ ਯੂਨੀਅਨ ਦੇ ਵਿਧਾਨ ਦੀ ਧਾਰਾ ੧੧੮ ਵਿਚ ਲਿਖਿਆ ਹੈ:

"ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਨੂੰ ਕੰਮ ਕਰਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਕ ਹੈ, ਅਰਥਾਤ ਉਨ੍ਹਾਂ ਨੂੰ ਪੱਕੇ ਰੁਜ਼ਗਾਰ ਤੇ ਕੰਮ ਦੀ ਮਿਕਦਾਰ ਤੇ ਗੁਣ (ਕੁਆਲਟੀ) ਦੇ ਲਿਹਾਜ਼ ਨਾਲ ਉਜਰਤ ਦਾ ਹੱਕ ਹੈ।''

''ਕੌਮੀ ਆਰਥਕਤਾ ਦੀ ਸੋਸ਼ਲਿਸਟ ਜਥੇਬੰਦੀ, ਸੋਵੀਅਟ ਸਮਾਜ ਦੀਆਂ ਪੈਦਾਵਾਰੀ ਸ਼ਕਤੀਆਂ ਦੀ ਲਗਾਤਾਰ ਤਰੱਕੀ, ਆਰਥਕ ਸੰਕਟਾਂ ਦੀ ਸੰਭਾਵਨਾ ਦਾ ਖ਼ਾਤਮਾ, ਅਤੇ ਬੇਕਾਰੀ ਦੇ ਖ਼ਾਤਮੇ ਦੇ ਕਾਰਨ ਉਨ੍ਹਾਂ ਦਾ ਕੰਮ ਦਾ ਹੱਕ ਯਕੀਨੀ ਹੋ ਗਿਆ ਹੈ।''

ਕੌਮੀ ਆਰਥਕਤਾ ਦੇ ਸੋਸ਼ਲਿਸਟ ਪ੍ਰਬੰਧ ਨੇ ਇਕ ਸਾਂਝੀ ਸਟੇਟ ਪਲੈਨ ਅਨੁਸਾਰ ਕੌਮੀ ਆਰਥਕਤਾ ਦੀ ਤਰੱਕੀ ਨੂੰ ਸੰਗਠਤ ਕਰਨਾ ਸੰਭਵ ਬਣਾ ਦਿਤਾ ਹੈ ਕਿਉਂ ਜੁ ਇਹ ਆਰਥਕ ਪ੍ਰਬੰਧ ਪੈਦਾਵਾਰੀ ਵਸੀਲਿਆਂ ਤੇ ਸੰਦਾਂ (ਜ਼ਮੀਨ ਤੇ ਇਹਦੇ ਖਣਿਜ ਪਦਾਰਥ, ਮਿੱਲਾਂ, ਫੈਕਟਰੀਆਂ, ਖਾਣਾਂ, ਟਰਾਂਸਪੋਰਟ ਆਦਿ) ਦੀ ਜਨਤਕ ਮਾਲਕੀ ਦੀ ਬੁਨਿਆਦ ਤੇ ਕਾਇਮ ਹੈ। (ਵੇਖੋ ਉਤਰ ੧੪) ਪਲੈਨ ਦਾ ਮੰਤਵ ਇਹ ਹੁੰਦਾ ਹੈ ਕਿ ਦੇਸ ਦੀਆਂ ਪੈਦਾਵਾਰੀ ਸ਼ਕਤੀਆਂ ਦੀ ਲਗਾਤਾਰ ਤਰੱਕੀ ਹੋਵੇ, ਪੈਦਾਵਾਰ ਵਿਚ ਲਗਾਤਾਰ ਵਾਧਾ ਹੋਵੇ ਅਤੇ ਜਨਤਾ ਦਾ ਜੀਵਨ-ਮਿਆਰ ਦਿਨ ਬਦਿਨ ਚੰਗਾ ਹੁੰਦਾ ਜਾਵੇ।

ਸਮਾਜਕ ਪੈਦਾਵਾਰ ਵਿਚ ਲਗਾਤਾਰ ਵਾਧਾ ਹੋਣ ਅਤੇ ਸ਼ਹਿਰੀਆਂ ਦੀ ਖ਼ਰੀਦ-ਸ਼ਕਤੀ ਲਗਾਤਾਰ ਵਧਣ ਕਰਕੇ ਆਰਥਕ ਸੰਕਟ ਤੇ ਬੇਰੁਜ਼ਗਾਰੀ ਦੀ ਸੰਭਾਵਨਾ ਬਿਲਕੁਲ ਮਿਟ ਜਾਂਦੀ ਹੈ ਅਤੇ ਹਰ ਆਦਮੀ ਨੂੰ ਪੂਰਾ ਸਮਾਂ ਕੰਮ ਮਿਲਣ ਦੀ ਗਾਰੰਟੀ ਹੋ ਜਾਂਦੀ ਹੈ। ਸੋਵੀਅਟ ਯੂਨੀਅਨ ਵਿਚ ਨਾ ਕੋਈ ਬੇਰੁਜ਼ਗਾਰੀ ਹੈ, ਤੇ ਨਾ ਹੀ ਹੋ ਸਕਦੀ ਹੈ, ਸਗੋਂ ਕੌਮੀ ਆਰਥਕਤਾ ਦੀਆਂ ਹਰ ਵਰ੍ਹੇ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਟੇਟ ਵਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਖਾਨਿਆਂ ਤੇ ਦਫਤਰਾਂ ਲਈ ਯੋਗ ਕਾਰਕੁਨਾਂ ਨੂੰ ਟਰੇਨਿੰਗ ਦੇਣ ਲਈ ਬੜੀ ਵਡੀ ਰਕਮ ਖਰਚ ਕੀਤੀ ਜਾਂਦੀ ਹੈ।

ਉਜਰਤ ਤੇ ਤਨਖਾਹ ਪਾਣ ਵਾਲੇ ਮਜ਼ਦੂਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸ ਤਰ੍ਹਾਂ ੧੯੫੦ ਦੇ ਅੰਤ ਤੇ ੧੯੪੦ ਦੇ ਟਾਕਰੇ ਤੇ ਸੋਵੀਅਟ ਯੂਨੀਅਨ ਦੀ ਕੌਮੀ ਆਰਥਕਤਾ ਕੋਲ ਉਜਰਤ ਤੇ ਤਨਖਾਹ ਪਾਣ ਵਾਲੇ ਮਜ਼ਦੂਰਾਂ ਦੀ ਗਿਣਤੀ ੭੭ ਲਖ ਵਧ ਸੀ। ੧੯੫੧ ਤੇ ੧੯੫੨ ਵਿਚ ਇਸ ਗਿਣਤੀ ਵਿਚ ਹੋਰ ੨੫ ਲਖ ਦਾ ਵਾਧਾ ਹੋਇਆ।

੧੯੫੩ ਦੇ ਅੰਤ ਤੇ ਸੋਵੀਅਟ ਯੂਨੀਅਨ ਵਿਚ ਉਜਰਤ ਤੇ ਤਨਖਾਹ ਪਾਣ ਵਾਲੇ ਮਜ਼ਦੂਰਾਂ ਦੀ ਕੁਲ ਗਿਣਤੀ ੪ ਕਰੋੜ ੪੮ ਲਖ ਸੀ।

ਸੋਵੀਅਟ ਯੂਨੀਅਨ ਵਿਚ ਹਰ ਆਦਮੀ ਕੋਲ ਕੰਮ ਹੈ ਤੇ ਉਹਨੂੰ ਆਪਣੇ ਭਵਿਖ ਸਬੰਧੀ ਪੂਰਾ ਵਿਸ਼ਵਾਸ਼ ਹੈ।

੨੦. ਸੋਵੀਅਟ ਸ਼ਹਿਰੀ ਆਪਣੇ ਆਰਾਮ ਤੇ ਵਿਹਲ ਦੇ ਹਕ ਦੀ ਵਰਤੋਂ ਕਿਵੇਂ ਕਰਦੇ ਹਨ ?

ਸੋਵੀਅਤ ਯੂਨੀਅਨ ਦੇ ਸਭ ਸ਼ਹਿਰੀਆਂ ਨੂੰ ਸਟੇਟ ਵਲੋਂ ਆਰਾਮ ਤੇ ਵਿਹਲ ਦੇ ਹਕ ਦੀ ਗਾਰੰਟੀ ਦਿਤੀ ਗਈ ਹੈ।

ਇਹ ਹਕ ਪਹਿਲਾਂ ਤਾਂ ਇਸ ਗੱਲ ਨਾਲ ਯਕੀਨੀ ਬਣਦਾ ਹੈ ਕਿ ਸੋਵੀਅਟ ਯੂਨੀਅਨ ਵਿਚ ਕੰਮ ਦਾ ਹਫਤਾ ਵਧ ਤੋਂ ਵਧ ੪੮ ਘੰਟੇ ਦਾ ਹੈ।

ਹਫਤੇ ਵਿਚ ਘਟੋ ਘਟ ਇਕ ਸਪਤਾਹਕ ਛੁਟੀ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨਾਂ ਸੋਵੀਅਟ ਮਜ਼ਦੂਰਾਂ ਨੂੰ ਤਨਖਾਹ ਸਣੇ ਸਾਲਾਨਾ ਛੁਟੀ ਦਾ ਹਕ ਹਾਸਲ ਹੈ। ਘਟੋ ਘਟ ਸਾਲਾਨਾ ਛੁਟੀ ਦੋ ਹਫਤੇ ਦੀ ਹੁੰਦੀ ਹੈ, ਪਰ ਕਈ ਮਜ਼ਦੂਰਾਂ ਨੂੰ ਤਿੰਨ ਹਫਤੇ ਜਾਂ ਇਕ ਮਹੀਨੇ ਦੀ ਛੁਟੀ ਵੀ ਮਿਲਦੀ ਹੈ। ਮਹੀਨੇ ਦੀ ਛੁਟੀ ਵਾਲੇ ਮਜ਼ਦੂਰਾਂ ਵਿਚ ਖਾਣਾਂ ਵਿਚ ਕੰਮ ਕਰਨ ਵਾਲੇ, ਲੋਹੇ ਤੇ ਫੌਲਾਦ ਦੇ ਮਜ਼ਦੂਰ, ਸੂਤੀ ਕਪੜੇ ਦੇ ਮਜ਼ਦੂਰ, ਰੇਲਵਾਈ, ਅਤੇ ਹੋਰ ਕਈ ਸਨਅਤਾਂ ਦੇ ਮਜ਼ਦੂਰ ਸ਼ਾਮਲ ਹਨ। ਉਸਤਾਦਾਂ ਤੇ ਵਿਗਿਆਨਕ ਕਾਮਿਆਂ ਨੂੰ ਦੋ ਮਹੀਨਿਆਂ ਦੀ ਛੁਟੀ ਮਿਲਦੀ ਹੈ।

ਹਰ ਵਰ੍ਹੇ ਲਖਾਂ ਹੀ ਮਜ਼ਦੂਰ ਸੈਰਗਾਹਾਂ ਅਤੇ ਅਰੋਗਤਾ-ਦਾਇਕ ਸਥਾਨਾਂ ਤੇ ਆਪਣੀਆਂ ਛੁਟੀਆਂ ਬਿਤਾਂਦੇ ਹਨ।

ਸੈਨੀਟੋਰੀਅਮਾਂ ਤੇ ਆਰਾਮ-ਘਰਾਂ ਵਿਚ ਮਿਹਨਤਕਸ਼ ਲੋਕਾਂ ਨੂੰ ਖਰਚ ਵਿਚ ੭੦ ਫ਼ੀ ਸਦੀ ਰਿਆਇਤ ਦਿਤੀ ਜਾਂਦੀ ਹੈ ਤੇ ਇਹ ਫ਼ਰਕ ਸਟੇਟ ਇਨਸ਼ੋਰੰਸ ਫੰਡ ਚੋਂ ਅਦਾ ਕੀਤਾ ਜਾਂਦਾ ਹੈ। ਬਹੁਤੀ ਥਾਈਂ ਰਿਹਾਇਸ਼ ਦਾ ਪ੍ਰਬੰਧ ਬਿਲਕੁਲ ਮੁਫ਼ਤ ਹੈ। ਕਰੀਮੀਆਂ, ਕਾਕੇਸ਼ੀਆ ਅਤੇ ਸੋਵੀਅਟ ਯੂਨੀਅਨ ਦੇ ਹੋਰ ਸਿਹਤ-ਸਥਾਨਾਂ ਤੇ ਦੋ ਹਜ਼ਾਰ ਤੋਂ ਵੀ ਉਪਰ ਸੈਨੀ-ਟੋਰੀਅਮ ਤੇ ਆਰਾਮ-ਘਰ ਬਣੇ ਹੋਏ ਹਨ।

੨੧. ਬੁਢੀ ਉਮਰੇ ਜੀਵਨ ਲੋੜਾਂ ਪੂਰੀਆਂ ਕਰਨ ਲਈ ਕੀ ਅਮਲੀ ਸਹੂਲਤਾਂ ਦਿਤੀਆਂ ਜਾਂਦੀਆਂ ਹਨ ?

ਬੁਢਾਪੇ ਵਿਚ ਸੋਵੀਅਟ ਸ਼ਹਿਰੀਆਂ ਦੀਆਂ ਜੀਵਨ-ਲੋੜਾਂ ਦਾ ਖਰਚਾ ਸਟੇਟ ਦਿੰਦੀ ਹੈ। ਸੋਵੀਅਟ ਕਾਨੂੰਨ ਅਨੁਸਾਰ ਜਦੋਂ ਕੋਈ ਮਰਦ ੬੦ ਵਰ੍ਹੇ ਦਾ ਹੋ ਜਾਂਦਾ ਹੈ ਤੇ ਜੇ ਉਹ ੨੫ ਵਰ੍ਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਕ ਕੰਮ ਕਰ ਚੁਕਿਆ ਹੋਵੇ ਤਾਂ ਉਹਨੂੰ ਉਮਰ ਭਰ ਲਈ ਪਿਨਸ਼ਨ ਦਿਤੀ ਜਾਂਦੀ ਹੈ। ਇਸਤ੍ਰੀਆਂ ਨੂੰ ਪਿਨਸ਼ਨ ੫੫ ਵਰ੍ਹੇ ਦੀ ਉਮਰ ਵਿਚ ੨੦ ਵਰ੍ਹੇ ਕੰਮ ਕਰਨ ਤੇ ਦਿਤੀ ਜਾਂਦੀ ਹੈ। ਕੁਝ ਕਿਸਮ ਦੇ ਮਜ਼ਦੂਰਾਂ ਨੂੰ, ਖਾਸ ਤੌਰ ਤੇ ਖਾਣਾਂ, ਲੋਹੇ ਤੇ ਫ਼ੌਲਾਦ ਦੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ੫੦ ਵਰ੍ਹੇ ਦੀ ਉਮਰ ਵਿਚ ਹੀ ਪਿਨਸ਼ਨ ਦੇ ਦਿਤੀ ਜਾਂਦੀ ਹੈ।

ਜੇ ਪਿਨਸ਼ਨ ਪਾਣ ਵਾਲਾ ਬਿਲਕੁਲ ਅਰੋਗ ਹੋਵੇ ਤੇ ਕੰਮ ਕਰ ਸਕਦਾ ਹੋਵੇ ਤਾਂ ਵੀ ਉਹਨੂੰ ਬੁਢਾਪੇ ਦੀ ਪਿਨਸ਼ਨ ਦੇ ਦਿਤੀ ਜਾਂਦੀ ਹੈ। ਪਰ ਜੇ ਪਿਨਸ਼ਨ ਪਾਣ ਵਾਲਾ ਚਾਹੇ ਤਾਂ ਉਹ ਆਪਣਾ ਕੰਮ ਜਾਰੀ ਰਖ ਸਕਦਾ ਹੈ, ਪਰ ਉਹਨੂੰ ਪੂਰੀ ਪਿਨਸ਼ਨ ਫੇਰ ਵੀ ਮਿਲਦੀ ਰਹੇਗੀ।

ਖਾਣਾਂ ਵਿਚ ਅਤੇ ਲੋਹੇ ਤੇ ਫੌਲਾਦ ਦੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ, ਧਰਤੀ-ਵਿਗਿਆਨ ਦੇ ਕਾਰਕੁਨਾਂ ਅਤੇ ਕਈ ਦੂਜੀਆਂ ਸਨਅਤਾਂ ਤੇ ਪੇਸ਼ਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਬਹੁਤੀ ਪਿਨਸ਼ਨ ਮਿਲਦੀ ਹੈ।

ਸਾਂਝੇ ਖੇਤਾਂ ਤੇ ਕੰਮ ਕਰਨ ਵਾਲੇ ਕਿਸਾਨਾਂ ਦੀ ਬੁਢਾਪੇ ਵਿਚ ਮਦਦ ਜ਼ਰਾਇਤੀ ਆਰਟਲਾਂ ਦੇ ਨਿਯਮਾਂ ਅਨੁਸਾਰ ਕੀਤੀ ਜਾਂਦੀ ਹੈ। ਇਸ ਮਤਲਬ ਲਈ ਸਾਂਝੇ ਖੇਤਾਂ ਦਾ ਇਕ ਵਿਸ਼ੇਸ਼ ਫੰਡ ਹੁੰਦਾ ਹੈ।

੨੨. ਕੀ ਸਭ ਸੋਵੀਅਟ ਬੱਚੇ ਸਕੂਲ ਜਾਂਦੇ ਹਨ ?

ਹਾਂ, ਸਭ ਸੋਵੀਅਟ ਬੱਚੇ ਸਕੂਲ ਜਾਂਦੇ ਹਨ, ਇਹ ਸਭ ਲਈ ਲਾਜ਼ਮੀ ਹੈ। ਮੁਫ਼ਤ, ਸਰਬ ਵਿਆਪਕ ਸਤ-ਸਾਲਾ

पुस्तकालय
CC-0. In Public Domain. Gurukul Kangri Collection, Haridwar

गुरुकुल काँगड़ी

Digitized by Arya Samaj Foundation Chennai and eGangotri

ਵਿਦਿਆ (ਪੜ੍ਹਨੇ ਪੈਣ ਦੀ ਉਮਰ ਸਤ ਸਾਲ ਹੈ) ਕਾਨੂੰਨ ਦੁਆਰਾ ਲਾਜ਼ਮੀ ਕਰਾਰ ਦਿਤੀ ਗਈ ਹੈ।

ਸਤ ਜਮਾਤਾਂ ਪੂਰੀਆਂ ਕਰਨ ਪਿਛੋਂ ਬਹੁਤੇ ਸੋਵੀਅਟ ਮੁੰਡੇ ਤੇ ਕੁੜੀਆਂ ਸੈਕੰਡਰੀ ਸਕੂਲਾਂ ਦੀਆਂ ਉਚੀਆਂ ਜਮਾਤਾਂ ਵਿਚ ਆਪਣੀ ਪੜ੍ਹਾਈ ਜਾਰੀ ਰਖਦੇ ਹਨ (ਸੈਕੰਡਰੀ ਸਕੂਲ ਦੀਆਂ ਦਸ ਜਮਾਤਾਂ ਹਨ) ਜਾਂ ਵਿਸ਼ੇਸ਼ ਸੈਕੰਡਰੀ ਸਕੂਲਾਂ ਵਿਚ ਪ੍ਰਵੇਸ਼ ਕਰਦੇ ਹਨ ਜਿਥੇ ਇਕ ਖ਼ਾਸ ਮਜ਼ਮੂਨ ਵਿਚ ਸਿਖਿਆ ਪ੍ਰਾਪਤੀ ਤੋਂ ਬਿਨਾ ਉਹ ਦਸ ਸਾਲਾ ਆਮ ਤਾਲੀਮ ਵੀ ਪੂਰੀ ਕਰਦੇ ਹਨ।

ਪੰਜਵੀਂ ਪੰਜ ਸਾਲਾ ਪਲੈਨ ਦੇ ਸਮੇਂ ਵਿਚ (੧੯੫੧-੧੯੫੫) ਆਮ ਸਤ-ਸਾਲਾ ਵਿਦਿਆ ਤੋਂ ਆਮ ਸੈਕੰਡਰੀ-ਸਕੂਲ ਵਿਦਿਆ (ਦਸ ਸਾਲਾ) ਵਿਚ ਤਬਦੀਲੀ ਸਭਨਾਂ ਰੀਪਬਲਿਕਾਂ ਦੀਆਂ ਰਾਜਧਾਨੀਆਂ, ਸਭ ਪ੍ਰਾਦੇਸ਼ਕ ਕੇਂਦਰਾਂ ਤੇ ਦੂਜੇ ਵਡੇ ਵਡੇ ਸ਼ਹਿਰਾਂ ਵਿਚ ਪੂਰੀ ਕਰ ਲਈ ਜਾਵੇਗੀ। ਅਗਲੇ ਪੰਜ ਵਰ੍ਹੇ ਦੇ ਸਮੇਂ (੧੯੫੬-੧੯੬੦) ਵਿਚ ਸਾਰੇ ਦੂਜੇ ਸ਼ਹਿਰਾਂ ਤੇ ਦੇਹਾਤੀ ਸਥਾਨਾਂ ਵਿਚ ਵੀ ਆਮ ਸੈਕੰਡਰੀ ਸਕੂਲ ਵਿਦਿਆ ਪੂਰੀ ਤਰ੍ਹਾਂ ਜਾਰੀ ਕਰਨ ਲਈ ਹਾਲਾਤ ਵੀ ਏਸੇ ਦੌਰਾਨ ਵਿਚ ਤਿਆਰ ਕੀਤੇ ਜਾਣਗੇ।

ਮੌਜੂਦਾ ਪੰਜ-ਸਾਲਾ ਪਲੈਨ ਦੇ ਦੌਰਾਨ ਵਿਚ ਪਾਲੀਟੈਕਨੀਕਲ (ਬਹੁ-ਹੁਨਰੀ) ਵਿਦਿਆ ਜਾਰੀ ਕੀਤੀ ਜਾਵੇਗੀ। ਇਸ ਨਾਲ ਆਮ ਸਕੂਲਾਂ ਦੀ ਵਿਦਿਅਕ ਮਹੱਤਤਾ ਵਧ ਜਾਵੇਗੀ, ਨੌਜਵਾਨਾਂ ਨੂੰ ਵਿਸ਼ਾਲ ਸਿਖਿਆ ਪ੍ਰਾਪਤ ਹੋਵੇਗੀ, ਅਤੇ ਇਹ ਵਿਦਿਆ ਸੈਕੰਡਰੀ ਸਕੂਲਾਂ ਵਿਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਲਈ ਅਜੇਹੇ ਹਾਲਾਤ ਪੈਦਾ ਕਰੇਗੀ ਕਿ ਉਹ ਆਪਣੇ ਪੇਸ਼ੇ ਦੀ ਚੋਣ ਆਜ਼ਾਦੀ ਨਾਲ ਕਰ ਸਕਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੯੫੨ ਵਿਚ ਸੋਵੀਅਟ ਯੂਨੀਅਨ ਦੇ ਆਮ ਵਿਦਿਅਕ ਤੇ ਖਾਸ ਸੈਕੰਡਰੀ ਸਕੂਲਾਂ ਵਿਚ ੩ ਕਰੋੜ ੮੦ ਲਖ ਵਿਦਿਆਰਥੀ ਸਨ ।

ਆਮ ਸਤ ਸਾਲਾ ਵਿਦਿਆ ਨੂੰ ਯਕੀਨੀ ਬਨਾਣ ਲਈ ਸੋਵੀਅਟ ਸਟੇਟ ੨ ਲਖ ੨੦ ਹਜ਼ਾਰ ਤੋਂ ਉਪਰ ਸਕੂਲ ਚਲਾਂਦੀ ਹੈ । ਜੰਗ ਮਗਰਲੇ ਵਰ੍ਹਿਆਂ ਵਿਚ ੨੩੫੦੦ ਨਵੇਂ ਸਕੂਲ ਖੋਹਲੇ ਗਏ ਹਨ ਅਤੇ ਪੰਜਵੀਂ ਪੰਜ-ਸਾਲਾ ਪਲੈਨ ਦੇ ਸਮੇਂ ਵਿਚ ਹੌਲੀ ਹੌਲੀ ਦਸ-ਸਾਲਾ ਆਮ ਵਿਦਿਆ ਦੀ ਮੰਜ਼ਲ ਤਕ ਪੁਜਣ ਲਈ ਜਿਹੜੇ ਨਵੇਂ ਸਕੂਲ ਖੋਹਲੇ ਜਾਣਗੇ ਉਨ੍ਹਾਂ ਦੀ ਗਿਣਤੀ ਜੰਗ-ਮਗਰਲੇ ਪਹਿਲੇ ਪੰਜ ਵਰ੍ਹਿਆਂ ਵਿਚ ਖੋਹਲੇ ਜਾਣ ਵਾਲੇ ਸਕੂਲਾਂ ਦੇ ਟਾਕਰੇ ਤੇ ੭੦ ਫੀ ਸਦੀ ਬਹੁਤੀ ਹੋਵੇਗੀ । ਸਭ ਸਕੂਲਾਂ ਵਿਚ ਸਿਖਿਆ ਵਿਦਿਆਰਥੀਆਂ ਦੀ ਮਾਤ-ਬੋਲੀ ਵਿਚ ਦਿਤੀ ਜਾਂਦੀ ਹੈ । ਸੋਵੀਅਟ ਯੂਨੀਅਨ ਦੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਵੀ, ਐਨ ਉਤਰੀ ਇਲਾਕਿਆਂ ਵਿਚ, ਪਾਮੀਰ ਤੇ ਅਲਤਾਈ ਦੇ ਪਹਾੜਾਂ ਤੇ ਅਤੇ ਮਧ-ਏਸ਼ੀਆਈ ਮਾਰੂਥਲਾਂ ਦੇ ਨਖ਼ਲਿਸਤਾਨਾਂ ਵਿਚ ਵੀ ਸਕੂਲ ਹਨ—ਇਨ੍ਹਾਂ ਇਲਾਕਿਆਂ ਵਿਚ ਵਸਣ ਵਾਲੀਆਂ ਕੌਮੀਅਤਾਂ ਪਾਸ ਇਨਕਲਾਬ ਤੋਂ ਪਹਿਲਾਂ ਆਪਣੀਆਂ ਜ਼ਬਾਨਾਂ ਲਈ ਕੋਈ ਲਿਪੀ ਵੀ ਨਹੀਂ ਸੀ ।

ਪੜ੍ਹਾਈ ਦੀਆਂ ਸਭ ਪੁਸਤਕਾਂ ਛਾਪਣ ਦਾ ਖਰਚ ਸਟੇਟ ਦੇਂਦੀ ਹੈ ਅਤੇ ਸਕੂਲਾਂ ਦੀਆਂ ਲੋੜਾਂ ਦੀਆਂ ਬਾਕੀ ਚੀਜ਼ਾਂ ਵਸਤਾਂ ਵੀ ਸਟੇਟ ਹੀ ਦਿੰਦੀ ਹੈ ।

ਸਕੂਲਾਂ ਦੇ ਉਸਤਾਦਾਂ ਦੀ ਗਿਣਤੀ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ । ਇਸ ਵੇਲੇ ਉਨ੍ਹਾਂ ਦੀ ਗਿਣਤੀ ਸੋਲਾਂ ਲਖ ਤੋਂ ਉਪਰ ਹੈ । ਅਗਲੇ ਕੁਝ ਵਰ੍ਹਿਆਂ ਵਿਚ ਸੈਕੰਡਰੀ-ਸਕੂਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਿਆ ਹੋਰ ਫੈਲ ਜਾਣ ਨਾਲ ੧੯੫੧ ਤੇ ੧੯੫੫ ਦੇ ਵਿਚਕਾਰ ਵਿਦਿਅਕ ਸੰਸਥਾਵਾਂ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਇਸ ਤੋਂ ਪਹਿਲੇ ਦੇ ਪੰਜ ਸਾਲਾਂ ਦੇ ਟਾਕਰੇ ਤੇ ੪੫ ਫ਼ੀ ਸਦੀ ਵਧ ਹੋਵੇਗੀ ।

੨੩. ਉਚੇਰੀ ਸਿਖਿਆ ਦੀ ਪ੍ਰਾਪਤੀ ਦੇ ਕੀ ਮੌਕੇ ਮਿਲਦੇ ਹਨ ?

ਸੋਵੀਅਟ ਯੂਨੀਅਨ ਵਿਚ ੧੯੫੩ ਵਿਚ ਉਚੇਰੀਆਂ ਵਿਦਿਅਕ ਸੰਸਥਾਵਾਂ ਦੀ ਗਿਣਤੀ ੮੯੦ ਸੀ, ਅਤੇ ਉਨ੍ਹਾਂ ਵਿਚ ਦਾਖ਼ਲ ਹੋਏ ਵਿਦਿਆਰਥੀ ੧੫,੬੨,੦੦੦ ਸਨ । ਦੁਨੀਆਂ ਦੇ ਕਿਸੇ ਹੋਰ ਦੇਸ ਵਿਚ ਇਹ ਗਿਣਤੀ ਨਹੀਂ ਮਿਲਦੀ । ਜੰਗ ਤੋਂ ਮਗਰਲੇ ਵਰ੍ਹਿਆਂ ਵਿਚ ਉਚੇਰੀ ਵਿਦਿਆ ਦੇ ਡੇਢ ਸੌ ਨਵੇਂ ਵਿਦਿਆਲੇ ਖੋਹਲੇ ਗਏ ਹਨ ।

੧੭ ਤੋਂ ੩੫ ਵਰ੍ਹੇ ਦੀ ਆਯੂ ਦੇ ਉਹ ਸਾਰੇ ਸ਼ਹਿਰੀ, ਜਿਨ੍ਹਾਂ ਨੇ ਸੈਕੰਡਰੀ ਵਿਦਿਆ ਪੂਰੀ ਕਰ ਲਈ ਹੈ ਤੇ ਐਂਟਰੈਂਸੀ (ਦਾਖਲੇ ਦੇ) ਇਮਤਿਹਾਨ ਪਾਸ ਕਰ ਲਏ ਹਨ, ਉਚੇਰੀ ਸਿਖਿਆ ਦੇ ਸਕੂਲਾਂ ਵਿਚ ਦਾਖ਼ਲ ਹੋ ਸਕਦੇ ਹਨ । ਜੋ ਕੁਝ ਉਨ੍ਹਾਂ ਪੜ੍ਹ ਲਿਆ ਹੈ ਉਸਦਾ ਪੂਰਨ ਗਿਆਨ ਹੋਣਾ ਹੀ ਇਕੋ ਇਕ ਸ਼ਰਤ ਹੈ । ਸੋਵੀਅਟ ਵਿਦਿਆਰਥੀ ਮਜ਼ਦੂਰਾਂ, ਕਿਸਾਨਾਂ ਤੇ ਵਿਦਵਾਨਾਂ ਦੇ ਪੁਤਰ ਧੀਆਂ ਹਨ ।

ਦੂਰੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਹੋਸਟਲਾਂ ਵਿਚ ਥਾਂ ਦਿਤੀ ਜਾਂਦੀ ਹੈ । ਪੜ੍ਹਾਈ ਵਿਚ ਚੰਗੇ ਸਭ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਪੂਰੇ ਸਮੇਂ ਲਈ ਮਾਹਵਾਰ ਅਲਾਊਂਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦਾ ਹੈ, ਜਿਸ ਨਾਲ ਉਹਨਾਂ ਦਾ ਸੋਹਣਾ ਗੁਜ਼ਾਰਾ ਹੋ ਜਾਂਦਾ ਹੈ। ਗਰਮੀ ਦੀਆਂ ਛੁਟੀਆਂ ਵਿਚ ਵਿਦਿਆਰਥੀਆਂ ਨੂੰ ਸੈਨੀਟੋਰੀਅਮਾਂ ਤੇ ਅਰਾਮ-ਘਰਾਂ ਵਿਚ ਮੁਫ਼ਤ ਰਿਹਾਇਸ਼ ਮਿਲਦੀ ਹੈ।

ਸਭਨਾਂ ਯੂਨੀਅਨ ਤੇ ਖ਼ੁਦ ਮੁਖਤਾਰ ਰੀਪਬਲਿਕਾਂ, ਇਲਾਕਿਆਂ ਤੇ ਪ੍ਰਦੇਸ਼ਾਂ ਵਿਚ ਉਚੇਰੀ ਸਿਖਿਆ ਦੇ ਸਕੂਲ ਹਨ। ਸੋਵੀਅਟ ਵਿਦਿਆਰਥੀਆਂ ਵਿਚ ਸਭ ਕੌਮੀਅਤਾਂ ਦੇ ਵਿਦਿਆਰਥੀ ਹਨ, ਸਣੇ ਉਨ੍ਹਾਂ ਕੌਮੀਅਤਾਂ ਦੇ ਜਿਨ੍ਹਾਂ ਪਾਸ ਇਨਕਲਾਬ ਤੋਂ ਪਹਿਲਾਂ ਆਪਣੀ ਜ਼ਬਾਨ ਨੂੰ ਲਿਖਣ ਲਈ ਕੋਈ ਲਿਪੀ ਨਹੀਂ ਸੀ।

੫੭ ਕੌਮੀਅਤਾਂ ਦੇ ਯੁਵਕ ਤੇ ਮੁਟਿਆਰਾਂ ਦੇਸ ਦੇ ਉਚੇਰੀ ਸਿਖਿਆ ਦੇ ਸਭ ਤੋਂ ਵਡੇ ਵਿਦਿਆਲੇ—ਮਾਸਕੋ ਸਟੇਟ ਯੂਨੀਵਰਸਟੀ ਵਿਚ ਪੜ੍ਹਦੇ ਹਨ। ਇਸ ਯੂਨੀਵਰਸਟੀ ਦਾ ਨਾਂਅ ਮਹਾਨ ਰੂਸੀ ਸਾਇੰਟਿਸਟ ਐਮ. ਵੀ. ਲੋਮੋਨੋਸੋਵ ਦੇ ਨਾਂਅ ਤੇ ਰਖਿਆ ਗਿਆ ਹੈ।

ਜੰਗ-ਮਗਰਲੇ ਪੰਜ ਵਰ੍ਹਿਆਂ ਵਿਚ (੧੯੪੬–੧੯੫੦) ਉਚੇਰੀ ਸਿਖਿਆ ਦੇ ਸਕੂਲਾਂ ਨੇ ਤੇ ਵਿਸੇਸ਼ ਸੈਕੰਡਰੀ ਸਕੂਲਾਂ ਨੇ ੬,੫੨,੦੦੦ ਇਸਤ੍ਰੀ ਮਰਦਾਂ ਨੂੰ ਉਚੇਰੀ ਸਿਖਿਆ ਅਤੇ ੧੨,੭੮,੦੦੦ ਨੂੰ ਵਿਸ਼ੇਸ ਸੈਕੰਡਰੀ ਵਿਦਿਆ ਦਿਤੀ। ੧੯੫੩ ਵਿਚ ਉਚੇਰੀ ਸਿਖਿਆ ਤੇ ਸੈਕੰਡਰੀ ਵਿਦਿਆ ਦੀਆਂ ਸੰਸਥਾਵਾਂ ਨੇ ਕੌਮੀ ਆਰਥਕਤਾ ਦੀਆਂ ਅਨੇਕਾਂ ਸ਼ਾਖਾਂ ਲਈ ੫,੦੦,੦੦੦ ਨੌਜਵਾਨ ਸਪੈਸ਼ਲਿਸਟਾਂ (ਮਾਹਰਾਂ) ਨੂੰ ਸਿਖਿਆ ਦਿਤੀ।

੧੯੫੪ ਵਿਚ ਸੋਵੀਅਟ ਯੂਨੀਅਨ ਦੇ ਉਚੇਰੀ ਸਿਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਵਿਦਿਆਲਿਆਂ ਨੇ ੨,੩੦,੦੦੦ ਸਪੇਸਲਿਸਟਾਂ ਨੂੰ ਸਿਖਿਆ ਦਿਤੀ, ਜਿਨ੍ਹਾਂ ਵਿਚੋਂ ੫੭,੦੦੦ ਨੇ ਚਿਠੀ-ਪੱਤਰ ਦੁਆਰਾ ਪੜ੍ਹਾਈ ਕੀਤੀ।

ਲੋਮੋਨੋਸੋਵ ਮਾਸਕੋ ਸਟੇਟ ਯੂਨੀਵਰਸਟੀ ਨੇ, ਜਿਸ ਨੇ ਨਵੀਂ ਬਿਲਡਿੰਗ ਵਿਚ ਆਪਣਾ ਪਹਿਲਾ ਵਿਦਿਅਕ ਸਾਲ ਖ਼ਤਮ ਕੀਤਾ ਹੈ, ਏਸ ਸਾਲ ਲਗ ਪਗ ੩੦੦੦ ਵਿਦਿਆਰਥੀਆਂ ਨੂੰ ਡਿਗਰੀ ਦਿਤੀ ਹੈ ਅਤੇ ਦੇਸ ਦੀਆਂ ਸਭ ੩੩ ਯੂਨੀਵਰ-ਸਿਟੀਆਂ ਨੇ ਕੁਲ ੧੭੦੦੦ ਤੋਂ ਵਧ ਨੌਜਵਾਨ ਸਪੈਸ਼ਲਿਸਟਾਂ ਨੂੰ ਡਿਗਰੀ ਦਿਤੀ ਹੈ।

੧੯੫੪ ਦੀ ਪਤਝੜ ਵਿਚ ਦੇਸ ਦੇ ਉਚੇਰੀ ਸਿਖਿਆ ਦੇ ਵਿਦਿਆਲਿਆਂ ਵਿਚ ਕੁਲ ੪,੪੦,੦੦੦ ਵਿਦਿਆਰਥੀ ਅਰਥਾਤ ਪਿਛਲੇ ਵਰ੍ਹੇ ਨਾਲੋਂ ੨੫,੦੦੦ ਬਹੁਤੇ ਵਿਦਿਆਰਥੀ ਦਾਖ਼ਲ ਹੋਣਗੇ।

੧੯੫੨ ਦੇ ਅੰਤ ਤੇ ਲਗ ਪਗ ੫੫ ਲਖ ਆਦਮੀ, ਜਿਨ੍ਹਾਂ ਨੇ ਉਚੇਰੀ ਜਾਂ ਵਿਸ਼ੇਸ਼ ਸੈਕੰਡਰੀ ਵਿਦਿਆ ਮੁਕੰਮਲ ਕਰ ਲਈ ਸੀ, ਸੋਵੀਅਟ ਯੂਨੀਅਨ ਵਿਚ ਕੰਮ ਕਰ ਰਹੇ ਸਨ। ੧੯੫੩ ਤਕ ਉਨ੍ਹਾਂ ਦੀ ਗਿਣਤੀ ਵਿਚ ੮ ਫ਼ੀ ਸਦੀ ਵਾਧਾ ਹੋ ਜਾਵੇਗਾ।

ਨੌਜਵਾਨ ਸਪੈਸ਼ਲਿਸਟਾਂ ਨੂੰ ਟਰੇਨਿੰਗ ਦੇਣ ਲਈ ਉਚੇਰੀ ਸਿਖਿਆ ਦੇ ਵਿਦਿਆਲੇ ਤੇ ਸਾਇੰਸ ਦੇ ਖੋਜ ਵਿਦਿਆਲੇ ਪੋਸਟ-ਗ੍ਰੈਜੂਏਟ ਕੋਰਸ ਪੜ੍ਹਾਂਦੇ ਹਨ। ਸਭ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਸਟੇਟ ਅਲਾਊਂਸ ਮਿਲਦੇ ਹਨ। ਪੋਸਟ-ਗ੍ਰੈਜੂਏਟਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੪. ਸੋਵੀਅਟ ਯੂਨੀਅਨ ਵਿਚ ਉਸਤਾਦਾਂ ਦੀ ਸਮਾਜਕ ਤੇ ਮਾਦੀ ਹੈਸੀਅਤ ਕੀ ਹੈ ?

ਸੋਵੀਅਟ ਯੂਨੀਅਨ ਵਿਚ ਉਸਤਾਦ ਦਾ ਪੇਸ਼ਾ ਇਕ ਇਜ਼ਤ ਵਾਲਾ, ਸਗੋਂ ਇਕ ਸ਼ਾਨਦਾਰ ਪੇਸ਼ਾ ਹੈ।

ਉਸਤਾਦਾਂ ਨੂੰ ਵੀ ਦੂਜੇ ਪੇਸ਼ਾਵਰ ਮਜ਼ਦੂਰਾਂ ਬਰਾਬਰ ਤਨਖਾਹ ਮਿਲਦੀ ਹੈ। ਇਸ ਤੋਂ ਬਿਨਾ ਉਨ੍ਹਾਂ ਦੀਆਂ ਤਨਖਾਹਾਂ ਵਿਚ ਸਰਵਿਸ ਦੀ ਲੰਮਾਈ ਅਨੁਸਾਰ ਬਾਕਾਇਦਾ ਵਾਧਾ ਵੀ ਹੁੰਦਾ ਰਹਿੰਦਾ ਹੈ।

ਦੇਹਾਤੀ ਇਲਾਕਿਆਂ ਵਿਚ ਸਟੇਟ ਦੇ ਖਰਚ ਤੇ ਉਸਤਾਦਾਂ ਲਈ ਮਕਾਨ ਬਣਾ ਕੇ ਦਿਤੇ ਜਾਂਦੇ ਹਨ, ਤੇ ਮਕਾਨਾਂ ਨਾਲ ਜ਼ਮੀਨ ਦਾ ਇਕ ਟੁਕੜਾ ਵੀ ਹੁੰਦਾ ਹੈ।

ਸਕੂਲ ਦੀਆਂ ਛੁਟੀਆਂ ਸਮੇਂ, ਉਸਤਾਦਾਂ ਨੂੰ ਤਨਖਾਹ ਸਣੇ ਦੋ ਮਹੀਨੇ ਦੀ ਛੁਟੀ ਮਿਲਦੀ ਹੈ। ਦੂਜੇ ਟ੍ਰੇਡ ਯੂਨੀਅਨ ਮੈਂਬਰਾਂ ਵਾਂਗ ਉਨ੍ਹਾਂ ਨੂੰ ਵੀ ਸੈਨੀਟੋਰੀਅਮਾਂ ਤੇ ਆਰਾਮ-ਘਰਾਂ ਵਿਚ ਜਾਂ ਤਾਂ ਮੁਫ਼ਤ ਰਿਹਾਇਸ਼ ਮਿਲਦੀ ਹੈ ਜਾਂ ੭੦ ਫ਼ੀ ਸਦੀ ਰਿਆਇਤ ਤੇ।

ਲੰਮੀ ਤੇ ਸ਼ਿਕਾਇਤ-ਰਹਿਤ ਨੌਕਰੀ ਦੇ ਸਿਲੇ ਵਜੋਂ ਉਸਤਾਦਾਂ ਨੂੰ ਆਰਡਰ ਤੇ ਮੈਡਲ ਮਿਲਦੇ ਹਨ। ਅਜੇਹੀ ਦਸ ਸਾਲ ਦੀ ਸੇਵਾ ਪਿਛੋਂ ਉਸਤਾਦ ਨੂੰ ਇਕ 'ਖਾਸ ਮਿਹਨਤ' ਦਾ ਤਮਗ਼ਾ ਮਿਲਦਾ ਹੈ। ਮੁਲਾਜ਼ਮਤ ਦੇ ਅਗਲੇ ਹਰ ਪੰਜ ਵਰ੍ਹੇ ਪਿਛੋਂ ਇਕ ਇਕ ਹੋਰ ਖਾਸ ਮੈਡਲ ਜਾਂ ਆਰਡਰ ਮਿਲਦਾ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩੦ ਵਰ੍ਹੇ ਦੀ ਸ਼ਿਕਾਇਤ-ਰਹਿਤ ਨੌਕਰੀ ਮਗਰੋਂ ਉਸਤਾਦ ਨੂੰ ਸੋਵੀਅਟ ਯੂਨੀਅਨ ਦਾ ਸਭ ਤੋਂ ਵਡਾ ਆਰਡਰ, ਆਰਡਰ ਆਫ਼ ਲੈਨਿਨ, ਮਿਲਦਾ ਹੈ।

ਸਿਰਫ਼ ਰੂਸੀ ਸੋਵੀਅਟ ਫੈਡਰੇਟਿਵ ਸੋਸ਼ਲਿਸਟ ਰੀਪਬ-ਲਿਕ ਵਿਚ ਹੀ, ਦੂਜੀਆਂ ਰੀਪਬਲਿਕਾਂ ਨੂੰ ਛਡ ਕੇ, ੧,੨੦,੦੦੦ ਉਸਤਾਦਾਂ ਨੂੰ ਆਰਡਰ ਜਾਂ ਮੈਡਲ ਮਿਲੇ ਹਨ।

ਖਾਸ ਵਿਸ਼ੇਸ਼ਤਾ ਕਰਕੇ ਉਸਤਾਦਾਂ ਨੂੰ 'ਆਨਰਡ ਟੀਚਰ' (ਸਤਕਾਰਿਆ ਉਸਤਾਦ) ਦਾ ਖ਼ਤਾਬ ਦਿਤਾ ਜਾਂਦਾ ਹੈ। ਇਹ ਖਤਾਬ ਯੂਨੀਅਨ ਰੀਪਬਲਿਕ ਦੀ, ਜਿਸ ਵਿਚ ਉਹ ਰਹਿੰਦਾ ਹੈ, ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਦੇ ਫ਼ੈਸਲੇ ਦੁਆਰਾ ਦਿਤਾ ਜਾਂਦਾ ਹੈ।

ਹਜ਼ਾਰਾਂ ਹੀ ਉਸਤਾਦ ਦੇਹਾਤਾਂ ਅਤੇ ਸ਼ਹਿਰਾਂ ਦੀਆਂ ਸੋਵੀਅਟਾਂ ਦੇ ਡਿਪਟੀ ਚੁਣੇ ਗਏ ਹਨ।

੨੫. ਕੀ ਕੋਈ ਸੋਵੀਅਟ ਮਜ਼ਦੂਰ ਆਪਣਾ ਕੰਮ ਕਰਦਾ ਹੋਇਆ ਐਂਜੀਨੀਅਰ ਬਣ ਸਕਦਾ ਹੈ?

ਹਾਂ, ਬਣ ਸਕਦਾ ਹੈ।

ਬਹੁਤ ਸਾਰੇ ਅਦਾਰੇ ਤੇ ਸੈਕੰਡਰੀ ਟੈਕਨੀਕਲ ਸਕੂਲ ਸ਼ਾਮ ਵੇਲੇ ਜਾਂ ਚਿਠੀ-ਪਤਰ ਰਾਹੀਂ ਪੜ੍ਹਾਈ ਕਰਵਾਈ ਜਾਂਦੀ ਹੈ। ਚਿਠੀ-ਪਤਰ ਦੁਆਰਾ ਸਿਖਿਆ ਦੇਣ ਦੇ ਖਾਸ ਅਦਾਰੇ ਵੀ ਹਨ। ਉਦਾਹਰਣ ਲਈ, ਸੋਵੀਅਟ ਯੂਨੀਅਨ ਦੀ ਪਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੈਕਨੀਕਲ ਇਨਸਟੀਚਿਊਟ ਵਿਚ, ਜਿਥੇ ਚਿਠੀ-ਪਤਰ ਦੁਆਰਾ ਸਿਖਿਆ ਦਿਤੀ ਜਾਂਦੀ ਹੈ, ਨੌ ਫੈਕਲਟੀਆਂ ਅਤੇ ੧੬੦੦੦ ਵਿਦਿਆਰਥੀ ਹਨ।

ਸੰਝ ਵੇਲੇ ਵਿਦਿਆ ਦੇਣ ਵਾਲੇ ਅਦਾਰਿਆਂ ਵਿਚੋਂ ਬਹੁਤੇ ਵਡੀਆਂ ਵਡੀਆਂ ਫੈਕਟਰੀਆਂ ਨਾਲ ਸੰਬੰਧਤ ਹਨ। ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਕੰਮ ਪਿਛੋਂ ਪੜ੍ਹਦੇ ਹਨ ਤੇ ਲੈਬਾਰ-ਟਰੀਆਂ (ਪ੍ਰਯੋਗ-ਸ਼ਾਲਾਵਾਂ) ਵਿਚ ਤਜਰਬੇ ਕਰਦੇ ਹਨ।

ਚਿੱਠੀ-ਪੱਤਰ ਰਾਹੀਂ ਵਿਦਿਆ ਹਾਸਲ ਕਰਨ ਵਾਲਿਆਂ ਨੂੰ ਡਾਕ ਦੁਆਰਾ ਪੜ੍ਹਾਈ ਕਰਵਾਈ ਜਾਂਦੀ ਹੈ ਪਰ ਇਨ੍ਹਾਂ ਨੂੰ ਵਰ੍ਹੇ ਵਿਚ ਕਈ ਵਾਰੀ ਸਕੂਲਾਂ ਵਿਚ ਜਾ ਕੇ ਵੀ ਪੜ੍ਹਾਈ ਕਰਨੀ ਪੈਂਦੀ ਹੈ!

ਇਸ ਪ੍ਰਕਾਰ ਸੰਝ ਦੇ ਸਕੂਲਾਂ ਤੇ ਚਿਠੀ-ਪੱਤਰ ਰਾਹੀਂ ਵਿਦਿਆ ਦੇਣ ਵਾਲੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਪਣਾ ਕੰਮ ਕਰਦਿਆਂ ਹੋਇਆਂ ਹੀ ਉਚੀ ਸਿਖਿਆ ਪ੍ਰਾਪਤ ਕਰਨ ਦਾ ਮੌਕਾ ਮਿਲ ਜਾਂਦਾ ਹੈ।

ਸੋਵੀਅਟ ਯੂਨੀਅਨ ਵਿਚ ਮਜ਼ਦੂਰਾਂ ਸਬੰਧੀ ਕਾਨੂੰਨ ਅਨੁਸਾਰ ਜਿਹੜੇ ਵਿਦਿਆਰਥੀ ਇਹਨਾਂ ਸਕੂਲਾਂ ਵਿਚ ਪੜ੍ਹਾਈ ਕਰਦੇ ਹਨ, ਉਹਨਾਂ ਨੂੰ ਸਲਾਹ ਮਸ਼ਵਰੇ, ਇਮਤਿਹਾਨ ਤੇ ਆਪਣੇ ਥੀਸਿਸ (ਨਿਬੰਧ) ਦੀ ਤਿਆਰੀ ਲਈ ਖਾਸ ਛੁਟੀ ਦਿਤੀ ਜਾਂਦੀ ਹੈ।

ਪੜ੍ਹਾਈ ਸੰਪੂਰਨ ਹੋ ਜਾਣ ਤੇ ਸੰਝ ਦੇ ਸਕੂਲਾਂ ਤੇ ਚਿੱਠੀ ਪੱਤਰ ਦੁਆਰਾ ਸਿਖਿਆ ਦੇਣ ਵਾਲੇ ਸਕੂਲਾਂ ਦੇ ਵਿਦਿਆਰਥੀ ਇਮਤਿਹਾਨ ਵਿਚ ਬੈਠਦੇ ਹਨ ਤੇ ਪਾਸ ਹੋਣ ਤੇ ਉਨ੍ਹਾਂ ਨੂੰ ਦੂਜੇ ਆਮ ਵਿਦਿਆਰਥੀਆਂ ਵਾਂਗ ਸਨਦ ਮਿਲ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੯੫੨ ਵਿਚ ਚਾਰ ਲਖ ਤੋਂ ਵਧ ਲੋਕਾਂ ਨੇ ਚਿੱਠੀ-ਪੱਤਰ ਦੁਆਰਾ ਕਾਲਜ ਦੀ ਵਿਦਿਆ ਹਾਸਲ ਕੀਤੀ ਸੀ।

੨੯. ਨਿਜੀ ਜਾਇਦਾਦ ਰਖਣ ਤੇ ਵਿਰਸੇ ਵਿਚ ਹਾਸਲ ਕਰਨ ਦੇ ਹੱਕ ਦੀ ਰਖਿਆ ਕਿਵੇਂ ਕੀਤੀ ਜਾਂਦੀ ਹੈ?

ਵਿਧਾਨ ਦੀ ਦਸਵੀਂ ਧਾਰਾ ਵਿਚ ਦਰਜ ਹੈ।

"ਸਭ ਸ਼ਹਿਰੀਆਂ ਦੀ ਕੰਮ ਤੋਂ ਆਮਦਨ ਤੇ ਬਚਤ, ਰਹਿਣ ਦੇ ਮਕਾਨ, ਅਤੇ ਸਹਾਇਕ ਘਰੋਗੀ ਕਾਰੋਬਾਰ, ਘਰੋਗੀ ਲੋੜਾਂ ਤੇ ਵਰਤੋਂ ਦੀਆਂ ਚੀਜ਼ਾਂ ਵਸਤਾਂ ਅਤੇ ਨਿਜੀ ਵਰਤੋਂ ਤੇ ਆਰਾਮ ਦੀਆਂ ਚੀਜ਼ਾਂ ਨਿਜੀ ਮਾਲਕੀ ਦੇ ਰੂਪ ਵਿਚ ਰਖਣ ਦੇ ਹਕ ਦੀ ਅਤੇ ਨਿਜੀ ਜਾਇਦਾਦ ਨੂੰ ਵਿਰਸੇ ਵਿਚ ਹਾਸਲ ਕਰਨ ਦੇ ਹਕ ਦੀ ਕਾਨੂੰਨ ਰਖਿਆ ਕਰਦਾ ਹੈ।"

ਹਰ ਇਕ ਸੋਵੀਅਟ ਸ਼ਹਿਰੀ ਨੂੰ ਇਹ ਹਕ ਹੈ ਕਿ ਉਹ ਆਪਣੀ ਬਚਤ ਨੂੰ ਜਿਵੇਂ ਚਾਹੇ ਵਰਤੇ। ਉਹ ਇਸ ਨਾਲ ਮਕਾਨ ਬਣਵਾ ਸਕਦਾ ਹੈ, ਮੋਟਰ ਖਰੀਦ ਸਕਦਾ ਹੈ ਜਾਂ ਆਪਣੀ ਇੱਛਾ ਅਨੁਸਾਰ ਕੁਝ ਵੀ ਖਰੀਦ ਸਕਦਾ ਹੈ। ਇਸ ਸਭ ਕਾਸੇ ਦਾ ਨਿਰਭਰ ਇਸ ਗਲ ਤੇ ਹੈ ਕਿ ਕੋਈ ਕਿੰਨਾਂ ਕਮਾਂਦਾ ਹੈ ਤੇ ਕਿੰਨਾ ਬਚਾਂਦਾ ਹੈ। ਆਮਦਨੀ ਤੇ ਬਚਤ ਉਤੇ ਕਿਸੇ ਪ੍ਰਕਾਰ ਦੀ ਰੋਕ ਨਹੀਂ।

ਜਿਹੜਾ ਮਜ਼ਦੂਰ ਆਪਣਾ ਮਕਾਨ ਬਨਵਾਣਾ ਚਾਹੁੰਦਾ ਹੈ ਉਹਨੂੰ ਜ਼ਮੀਨ ਸਟੇਟ ਵਲੋਂ ਮੁਫ਼ਤ ਦਿਤੀ ਜਾਂਦੀ ਹੈ। ਜੇ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਜ਼ੀ ਦੇਵੇ ਤੇ ਇਸ ਅਰਜ਼ੀ ਉਤੇ ਆਪਣੇ ਕਾਰਖਾਨੇ ਦੀ ਟਰੇਡ ਯੂਨੀਅਨ ਤੇ ਪ੍ਰਬੰਧਕਾਂ ਦੀ ਪਰਵਾਨਗੀ ਲਵੇ ਤਾਂ ਸਰਕਾਰ ਵਲੋਂ ਉਹਨੂੰ ਪੰਜ ਹਜ਼ਾਰ ਤੋਂ ਦਸ ਹਜ਼ਾਰ ਤਕ ਰੂਬਲ ਰਿਣ ਮਿਲ ਜਾਂਦਾ ਹੈ ਜਿਹੜਾ ਉਹਨੂੰ ਛੋਟੀਆਂ ਕਿਸ਼ਤਾਂ ਵਿਚ ਪੰਜ ਤੋਂ ਦਸ ਵਰ੍ਹੇ ਵਿਚ ਤਾਰਨਾ ਹੁੰਦਾ ਹੈ। ਰਿਣ ਉਤੇ ਵਿਆਜ ਸਿਰਫ਼ ਦੋ ਫੀ ਸਦੀ ਲਿਆ ਜਾਂਦਾ ਹੈ। ਇਸ ਤੋਂ ਬਿਨਾਂ ਸਟੇਟ ਮਕਾਨ ਬਨਾਣ ਦਾ ਸਾਮਾਨ ਵੀ ਦਿੰਦੀ ਹੈ ਤੇ ਮਕਾਨ ਬਨਵਾਣ ਲਈ ਜ਼ਰੂਰੀ ਟੈਕਨੀਕਲ ਸਲਾਹ ਵੀ ਮੁਫ਼ਤ ਦੇਂਦੀ ਹੈ।

ਪਰ ਆਪਣੀ ਬਚਾਈ ਹੋਈ ਰਕਮ ਤੋਂ ਜਾਂ ਆਪਣੀ ਨਿਜੀ ਜਇਦਾਦ ਤੋਂ ਬਿਨਾ ਮਿਹਨਤ ਕੀਤੇ ਆਮਦਨੀ ਹਾਸਲ ਕਰਨਾ ਸੋਵੀਅਟ ਕਾਨੂੰਨ ਦੇ ਵਿਰੁਧ ਹੈ। ਸੱਟਾ ਬਾਜ਼ੀ, ਸੂਦਖੋਰੀ ਆਦਿ, ਫੌਜਦਾਰੀ ਜੁਰਮ ਹਨ ਤੇ ਇਨ੍ਹਾਂ ਜੁਰਮਾਂ ਦੀ ਸਜ਼ਾ ਮਿਲਦੀ ਹੈ।

ਸੋਵੀਅਟ ਸ਼ਹਿਰੀ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਆਪਣੀ ਨਿਜੀ ਜਾਇਦਾਦ ਅਰਥਾਤ ਆਪਣੀ ਬਚਾਈ ਹੋਈ ਰਕਮ, ਮਕਾਨ, ਨਿਜੀ ਸਾਮਾਨ, ਕਾਪੀ ਰਾਈਟ ਤੇ ਪੇਟੈਂਟ ਦਾ ਹਕ ਕਿਸੇ ਨੂੰ ਵਿਰਸੇ ਵਿਚ ਦੇ ਦੇਵੇ।

੨੭. ਸੋਵੀਅਟ ਯੂਨੀਅਨ ਵਿਚ ਧਾਰਮਕ ਵਿਸ਼ਵਾਸਾਂ ਦੀ ਅਜ਼ਾਦੀ ਕਿਵੇਂ ਮਾਣੀ ਜਾਂਦੀ ਹੈ?

ਸੋਵੀਅਟ ਯੂਨੀਅਨ ਦੇ ਵਿਧਾਨ ਦੀ ੧੨੪ ਧਾਰਾ ਅਨੁਸਾਰ ਗਿਰਜੇ ਨੂੰ ਸਟੇਟ ਤੋਂ, ਅਤੇ ਸਕੂਲ ਨੂੰ ਗਿਰਜੇ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਖਰਾ ਕਰ ਦਿਤਾ ਗਿਆ ਹੈ। ਗਿਰਜੇ ਨੂੰ ਰਿਆਸਤ ਦੇ ਰਾਜਸੀ ਕੰਮਾਂ ਵਿਚ ਦਖਲ ਦੇਣ ਦਾ ਕੋਈ ਹਕ ਨਹੀਂ ਤੇ ਨਾ ਹੀ ਸਟੇਟ ਗਿਰਜੇ ਦੇ ਅੰਦਰਲੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਦੀ ਹੈ। ਕਿਸੇ ਗਿਰਜੇ ਨੂੰ ਸਟੇਟ ਵਲੋਂ ਮਾਲੀ ਮਦਦ ਨਹੀਂ ਮਿਲਦੀ। ਗਿਰਜੇ ਨਾਲ ਸਬੰਧਤ ਸਭ ਜਥੇਬੰਦੀਆਂ ਤੇ ਪਾਦਰੀਆਂ ਦਾ ਖਰਚ ਸ਼ਰਧਾਲੂਆਂ ਦੇ ਚੰਦੇ ਨਾਲ ਚਲਦਾ ਹੈ। ਸਭ ਗਿਰਜਿਆਂ ਤੇ ਮਜ਼ਹਬਾਂ ਨੂੰ ਇਕੋ ਜਿਹੇ ਅਧਿਕਾਰ ਪ੍ਰਾਪਤ ਹਨ। ਸੋਵੀਅਟ ਯੂਨੀਅਨ ਵਿਚ ਕੋਈ ਰਿਆਸਤੀ ਮਜ਼ਹਬ ਨਹੀਂ ਹੈ।

ਸਾਰੇ ਮੰਨਣ ਵਾਲੇ ਆਪਣੇ ਆਪਣੇ ਮਜ਼ਹਬ ਅਨੁਸਾਰ ਆਜ਼ਾਦੀ ਨਾਲ ਪੂਜਾ ਪਾਠ ਕਰਨ ਤੇ ਧਾਰਮਕ ਰਸਮਾਂ ਅਦਾ ਕਰਨ ਲਈ ਗਿਰਜਿਆਂ, ਮਸਜਦਾਂ, ਯਹੂਦੀਆਂ ਦੇ ਪੂਜਾ-ਘਰਾਂ ਜਾਂ ਦੂਜੇ ਪੂਜਾ ਘਰਾਂ ਵਿਚ ਜਾ ਸਕਦੇ ਹਨ। ਹਰ ਮੰਨਣ ਵਾਲਾ ਧਾਰਮਕ ਰਸਮਾਂ ਅਦਾ ਕਰਨ ਲਈ ਪਾਦਰੀ ਜਾਂ ਮੌਲਵੀ, ਆਦਿ ਨੂੰ ਆਪਣੇ ਘਰ ਵੀ ਸੱਦ ਸਕਦਾ ਹੈ।

ਸੋਵੀਅਟ ਸ਼ਹਿਰੀਆਂ ਦਾ ਕਿਸੇ ਮਜ਼ਹਬ ਨੂੰ ਮੰਨਣ ਜਾਂ ਕਿਸੇ ਮਜ਼ਹਬ ਨੂੰ ਨਾ ਮੰਨਣ, ਆਜ਼ਾਦੀ ਨਾਲ ਨਾਸਤਕਤਾ ਦੇ ਖਿਆਲ ਪ੍ਰਗਟ ਕਰਨ ਅਤੇ ਧਰਮ-ਵਿਰੋਧੀ ਪਰਚਾਰ ਕਰਨ ਦੇ ਹਕ ਦੀ ਇਸ ਸ਼ਰਤ ਤੇ ਕਿ ਇਸ ਨਾਲ ਧਰਮ ਨੂੰ ਮੰਨਣ ਵਾਲਿਆਂ ਦੇ ਜਜ਼ਬਾਤ ਨੂੰ ਸੱਟ ਨਾ ਲਗੇ, ਕਾਨੂੰਨੀ ਰੂਪ ਵਿਚ ਗਾਰੰਟੀ ਦੇ ਦਿਤੀ ਗਈ ਹੈ।

ਸੋਵੀਅਟ ਸਟੇਟ ਮਜ਼ਹਬ ਦੀ ਬੁਨਿਆਦ ਤੇ ਸ਼ਹਿਰੀਆਂ ਵਿਚ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕਰਦੀ। ਸਰਕਾਰੀ ਕਾਗਜ਼ਾਤ (ਪਾਸਪੋਰਟਾਂ, ਵਿਆਹ ਦੇ ਸਰਟੀਫਿਕੇਟਾਂ, ਜਨਮ ਸਰਟੀਫਿਕੇਟਾਂ ਆਦਿ) ਵਿਚ ਮਜ਼ਹਬ ਨਹੀਂ ਦਰਸਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ। ਕੰਮ ਲਈ, ਜਾਂ ਕਿਸੇ ਤਾਲੀਮੀ ਅਦਾਰੇ ਵਿਚ ਦਾਖਲੇ ਲਈ ਅਰਜ਼ੀ ਦੇਣ ਵੇਲੇ ਅਫਸਰਾਂ ਨੂੰ ਸ਼ਹਿਰੀਆਂ ਤੋਂ ਉਨ੍ਹਾਂ ਦੇ ਮਜ਼ਹਬ ਬਾਰੇ ਪੁਛਣ ਦਾ ਕੋਈ ਅਧਿਕਾਰ ਨਹੀਂ। ਮਜ਼ਹਬ ਸ਼ਹਿਰੀਆਂ ਦਾ ਨਿਜੀ, ਜ਼ਾਤੀ ਮਾਮਲਾ ਹੈ, ਉਨ੍ਹਾਂ ਦੀ ਜ਼ਮੀਰ ਦਾ ਮਾਮਲਾ ਹੈ ਜਿਸ ਦੀ ਆਜ਼ਾਦੀ ਦੀ ਰਖਿਆ ਸੋਵੀਅਟ ਕਾਨੂੰਨ ਪੂਰੀ ਤਰ੍ਹਾਂ ਕਰਦਾ ਹੈ। ਸੋਵੀਅਟ ਯੂਨੀਅਨ ਵਿਚ ਮਜ਼ਹਬੀ ਗੈਰ-ਰਵਾਦਾਰੀ ਦੀ ਰਤਾ ਭਰ ਵੀ ਆਗਿਆ ਨਹੀਂ।

ਜਿਹੜੇ ਮੰਨਣ ਵਾਲੇ ਸਾਂਝੇ ਰੂਪ ਵਿਚ ਮਜ਼ਹਬੀ ਰਸਮਾਂ ਅਦਾ ਕਰਨਾ ਚਾਹੁੰਦੇ ਹੋਣ ਉਹ ਆਪਣੀ ਇਛਾ ਅਨੁਸਾਰ ਮਜ਼ਹਬੀ ਇਕਠਾਂ ਵਿਚ ਜਮਾਂ ਹੋ ਸਕਦੇ ਹਨ। ਜੇ ਘਟੋ ਘਟ ੨੦ ਲੋਕ ਇਨ੍ਹਾਂ ਵਿਚ ਸ਼ਾਮਲ ਹੋਣ ਨੂੰ ਤਿਆਰ ਹੋਣ ਤਾਂ ਇਸ ਪ੍ਰਕਾਰ ਦੇ ਮਜ਼ਬੀ ਇਕੱਠ ਜਥੇਬੰਦ ਕੀਤੇ ਜਾ ਸਕਦੇ ਹਨ। ਪੂਜਾ ਪਾਠ ਲਈ ਜਾਂ ਹੋਰ ਮਜ਼ਹਬੀ ਰਸਮਾਂ ਅਦਾ ਕਰਨ ਲਈ ਸਟੇਟ ਇਨ੍ਹਾਂ ਮਜ਼ਹਬੀ ਇਕਠਾਂ ਨੂੰ ਇਮਾਰਤਾਂ ਦੀ ਮੁਫ਼ਤ ਵਰਤੋਂ ਕਰਨ ਦੇਂਦੀ ਹੈ। ਮਜ਼ਹਬੀ ਜਮਾਤਾਂ ਆਪਣੇ ਨਵੇਂ ਪੂਜਾ-ਸਥਾਨ ਵੀ ਬਣਵਾ ਸਕਦੀਆਂ ਹਨ। ਕੇਂਦਰੀ ਜਾਂ ਸਥਾਨਕ ਹਾਕਮ ਮਜ਼ਹਬੀ ਸਕੂਲਾਂ ਲਈ ਮਕਾਨਾਂ ਦਾ ਪ੍ਰਬੰਧ ਕਰਦੇ ਹਨ ਅਤੇ ਮਜ਼ਹਬੀ ਕਿਤਾਬਾਂ ਤੇ ਰਸਾਲੇ ਛਾਪਣ ਲਈ ਕਾਗਜ਼ ਤੇ ਪ੍ਰੈਸ ਦੀ ਸਹੂਲਤ ਦਾ ਪ੍ਰਬੰਧ ਕਰਦੇ ਹਨ।

ਸੋਵੀਅਟ ਯੂਨੀਅਨ ਵਿਚ ਮਜ਼ਹਬ ਨੂੰ ਮੰਨਣ ਵਾਲਿਆਂ ਦੀ ਸਭ ਤੋਂ ਵਡੀ ਗਿਣਤੀ ਰੂਸੀ ਕੱਟੜ ਗਿਰਜੇ ਨੂੰ ਮੰਨਦੀ ਹੈ। ਮਾਸਕੋ ਤੇ ਸਾਰੇ ਰੂਸ ਦੇ ਲਾਟ ਪਾਦਰੀ ਅਲੈਕਸੀ ਇਹਦੇ ਸਰਦਾਰ ਹਨ। ਇਹਨਾਂ ਦੀ ਚੋਣ ੧੯੪੫ ਵਿਚ ਚਰਚ-ਕੌਂਸਲ ਦੀ ਬੈਠਕ ਵਿਚ ਕੀਤੀ ਗਈ ਸੀ। ਲਾਟ ਪਾਦਰੀ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਨ੍ਹਾਂ ਦੀ ਉਮਰ ਇਸ ਵੇਲੇ ਪੰਝੱਤਰ ਵਰ੍ਹੇ ਦੀ ਹੈ, ਅਜ ਤੋਂ ਅਧੀ ਸਦੀ ਪਹਿਲਾਂ ੧੯੦੨ ਵਿਚ ਧਾਰਮਕ-ਸੁਗੰਦ ਚੁਕੀ ਸੀ। ਆਪ ਦੀ ਇਕ ਸਲਾਹਕਾਰ ਕੌਂਸਲ ਵੀ ਹੈ ਜਿਸ ਨੂੰ ਹੋਲੀ ਸਾਈਨੋਡ ਕਹਿੰਦੇ ਹਨ।

ਇਸ ਪਿਛੋਂ ਦੂਜੇ ਦਰਜੇ ਤੇ ਸਭ ਤੋਂ ਵਧ ਪੈਰੋਕਾਰ ਰਖਣ ਵਾਲਾ ਮਜ਼ਹਬ ਇਸਲਾਮ ਹੈ। ਸੋਵੀਅਟ ਯੂਨੀਅਨ ਵਿਚ ਵਸਣ ਵਾਲੇ ਮੁਸਲਮਾਨਾਂ ਦੇ ਚਾਰ ਧਾਰਮਕ ਕੇਂਦਰ (ਮਜ਼ਹਬੀ ਬੋਰਡ) ਹਨ ਆਜ਼ਰਬਾਈਜਾਨ ਸੋਵੀਅਟ ਸੋਸ਼ਲਿਸਟ ਰੀਪਬਲਿਕ ਦੀ ਰਾਜਧਾਨੀ ਬਾਕੂ ਵਿਚ, ਉਜ਼ਬਕ ਸੋਵੀਅਟ ਸੋਸ਼ਲਿਸਟ ਰੀਬਲਿਕ ਦੀ ਰਾਜਧਾਨੀ ਤਾਸ਼ਕੰਦ ਵਿਚ, ਬਸ਼ਕੀਰ ਖੁਦ-ਮੁਖਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕ ਦੀ ਰਾਜਧਾਨੀ ਉਫਾ ਵਿਚ, ਅਤੇ ਦਾਗਸਤਾਨ ਖੁਦਮੁਖਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕ ਦੇ ਸ਼ਹਿਰ ਬੂਈਹਾਕਸਕ ਵਿਚ।

ਸੋਵੀਅਟ ਯੂਨੀਅਨ ਦੇ ਮੁਸਲਮਾਨਾਂ ਦੀ ਭਾਰੀ ਬਹੁ-ਗਿਣਤੀ ਸੁੱਨੀ ਮੁਸਲਮਾਨਾਂ ਦੀ ਹੈ। ਪਰ ਆਜ਼ਰਬਾਈਜਾਨ ਰੀਪਬਲਿਕ ਵਿਚ, ਮਧ-ਏਸ਼ੀਆਈ ਰੀਪਲਿਕਾਂ ਵਿਚ ਅਤੇ ਸੋਵੀਅਟ ਯੂਨੀਅਨ ਦੇ ਹੋਰ ਬਹੁਤ ਸਾਰੇ ਜ਼ਿਲਿਆਂ ਵਿਚ ਸ਼ਈਆ ਮੁਸਲਮਾਨ ਵੀ ਕਾਫ਼ੀ ਗਿਣਤੀ ਵਿਚ ਵਸਦੇ ਹਨ। ਇਨਕਲਾਬ ਤੋਂ ਪਹਿਲੇ ਸਮੇਂ ਦੇ ਉਲਟ ਅਜ ਸੋਵੀਅਟ ਯੂਨੀਅਨ ਵਿਚ ਸ਼ਈਆ ਤੇ ਸੁੱਨੀ ਮੁਸਲਮਾਨਾਂ ਵਿਚਕਾਰ ਕੋਈ ਵੈਰ ਵਿਰੋਧ ਨਹੀਂ ਹੈ।

੧੯੫੨ ਵਿਚ ਵੀਆਨਾ ਵਿਚ ਅਮਨ ਦੀ ਰਾਖੀ ਲਈ ਹੋਈ ਕੌਮਾਂ ਦੀ ਕਾਂਗਰਸ ਵਿਚ ਸੋਵੀਅਟ ਯੂਨੀਅਨ ਦੇ ਮੁਸਲ-ਮਾਨਾਂ ਦੇ ਨੁਮਾਇੰਦੇ ਸ਼ੇਖ-ਉਲ-ਇਸਲਾਮ ਅਖਵੰਦ ਆਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਲੀ ਜ਼ਾਦੇ ਨੇ ਕਿਹਾ ਸੀ, "ਅੱਲ੍ਹਾ ਦਾ ਸ਼ੁਕਰ ਹੈ, ਮੈਂ ਤੇ ਮੇਰੇ ਸਮਕਾਲੀ ਕਿੰਨੇ ਸੁਭਾਗੇ ਹਾਂ ਕਿ ਅਸੀਂ ਆਪਣੇ ਜੀਵਨ ਵਿਚ ਆਪਣੀਆਂ ਅਖਾਂ ਨਾਲ ਇਹ ਵੇਖ ਸਕੇ ਹਾਂ ਕਿ ਸੋਵੀਅਟ ਯੂਨੀਅਨ ਦੇ ਅਨੇਕਾਂ ਕੌਮੀਅਤਾਂ ਦੇ ਲੋਕਾਂ ਨੇ ਅਤੇ ਮੁਸਲਮਾਨਾਂ ਨੇ ਵੀ ਸੰਸਾਰ ਵਿਚ ਖੁਸ਼ਹਾਲੀ ਹਾਸਲ ਕਰ ਲਈ ਹੈ........। ਸੋਵੀਅਟ ਯੂਨੀਅਨ ਵਿਚ ਸਭ ਕੌਮਾਂ ਬਰਾਬਰ ਹਨ। ਉਨ੍ਹਾਂ ਨੇ ਆਪਣੀਆਂ ਆਜ਼ਾਦ ਰਿਆਸਤਾਂ—ਸੋਵੀਅਟ ਰੀਪਬਲਿਕਾਂ ਕਾਇਮ ਕਰ ਲਈਆਂ ਹਨ, ਉਨ੍ਹਾਂ ਦੀਆਂ ਸੰਸਥਾਵਾਂ ਆਪਣੀ ਮਾਤ-ਬੋਲੀ ਦੀ ਵਰਤੋਂ ਕਰਦੀਆਂ ਹਨ, ਸਭ ਕੌਮਾਂ ਇਕ ਖੁਸ਼-ਹਾਲ ਜੀਵਨ ਬਿਤਾ ਰਹੀਆਂ ਹਨ, ਅਤੇ ਉਹ ਭਰਪਣ-ਭਰੀ ਮਿਤਰਤਾ ਦੇ ਨਾਤੇ ਵਿਚ ਬੱਧੀਆਂ ਹੋਈਆਂ ਹਨ। ਸਭਿਆਚਾਰ, ਸਾਇੰਸ ਤੇ ਹੁਨਰ ਉਨ੍ਹਾਂ ਦੇ ਹਨ। ਮੁਸਲਮਾਨਾਂ ਨੂੰ ਪੂਰੀ ਮਜ਼ਹਬੀ ਆਜ਼ਾਦੀ ਹਾਸਲ ਹੈ ਅਤੇ ਇਸਲਾਮ ਨੂੰ ਦੂਜੇ ਮਜ਼ਹਬਾਂ ਦੇ ਬਰਾਬਰ ਹਕਾਂ ਦੀ ਗਾਰੰਟੀ ਮਿਲ ਚੁਕੀ ਹੈ।"

ਦੂਜੇ ਵਡੇ ਮਤ ਇਹ ਹਨ : (੧) ਬੁਧ ਮਤ ਜਿਸ ਦੇ ਗੁਰੂ ਬੋਧੀਆਂ ਦੇ ਰੂਹਾਨੀ ਆਗੂ ਬੈਨਕਿਕੋ ਹੰਬੋ ਲਾਮਾ ਲੋਬਸਨ ਨੀਮਾ ਦਰਮਾਏਵ ਹਨ। ਇਹ ਸੋਵੀਅਟ ਯੂਨੀਅਨ ਦੇ ਬੋਧੀਆਂ ਦੇ ਕੇਂਦਰੀ ਧਾਰਮਕ ਬੋਰਡ ਦੇ ਪਰਧਾਨ ਹਨ ਅਤੇ ਉਹਨਾਂ ਦੀ ਰਿਹਾਇਸ਼ ਬੁਰੈਤ-ਮੰਗੋਲੀਅਨ ਖੁਦ ਮੁਖਤਾਰ ਸੋਵੀਅਟ ਸੋਸ਼ਲਿਸਟ ਰੀਪਬਲਿਕ ਦੇ ਸ਼ਹਿਰ ਈਵੋਲਗਿੰਸਕ ਵਿਚ ਹੈ। (੨) ਰੋਮਨ ਕੈਥੋਲਿਕ ਚਰਚ ਜਿਸ ਨੂੰ ਮੰਨਣ ਵਾਲੇ ਬਹੁਤਾ ਸੋਵੀਅਟ ਯੂਨੀਅਨ ਦੇ ਪਛਮੀ ਭਾਗ, ਲਟਵੀਆ ਤੇ ਲੀਥੂਨੀਆਂ ਦੀਆਂ ਰੀਪਬਲਿਕਾਂ ਵਿਚ ਵਸਦੇ ਹਨ (੩) ਸਟਾਰੂ-ਬਰੀਆਦਤਸੀ (ਪੁਰਾਣੇ ਮੰਨਣ ਵਾਲੇ) (੪) ਜਾਰਜੀਆ ਦਾ ਕਟੜ ਚਰਚ (੫) ਆਰਮੀਨੀਅਨ (ਜਾਰਜੀਅਨ) ਚਰਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(੬) ਈਵਨਜਲੀਕਲ ਕਰਿਸਚੀਅਨ-ਬੈਪਟਿਸਟ ਚਰਚ (੭) ਲੂਥਰਨ ਚਰਚ (੮) ਜੂਦਾਈ ਮਤ।

ਉਪਰ ਦੱਸੇ ਵਡੇ ਵਡੇ ਮਤਾਂ ਤੋਂ ਬਿਨਾਂ ਸੋਵੀਅਟ ਯੂਨੀਅਨ ਵਿਚ ਹੋਰ ਮਤ ਵੀ ਹਨ, ਜਿਨ੍ਹਾਂ ਨੂੰ ਮੰਨਣ ਵਾਲਿਆਂ ਦੀ ਗਿਣਤੀ ਬੜੀ ਥੋੜ੍ਹੀ ਹੈ। ਉਹ ਮਤ ਇਹ ਹਨ: ਸੈਵੰਥਡੇ ਐਡਵੈਨਟਿਸਟ, ਰੀਫਾਰਮਤੀ, ਮੋਲੋਕਾਨੀ, ਕਾਰਾਈ, ਦੂਖੋਬੋਰ, ਮੈਥੋਡਿਸਟ ਆਦਿ।

ਇਨ੍ਹਾਂ ਸਭਨਾਂ ਮਜ਼ਹਬੀ ਜਥੇਬੰਦੀਆਂ ਨੂੰ, ਬਿਨਾ ਲਿਹਾਜ਼ ਇਨ੍ਹਾਂ ਨੂੰ ਮੰਨਣ ਵਾਲਿਆਂ ਦੀ ਗਿਣਤੀ ਦੇ, ਵਡੇ ਵਡੇ ਮਜ਼ਹਬਾਂ ਬਰਾਬਰ ਹਕ ਹਾਸਲ ਹਨ। ਸਿਰਫ ਉਨ੍ਹਾਂ ਅੰਧ ਵਿਸ਼ਵਾਸੀ ਮਤਾਂ ਨੂੰ ਜਿਹੜੇ ਸਰੀਰ ਦੇ ਕਿਸੇ ਹਿਸੇ ਨੂੰ ਕਟਣਾ ਆਪਣੇ ਮਜ਼ਹਬ ਦੀ ਬੁਨਿਆਦ ਬਣਾਉਂਦੇ ਹਨ, (ਜਿਵੇਂ ਸਕੋਪਤਸੀ, ਜਿਹੜੇ ਆਪਣੇ ਪੈਰੋਕਾਰਾਂ ਨੂੰ ਖੱਸੀ ਕਰ ਦਿੰਦੇ ਹਨ) ਸੋਵੀਅਟ ਯੂਨੀਅਨ ਵਿਚ ਕਾਇਮ ਰਹਿਣ ਦੀ ਆਗਿਆ ਨਹੀਂ ਹੈ।

ਚਰਚ (ਗਿਰਜੇ) ਦੇ ਅੰਦਰਲੇ ਮਾਮਲਿਆਂ ਨਾਲ ਸਬੰਧਤ ਮਸਲਿਆਂ ਬਾਰੇ ਵਿਚਾਰ ਕਰਨ ਲਈ ਇਨ੍ਹਾਂ ਮਜ਼ਹਬਾਂ ਤੇ ਮਤਾਂ ਦੀਆਂ ਕੇਂਦਰੀ ਮਜ਼ਹਬੀ ਜਮਾਤਾਂ ਆਪਣੀਆਂ ਕਾਂਗਰਸਾਂ ਜਾਂ ਕਾਨਫਰੰਸਾਂ ਸਦਦੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਮਜ਼ੂਬਾਂ ਦੇ ਪਾਦਰੀ, ਆਦ ਤੇ ਮੰਨਣ ਵਾਲਿਆਂ ਦੇ ਪ੍ਰਤੀਨਿਧ ਭਾਗ ਲੈਂਦੇ ਹਨ। ਮਜ਼ੂਬੀ ਜਥੇਬੰਦੀਆਂ ਦੀਆਂ ਆਪਣੀਆਂ ਅਕੈਡਮੀਆਂ, ਸੈਮੀਨਾਰ ਅਤੇ ਪਾਦਰੀਆਂ, ਆਦਿ, ਦੀ ਸਿਖਲਾਈ ਲਈ ਮਜ਼ਹਬੀ ਸਕੂਲ ਹੁੰਦੇ ਹਨ। ਇਹ ਕੇਂਦਰੀ ਜਮਾਤਾਂ ਦੂਜੇ ਦੇਸ਼ਾਂ ਵਿਚ ਵਸਣ ਵਾਲੇ ਆਪਣੇ ਹਮ-ਮਜ਼ਹਬਾਂ ਨਾਲ ਆਜ਼ਾਦੀ ਨਾਲ ਸੰਬੰਧ ਰਖਦੀਆਂ ਹਨ, ਅਤੇ ਇਨ੍ਹਾਂ ਤੋਂ ਕੁਝ ਜਿਵੇਂ ਰੂਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਰਥੋਡਾਕਸ ਚਰਚ ਤੇ ਆਰਮੀਨੀਅਨ ਚਰਚ ਤਾਂ ਦੂਜੇ ਮੁਲਕਾਂ ਵਿਚ ਆਪਣੇ ਏਲਚੀ ਜਾਂ ਨੁਮਾਇੰਦੇ ਵੀ ਰਖਦੀਆਂ ਹਨ।

ਪਾਦਰੀਆਂ ਨੂੰ ਸੋਵੀਅਟ ਯੂਨੀਅਨ ਦੇ ਕੁਲ ਦੂਜੇ ਸ਼ਹਿਰੀਆਂ ਦੇ ਬਰਾਬਰ ਰਾਜਸੀ ਹਕ ਹਾਸਲ ਹਨ। ਉਹ ਰਿਆਸਤੀ ਸ਼ਕਤੀ ਦੇ ਸਾਰੇ ਅਦਾਰਿਆਂ ਦੀਆਂ ਚੋਣਾਂ ਵਿਚ ਆਪਣੀ ਵੋਟ ਦੇ ਸਕਦੇ ਹਨ ਤੇ ਇਨ੍ਹਾਂ ਚੋਣਾਂ ਵਿਚ ਉਮੀਦਵਾਰ ਖੜੇ ਹੋ ਸਕਦੇ ਹਨ।

ਸਭ ਮਜ਼੍ਹਬਾਂ ਦੇ ਆਗੂ, ਆਮ ਪਾਦਰੀ ਤੇ ਮੰਨਣ ਵਾਲੇ ਸੋਵੀਅਟ ਯੂਨੀਅਨ ਦੀ ਅਮਨ ਲਹਿਰ ਵਿਚ ਸਰਗਰਮ ਹਿਸਾ ਲੈ ਰਹੇ ਹਨ। ਨਿਕੋਲਾਈ, ਕਰੂਤਿਤਸੀ ਤੇ ਕੋਲੋਮਨਾ (ਰੂਸੀ ਕਟੜ ਚਰਚ) ਦੇ ਲਾਟ ਪਾਦਰੀ; ਲਟਵੀਅਨ ਸੋਵੀਅਟ ਸੋਸ਼-ਲਿਸਟ ਰੀਪਬਲਿਕ ਦੇ ਈਵਾਨਜੈਲੀਕਲ ਲੂਥਰਨ ਚਰਚ ਦੇ ਆਗੂ ਆਰਕਬਿਸ਼ਪ ਤੁਰਸ ਜਿਸ ਦਾ ਹੈਡ ਕੁਆਰਟਰ ਰੀਗਾ ਵਿਚ ਹੈ; ਅਤੇ ਮਧ ਏਸ਼ੀਆ ਤੇ ਕਾਜ਼ਕਸਤਾਨ ਦੇ ਮੁਸਲਮਾਨਾਂ ਦੇ ਆਗੂ ਮੁਫਤੀ ਇਸ਼ਾਨ ਬਾਬਾਖਾਨ ਇਬਨ ਅਬਦੁਲ ਮਜੀਦ ਖਾਂ, ਸਾਰੇ ਸੋਵੀਅਟ ਯੂਨੀਅਨ ਦੀ ਅਮਨ ਕਮੇਟੀ ਦੇ ਮੈਂਬਰ ਹਨ।

ਇਹਨਾਂ ਮਜ਼ਹਬੀ ਜਥੇਬੰਦੀਆਂ ਦੀਆਂ ਸਰਗਰਮੀਆਂ ਵਿਚ ਕਈ ਅਜੇਹੇ ਸਵਾਲ ਉਠ ਖੜੋਂਦੇ ਹਨ ਜਿਨ੍ਹਾਂ ਦਾ ਹਲ ਸਰਕਾਰੀ ਅਦਾਰਿਆਂ ਨੂੰ ਕਰਨਾ ਪੈਂਦਾ ਹੈ। ਸੋਵੀਅਟ ਸਰਕਾਰ ਨੇ ਇਸ ਗੱਲ ਨੂੰ ਮੁਖ ਰਖਦਿਆਂ ਦੋ ਕਮੇਟੀਆਂ ਕਾਇਮ ਕਰ ਦਿਤੀਆਂ ਹਨ—ਰੂਸੀ ਕਟੜ ਚਰਚ ਦੇ ਮਾਮਲਿਆਂ ਲਈ ਕੌਂਸਲ, ਅਤੇ ਮਜ਼ਹਬਾਂ ਦੇ ਮਾਮਲਿਆਂ ਸੰਬੰਧੀ ਕੌਂਸਲ। ਇਹ ਕੌਂਸਲਾਂ ਉਨ੍ਹਾਂ ਮਾਮਲਿਆਂ ਨੂੰ ਹਲ ਕਰਨ ਵਿਚ ਮਜ਼ਹਬੀ ਜਮਾਤਾਂ ਦੀ ਮਦਦ ਕਰਦੀਆਂ ਹਨ ਜਿਨ੍ਹਾਂ ਵਿਚ ਸਰਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਾਕਮਾਂ ਤੇ ਰਿਆਸਤੀ ਅਦਾਰਿਆਂ ਨਾਲ ਵਿਚਾਰ ਕਰਨ ਦੀ ਲੋੜ ਹੁੰਦੀ ਹੈ। ਇਹ ਕੌਂਸਲਾਂ ਜ਼ਮੀਰ ਦੀ ਆਜ਼ਾਦੀ ਤੇ ਪੂਜਾ ਪਾਠ ਦੀ ਆਜ਼ਾਦੀ ਬਾਰੇ ਕਾਨੂੰਨਾਂ ਦੇ ਠੀਕ ਤਰ੍ਹਾਂ ਲਾਗੂ ਹੋਣ ਸੰਬੰਧੀ ਵੀ ਨਿਗਰਾਨੀ ਕਰਦੀਆਂ ਹਨ ਅਤੇ ਇਹ ਮਜ਼ਹਬੀ ਜਮਾਤਾਂ ਵਲੋਂ ਉਠਾਏ ਗਏ ਸਵਾਲਾਂ ਬਾਰੇ ਕਾਇਦੇ ਤੇ ਕਾਨੂੰਨ ਘੜਦੀਆਂ ਹਨ ।

੨੯. ਡਾਕਟਰੀ ਸਹਾਇਤਾ ਦਾ ਕੀ ਪ੍ਰਬੰਧ ਹੈ ?

ਸੋਵੀਅਟ ਸਟੇਟ ਨੇ ਜਨਤਾ ਦੀ ਸਿਹਤ-ਰਖਿਆ ਦੀ ਸਾਰੀ ਜ਼ੁਮੇਂਵਾਰੀ ਆਪ ਚੁਕ ਲਈ ਹੈ । ਹਰ ਪ੍ਰਕਾਰ ਦੀ ਡਾਕਟਰੀ ਸੇਵਾ ਮੁਫ਼ਤ ਹੁੰਦੀ ਹੈ ।

ਸ਼ਹਿਰ ਜਾਂ ਪਿੰਡ ਵਿਚ ਰਹਿਣ ਵਾਲਾ ਹਰ ਇਕ ਸ਼ਹਿਰੀ ਆਪਣੇ ਇਲਾਕੇ ਦੇ ਹਸਪਤਾਲ ਜਾਂ ਕਲਿਨਿਕ (ਦਵਾਈ ਘਰ) ਵਿਚ ਆਪਣਾ ਮੁਆਇਨਾ ਤੇ ਇਲਾਜ ਕਰਵਾ ਸਕਦਾ ਹੈ। ਇਲਾਕਾ-ਕਲਿਨਿਕ ਵਿਚ ਮਰਜ਼ ਦੀ ਤਸਖੀਸ਼ ਤੇ ਇਲਾਜ ਦੀਆਂ ਸਭ ਸਹੂਲਤਾਂ ਜਿਵੇਂ ਐਕਸ-ਰੇ ਦਾ ਪ੍ਰਬੰਧ,ਅਤੇ ਲੇਬਾਰਟਰੀ ਬਿਜਲੀ ਤੇ ਧੁਪ ਅਤੇ ਭਾਪ ਦੇ ਇਲਾਜ ਦੀਆਂ ਸਹੂਲਤਾਂ ਹੁੰਦੀਆਂ ਹਨ ।

ਜੇ ਕਿਸੇ ਵਿਸ਼ੇਸ਼ ਪ੍ਰਕਾਰ ਦੇ ਮਾਹਰ ਡਾਕਟਰ ਦੀ ਲੋੜ ਹੁੰਦੀ ਹੈ ਤਾਂ ਇਸ ਦਾ ਪ੍ਰਬੰਧ ਡਿਸਪੇਂਸਰੀ ਵਲੋਂ ਕੀਤਾ ਜਾਂਦਾ ਹੈ। ਹਰ ਕਲਿਨਿਕ ਵਿਚ ਇਕ ਮਹਿਕਮਾ ਹੁੰਦਾ ਹੈ ਜਿਹੜਾ ਅਚਾਨਕ ਬੀਮਾਰ ਹੋ ਜਾਣ ਦੀ ਹਾਲਤ ਵਿਚ ਡਾਕਟਰੀ ਸੇਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੁਚਾਂਦਾ ਹੈ, ਸਿਰਫ਼ ਟੈਲੀਫ਼ੋਨ ਕਰ ਦੇਣ ਨਾਲ ਡਾਕਟਰ ਝਟ ਬੀਮਾਰ ਦੇ ਘਰ ਪੁਜ ਜਾਂਦਾ ਹੈ।

ਹਰ ਜ਼ਿਲੇ ਦੇ ਆਪਣੇ ਡਾਕਟਰ ਹੁੰਦੇ ਹਨ ਜਿਹੜੇ ਬੀਮਾਰੀ ਨੂੰ ਰੋਕਣ ਲਈ ਤੇ ਸਫਾਈ ਲਈ ਜ਼ੁਮੇਵਾਰ ਹੁੰਦੇ ਹਨ। ਉਹ ਲੋਕਾਂ ਨੂੰ ਸਫਾਈ ਸਬੰਧੀ ਗਿਆਨ ਵੀ ਦੇਂਦੇ ਹਨ।

ਵਡੇ ਵਡੇ ਕਾਰਖਾਨਿਆਂ ਤੇ ਅਦਾਰਿਆਂ ਦਾ ਆਪਣਾ ਇਕ ਕਲਿਨਿਕ ਹੁੰਦਾ ਹੈ ਜਿਸ ਦਾ ਖਰਚ ਸੋਸ਼ਲ ਇਨਸ਼ੋਰੰਸ ਫੰਡ ਵਿਚੋਂ ਚਲਦਾ ਹੈ।

ਜਿਨ੍ਹਾਂ ਲੋਕਾਂ ਨੂੰ ਹਸਪਤਾਲ ਵਿਚ ਰਹਿ ਕੇ ਇਲਾਜ ਕਰਵਾਣ ਦੀ ਲੋੜ ਹੁੰਦੀ ਹੈ ਉਨ੍ਹਾਂ ਲਈ ਹਸਪਤਾਲ ਤੇ ਖ਼ਾਸ ਕਲਿਨਿਕ ਹੁੰਦੇ ਹਨ।

੧੯੫੨ ਵਿਚ ਸੋਵੀਅਟ ਯੂਨੀਅਨ ਦੇ ਡਾਕਟਰੀ ਅਦਾਰਿਆਂ ਵਿਚ ਤਿੰਨ ਲਖ ਡਾਕਟਰ ਅਤੇ ਸੈਕੰਡਰੀ ਵਿਦਿਆ ਹਾਸਲ ਕੀਤੇ ਨੌਂ ਲਖ ਮੈਡੀਕਲ ਕਾਰਕੁਨ ਸਨ। ੧੯੫੩ ਵਿਚ ਡਾਕਟਰਾਂ ਦੀ ਇਸ ਗਿਣਤੀ ਵਿਚ ਗਿਆਰਾਂ ਹਜ਼ਾਰ ਤੋਂ ਉਪਰ ਵਾਧਾ ਹੋਇਆ

ਸੋਵੀਅਟ ਸਰਕਾਰ ਹਰ ਵਰ੍ਹੇ ਜਨਤਕ ਸਿਹਤ ਲਈ ਬੜੀ ਵਡੀ ਰਕਮ ਖਰਚ ਕਰਦੀ ਹੈ। ੧੯੪੭ ਵਿਚ ਇਸ ਮਤਲਬ ਲਈ ਬਜਟ ਵਿਚ ੧੯੯੦ ਕਰੋੜ ਰੂਬਲ ਰਖੇ ਗਏ ਸਨ, ੧੯੫੪ ਵਿਚ ਇਹ ਰਕਮ ੨੯੩੦ ਕਰੋੜ ਰੂਬਲ ਸੀ।

ਜਨਤਾ ਦੀ ਨਿਤ ਵਧਦੀ ਖ਼ੁਸ਼ਹਾਲੀ ਤੇ ਸਿਹਤ ਦੇ ਮਹਿਕਮੇ ਦੀਆਂ ਕਾਮਯਾਬੀਆਂ ਦੇ ਕਾਰਨ ਸੋਵੀਅਟ ਯੂਨੀਅਨ ਵਿਚ ਮੌਤ ਦੀ ਸ਼ਰਾਹ ਵਿਚ ਬੜੀ ਕਮੀ ਹੋ ਗਈ ਹੈ। ੧੯੧੩ ਦੇ ਟਾਕਰੇ ਤੇ ਇਸ ਵਿਚ ੭੫ ਫੀ ਸਦੀ ਦੀ ਕਮੀ ਹੋਈ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਹਰ ਵਰ੍ਹੇ ਆਦਮ ਗਿਣਤੀ ਵਿਚ ੩੦ ਲੱਖ ਦਾ ਵਾਧਾ ਹੁੰਦਾ ਹੈ ।

੨੯. ਲੋਕ ਕਿਹੜੇ ਕਿਹੜੇ ਟੈਕਸ ਤਾਰਦੇ ਹਨ ?

ਫੈਕਟਰੀਆਂ ਦੇ ਮਜ਼ਦੂਰ, ਦਫਤਰਾਂ ਦੇ ਮੁਲਾਜ਼ਮ, ਕਲਾਕਾਰ ਦਸਤਕਾਰ ਤੇ ਦੂਜੇ ਸ਼ਹਿਰੀ ਜਿਨ੍ਹਾਂ ਪਾਸ ਆਮਦਨ ਦੇ ਖੁਦ ਮੁਖਤਾਰ ਵਸੀਲੇ ਹੁੰਦੇ ਹਨ, ਆਮਦਨ ਟੈਕਸ ਦੇਂਦੇ ਹਨ ।

ਫੈਕਟਰੀਆਂ ਤੇ ਦਫਤਰਾਂ ਦੇ ਮਜ਼ਦੂਰਾਂ ਜਿਨ੍ਹਾਂ ਦੀ ਆਮਦਨ ੨੬੦ ਰੂਬਲ ਤੋਂ ਵਧ ਨਹੀਂ ਹੁੰਦੀ, ਅਤੇ ਪਿਨਸ਼ਨੀਆਂ, ਭਾਵੇਂ ਉਨ੍ਹਾਂ ਦੀ ਪਿਨਸ਼ਨ ਕਿੰਨੀ ਵੀ ਹੋਵੇ, ਤੋਂ ਆਮਦਨ-ਟੈਕਸ ਨਹੀਂ ਲਿਆ ਜਾਂਦਾ ।

ਮਜ਼ਦੂਰ ਹਰ ਮਹੀਨੇ ਪਿਛਲੇ ਮਹੀਨੇ ਦੀ ਆਮਦਨ ਵਿਚੋਂ ਆਮਦਨ ਟੈਕਸ ਦੇਂਦੇ ਹਨ । ਆਮਦਨ ਟੈਕਸ ਦੀ ਦਰ ਇਹ ਹੁੰਦੀ ਹੈ:

ਮਾਹਵਾਰ ਆਮਦਨ	ਟੈਕਸ
੪੦੦ ਰੂਬਲ	੧੬ ਰੂਬਲ
੫੦੦ ਰੂਬਲ	੨੬ ਰੂਬਲ
੬੦੦ ਰੂਲਬ	੩੬ ਰੂਬਲ
੭੫੦ ਰੂਬਲ	੫੨ ਰੂਬਲ
੧੦੦੦ ਰੂਬਲ	੯੨ ਰੂਬਲ
੧੫੦੦ ਰੂਬਲ	੧੪੭ ਰੂਬਲ
ਆਦਿ	ਆਦਿ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਧ ਤੋਂ ਵਧ ਟੈਕਸ ਆਮਦਨੀ ਦੇ ੧੩ ਫੀ ਸਦੀ ਤੋਂ ਬਹੁਤਾ ਨਹੀਂ ਹੁੰਦਾ।

ਜਿਨ੍ਹਾਂ ਮਜ਼ਦੂਰਾਂ ਨੂੰ ਚਾਰ ਜਾਂ ਚਾਰ ਤੋਂ ਬਹੁਤੇ ਜੀਆਂ ਦਾ ਖਰਚ ਝਲਣਾ ਪੈਂਦਾ ਹੈ ਉਨ੍ਹਾਂ ਤੋਂ ਬੜਾ ਘਟ ਟੈਕਸ ਲਿਆ ਜਾਂਦਾ ਹੈ।

੧੯੪੧ ਵਿਚ ਬੇ-ਉਲਾਦ ਸ਼ਹਿਰੀਆਂ ਅਤੇ ਦੋ ਤੋਂ ਘਟ ਉਲਾਦ ਵਾਲੇ ਸ਼ਹਿਰੀਆਂ ਤੇ ਟੈਕਸ ਲਾਇਆ ਗਿਆ ਸੀ। ਵੀਹ ਤੋਂ ਪੰਜਾਹ ਸਾਲ ਉਮਰ ਤਕ ਦੇ ਮਰਦਾਂ ਅਤੇ ਵੀਹ ਤੋਂ ਪੰਜਤਾਲੀ ਸਾਲ ਉਮਰ ਤਕ ਦੀਆਂ ਇਸਤਰੀਆਂ ਦੇ ਜੇ ਕੋਈ ਉਲਾਦ ਨਾ ਹੋਵੇ ਤਾਂ ਉਹ ਆਪਣੀ ਆਮਦਨੀ ਦਾ ੬ ਫੀ ਸਦੀ, ਜੇ ਇਕ ਬੱਚਾ ਹੋਵੇ ਤਾਂ ਇਕ ਫੀ ਸਦੀ, ਜੇ ਦੋ ਬੱਚੇ ਹੋਣ ਤਾਂ ਅਧਾ ਫੀ ਸਦੀ ਟੈਕਸ ਦੇਂਦੇ ਹਨ। ਜਿਨ੍ਹਾਂ ਸ਼ਹਿਰੀਆਂ ਦੇ ਤਿੰਨ ਜਾਂ ਤਿੰਨ ਤੋਂ ਵਧ ਬੱਚੇ ਹੋਣ ਉਨ੍ਹਾਂ ਨੂੰ ਇਹ ਟੈਕਸ ਦੇਣਾ ਨਹੀਂ ਪੈਂਦਾ।

ਫ਼ੌਜੀਆਂ ਤੇ ਉਨ੍ਹਾਂ ਦੀਆਂ ਪਤਨੀਆਂ ਤੋਂ, ਅਪਾਹਜ ਲੋਕਾਂ ਤੋਂ ਤੇ ਉਨ੍ਹਾਂ ਸ਼ਹਿਰੀਆਂ ਤੋਂ ਜਿਨ੍ਹਾਂ ਦੇ ਪੁਤਰ ਧੀਆਂ ਮਹਾਨ ਦੇਸ਼ ਭਗਤਕ ਜੰਗ ਵਿਚ ਮਾਰੇ ਗਏ ਹੋਣ ਜਾਂ ਲਾ ਪਤਾ ਹੋਣ ਕੋਈ ਟੈਕਸ ਨਹੀਂ ਲਿਆ ਜਾਂਦਾ।

੩੦. ਮਕਾਨਾਂ ਦਾ ਕਰਾਇਆ ਕੀ ਲਿਆ ਜਾਂਦਾ ਹੈ?

ਸੋਵੀਅਟ ਸ਼ਹਿਰਾਂ ਵਿਚ ਬਹੁਤੇ ਰਿਹਾਇਸ਼ੀ ਮਕਾਨ ਸਟੇਟ (ਰਿਆਸਤ) ਦੀ ਮਾਲਕੀ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨੂੰਨ ਇਹ ਹੈ ਕਿ ਇਕ ਮੁਰੱਬਾ ਮੀਟਰ (ਲਗ ਪਗ ਪੌਣੇ ਗਿਆਰਾਂ ਮੁਰੱਬਾ ਫੁਟ) ਰਕਬੇ ਦੀ ਰਿਹਾਇਸ਼ੀ ਥਾਂ ਦਾ ਕਿਰਾਇਆ ਇਕ ਰੂਬਲ ੩੨ ਕੂਪਕ ਮਾਹਵਾਰ ਤੋਂ ਵਧ ਨਹੀਂ ਲਿਆ ਜਾ ਸਕਦਾ। ਰਸੋਈ, ਭਾਂਡੇ ਸਾਫ ਕਰਨ ਦੀ ਥਾਂ, ਟੱਟੀ, ਗੁਸਲਖਾਨਾ ਤੇ ਬਰਾਂਡੇ ਦਾ ਰਕਬਾ ਕਿਰਾਏ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਇਸ ਹਿਸਾਬ ੩੫-੪੦ ਮੁਰਬਾ ਮੀਟਰ (ਲਗ ਪਗ ੩੮੦-੪੩੦ ਮੁਰੱਬਾ ਫੁਟ) ਰਕਬੇ ਦੇ ਮਕਾਨ ਦਾ ਮਾਹਵਾਰ ਕਿਰਾਇਆ ੪੬-੫੩ ਰੂਬਲ ਤੋਂ ਬਹੁਤਾ ਨਹੀਂ ਹੁੰਦਾ।

ਇਹ ਵੀ ਕਾਨੂੰਨ ਹੈ ਕਿ ਕਿਰਾਇਆ ਮਜ਼ਦੂਰਾਂ ਜਾਂ ਦੂਜੇ ਮੁਲਾਜ਼ਮਾਂ ਦੀ ਕੁਲ ਆਮਦਨੀ ਦੇ ਵੀਹਵੇਂ ਹਿਸੇ ਤੋਂ ਬਹੁਤਾ ਨਹੀਂ ਹੋ ਸਕਦਾ। ਕਿਰਾਇਆ ਸਟੇਟ ਨਿਯਤ ਕਰਦੀ ਹੈ ਤੇ ਕਿਸੇ ਨੂੰ ਵੀ ਇਸ ਵਿਚ ਵਾਧਾ ਕਰਨ ਦਾ ਹਕ ਨਹੀਂ। ਕਿਰਾਏ ਵਿਚ ਆਪਣੀ ਮਰਜ਼ੀ ਨਾਲ ਵਾਧਾ ਕਰਨ ਦੇ ਜੁਰਮ ਲਈ ਕਾਨੂੰਨ ਅਨੁਸਾਰ ਸਜ਼ਾ ਮਿਲਦੀ ਹੈ।

੩੧. ਸੋਸ਼ਲ ਇਨਸ਼ੋਰੰਸ (ਸਮਾਜਕ ਬੀਮੇਂ) ਦਾ ਪ੍ਰਬੰਧ ਕਿਵੇਂ ਹੁੰਦਾ ਹੈ ?

ਫੈਕਟਰੀਆਂ ਤੇ ਦਫਤਰਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਸਮਾਜਕ ਬੀਮੇਂ ਲਈ ਸਾਰੀ ਰਕਮ ਸਟੇਟ ਦਿੰਦੀ ਹੈ। ਸਟੇਟ ਸੋਸ਼ਲ ਇਨਸ਼ੋਰੰਸ ਫੰਡ ਵਿਚ ਇਸ ਮਤਲਬ ਲਈ ਸਾਰੇ ਕਾਰਖਾਨੇ ਤੇ ਅਦਾਰੇ ਬਾਕਾਇਦਾ ਆਪਣੇ ਕੁਲ ਉਜਰਤ-ਬਿੱਲ ਦੀ ਇਕ ਖਾਸ ਮੁਕੱਰਰ ਫ਼ੀ ਸਦੀ ਦੇਂਦੇ ਹਨ। ਮਜ਼ਦੂਰਾਂ ਨੂੰ ਇਸ ਫੰਡ ਵਿਚ ਕੋਈ ਰਕਮ ਨਹੀਂ ਦੇਣੀ ਪੈਂਦੀ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਟੇਟ ਸੋਸ਼ਲ ਇਨਸ਼ੋਰੰਸ ਫੰਡ ਸੋਸ਼ਲਿਸਟ ਆਰਥਕਤਾ ਦੀ ਤਰੱਕੀ ਦੇ ਤਨਾਸਬ ਨਾਲ ਵਧਦਾ ਰਹਿੰਦਾ ਹੈ।

ਪਹਿਲੀ ਪੰਜ-ਸਾਲਾ ਪਲੈਨ ਦੇ ਸਮੇਂ ਵਿਚ (੧੯੨੮-੧੯੨੯ ਤੋਂ ੧੯੩੨-੧੯੩੩) ਸਮਾਜਕ ਬੀਮੇਂ ਦੇ ਫੰਡਾਂ ਦੀ ਰਕਮ ੧੦੪੦ ਕਰੋੜ ਰੂਬਲ ਸੀ। ਦੂਜੇ ਪੰਜ-ਸਾਲਾ ਪਲੈਨ ਦੇ ਸਮੇਂ ਵਿਚ (੧੯੩੩-੧੯੩੭) ਇਹ ਰਕਮ ੩੨੫੦ ਕਰੋੜ ਰੂਬਲ, ਅਤੇ ਜੰਗ-ਮਗਰਲੀ ਪੰਜ-ਸਾਲਾ ਪਲੈਨ ਦੇ ਸਮੇਂ ਵਿਚ (੧੯੪੬-੧੯੫੦) ਇਹ ਰਕਮ ਵਧ ਕੇ ੮੦੧੦ ਕਰੋੜ ਰੂਬਲ ਹੋ ਗਈ। ੧੯੫੨ ਵਿਚ ਸਮਾਜਕ ਬੀਮੇਂ ਦਾ ਬਜਟ ੨੧੪੦ ਕਰੋੜ ਰੂਬਲ, ੧੯੫੩ ਵਿਚ ੨੨੭੦ ਕਰੋੜ ਰੂਬਲ ਅਤੇ ੧੯੫੪ ਵਿਚ ੨੪੭੦ ਕਰੋੜ ਰੂਬਲ ਸੀ।

ਸਮਾਜਕ ਬੀਮੇਂ ਦੇ ਫੰਡ ਵਿਚੋਂ ਜਿਹੜੀਆਂ ਸਹੂਲਤਾਂ ਦਿਤੀਆਂ ਜਾਂਦੀਆਂ ਹਨ ਇਹ ਹਨ: ਉਜਰਤ ਤੇ ਤਨਖਾਹਦਾਰ ਦੋਹਾਂ ਕਿਸਮਾਂ ਦੇ ਮਜ਼ਦੂਰਾਂ ਨੂੰ ਸਰੀਰ ਦਾ ਕੋਈ ਹਿਸਾ ਖ਼ਰਾਬ ਹੋ ਜਾਣ ਦੀ ਹਾਲਤ ਵਿਚ ਦਿਤੀ ਜਾਣ ਵਾਲੀ ਆਰਜ਼ੀ ਮਦਦ, ਅਪਾਹਜਪੁਣੇ ਤੇ ਬੁਢਾਪੇ ਦੀ ਪੈਨਸ਼ਨ, ਟਬਰ ਦੀ ਰੋਜ਼ੀ ਕਮਾਣ ਵਾਲੇ ਦੀ ਮੌਤ ਤੇ ਸਬੰਧਤ ਟਬਰਾਂ ਨੂੰ ਦਿਤੀ ਜਾਣ ਵਾਲੀ ਪੈਨਸ਼ਨ ਅਤੇ ਜਨੇਪੇ ਦਾ (ਪਰਸੂਤੀ) ਭਤਾ। ਟਰੇਡ ਯੂਨੀਅਨ ਦੇ ਸਿਹਤ-ਘਰਾਂ ਤੇ ਛੁਟੀਆਂ ਬਿਤਾਣ ਦੇ ਸਥਾਨਾਂ ਦੀ ਉਸਾਰੀ ਤੇ ਉਨ੍ਹਾਂ ਦਾ ਪ੍ਰਬੰਧ ਕਰਨ ਦਾ ਖ਼ਰਚ, ਉਜਰਤੀ ਤੇ ਤਨਖਾਹਦਾਰ ਮਜ਼ਦੂਰਾਂ ਲਈ ਸਿਹਤ-ਘਰਾਂ ਤੇ ਛੁਟੀਆਂ ਬਿਤਾਣ ਦੇ ਸਥਾਨਾਂ ਤੇ ਰਿਹਾਇਸ਼ ਦਾ ਖਰਚ, ਅਤੇ ਗਰਮੀਆਂ ਦੀਆਂ ਛੁਟੀਆਂ ਕਟਣ ਵਾਲੇ ਕੈਂਪਾਂ ਤੇ ਸੈਨੀਟੋਰੀਅਮਾਂ ਵਿਚ ਮਜ਼ਦੂਰਾਂ ਦੇ ਬੱਚਿਆਂ ਦੇ ਰਹਿਣ ਦਾ ਖਰਚ ਭੀ ਸਮਾਜਕ ਬੀਮੇਂ ਦੇ ਫੰਡ ਵਿਚੋਂ ਦਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੈ। ਵਿਸ਼ੇਸ਼ ਪ੍ਰਕਾਰ ਦੇ ਭੋਜਨ ਪਾਣ ਦੀਆਂ ਥਾਵਾਂ ਤੇ ਦਿਤੇ ਜਾਣ ਵਾਲੇ ਵਿਸ਼ੇਸ਼ ਭੋਜਨ ਦਾ ਖਰਚ ਅਤੇ ਮਿੱਲਾਂ ਤੇ ਫੈਕਟਰੀਆਂ ਵਲੋਂ ਚਲਾਏ ਜਾਣ ਵਾਲੇ ਰਾਤ-ਭਰ ਆਰਾਮ ਕਰਨ ਦੇ ਸੈਨੀਟੋਰੀਅਮਾਂ ਤੇ ਦਿਨ-ਭਰ ਆਰਾਮ ਕਰਨ ਦੀਆਂ ਆਰਾਮ ਗਾਹਾਂ ਵਿਚ ਰਹਿਣ, ਇਲਾਜ ਕਰਵਾਣ ਦਾ ਖਰਚ ਭੀ ਇਸੇ ਫੰਡ ਵਿਚੋਂ ਦਿਤਾ ਜਾਂਦਾ ਹੈ।

ਬੀਮਾਰੀ ਦੇ ਦੌਰਾਨ ਵਿਚ, ਆਪਣੀ ਬੀਮਾਰੀ ਦੇ ਪਹਿਲੇ ਦਿਨ ਤੋਂ ਹੀ ਉਸ ਦਿਨ ਤਕ ਲਈ ਬੀਮਾਰੀ-ਭੱਤਾ ਮਿਲਦਾ ਹੈ ਜਦ ਤਕ ਕਿ ਉਸ ਦਾ ਡਾਕਟਰ ਉਹਨੂੰ ਕੰਮ ਤੇ ਮੁੜ ਜਾਣ ਦੀ ਆਗਿਆ ਨਹੀਂ ਦਿੰਦਾ। ਜੇ ਕਿਸੇ ਮਜ਼ਦੂਰ ਨੂੰ ਆਪਣੇ ਟੱਬਰ ਦੇ ਕਿਸੇ ਦੂਜੇ ਮੈਂਬਰ ਦੀ ਬੀਮਾਰੀ ਵਿਚ ਦੇਖ ਭਾਲ ਲਈ ਘਰ ਠਹਿਰਨਾ ਪਵੇ ਤਾਂ ਉਹਨੂੰ ਵੀ ਏਸੇ ਫੰਡ ਵਿਚੋਂ ਸਹਾਇਤਾ ਦੀ ਰਕਮ ਦਿਤੀ ਜਾਂਦੀ ਹੈ।

ਇਹਨਾਂ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਰਕਮ ਮਜ਼ਦੂਰਾਂ ਦੀ ਕੁਲ ਆਮਦਨੀ ਦੇ ਅਧੇ ਹਿਸੇ ਤੋਂ ਪੂਰੇ ਤਕ, ਕਾਰਖਾਨੇ ਜਾਂ ਦਫ਼ਤਰ ਵਿਚ ਉਸ ਦੀ ਸਰਵਿਸ ਦੀ ਮਿਆਦ ਅਨੁਸਾਰ, ਹੁੰਦੀ ਹੈ।

ਜਣੇਪਾ-ਛੁਟੀ ਦਾ ਭੱਤਾ ਉਨ੍ਹਾਂ ਇਸਤ੍ਰੀਆਂ ਨੂੰ ਮਿਲਦਾ ਹੈ ਜਿਨ੍ਹਾਂ ਨੇ ਕਿਸੇ ਕਾਰਖਾਨੇ ਜਾਂ ਸੰਸਥਾ ਵਿਚ ਘਟੋ ਘਟ ਤਿੰਨ ਮਹੀਨੇ ਕੰਮ ਕੀਤਾ ਹੋਵੇ।

ਬੱਚਾ ਜੰਮਣ ਵੇਲੇ ਉਸ ਦੇ ਦੁਧ ਪਿਲਾਣ ਲਈ ਤੇ ਪੰਘੂੜਾ ਖਰੀਦਣ ਲਈ ਇਕ ਖਾਸ ਅਲਾਊਂਸ ਦੇ ਰੂਪ ਵਿਚ ਇਕ ਰਕਮ ਦਿਤੀ ਜਾਂਦੀ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸਟੇਟ ਸੋਸ਼ਲ ਇਨਸ਼ੋਰੰਸ ਫੰਡ ਟ੍ਰੇਡ ਯੂਨੀਅਨਾਂ ਦੇ ਪੂਰੀ ਤਰ੍ਹਾਂ ਅਧੀਨ ਹੁੰਦੇ ਹਨ।

੩੨. ਸੋਵੀਅਟ ਸਟੇਟ ਮਾਵਾਂ ਲਈ ਕੀ ਕੁਝ ਕਰਦੀ ਹੈ ?

ਸੋਵੀਅਟ ਯੂਨੀਅਨ ਵਿਚ ਮਾਵਾਂ ਨੂੰ ਹਰ ਥਾਂ ਪੂਰਾ ਪੂਰਾ ਆਦਰ ਸਤਕਾਰ ਪ੍ਰਾਪਤ ਹੈ।

ਗਰਭਵਤੀ ਇਸਤ੍ਰੀਆਂ ਲਈ ਕੰਮ ਦੇ ਹਾਲਾਤ ਬਾਰੇ ਖ਼ਾਸ ਕਾਨੂੰਨ ਬਣੇ ਹੋਏ ਹਨ। ਉਨ੍ਹਾਂ ਨੂੰ ਬੱਚਾ ਹੋਣ ਤੋਂ ਪਹਿਲਾਂ ਘਟੋ ਘਟ ੩੫ ਦਿਨ ਦੀ ਤੇ ਪਿਛੋਂ ੪੨ ਦਿਨ ਦੀ ਛੁਟੀ ਪੂਰੀ ਤਨਖਾਹ ਸਮੇਤ ਮਿਲਦੀ ਹੈ। ਜੇ ਉਨ੍ਹਾਂ ਦੀ ਸਿਹਤ ਮੰਗ ਕਰੇ ਤਾਂ ਇਹ ਛੁਟੀ ਵਧਾਈ ਵੀ ਜਾ ਸਕਦੀ ਹੈ।

ਦੇਸ ਭਰ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਜਣੇਪਾ-ਘਰਾਂ, ਬਚਿਆਂ ਦੀ ਅਰੋਗਤਾ-ਸਬੰਧੀ ਸਲਾਹ ਮਸ਼ਵਰੇ ਦੇ ਕੇਂਦਰਾਂ, ਕਰੈਸ਼ਾਂ (ਬਾਲ-ਘਰਾਂ) ਤੇ ਕਿੰਡਰਗਾਰਟਨਾਂ (ਛੋਟੇ ਬਚਿਆਂ ਦੇ ਸਕੂਲਾਂ) ਦਾ ਜਾਲ ਵਿਛਿਆ ਹੋਇਆ ਹੈ।

ਛੇ ਹਜ਼ਾਰ ਜਣੇਪਾ-ਘਰਾਂ ਅਤੇ ਹਸਪਤਾਲਾਂ ਵਿਚ ਅਨੇਕਾਂ ਜਣੇਪਾ-ਵਾਰਡਾਂ ਦਾ ਖਰਚ ਸਰਕਾਰ ਦੇਂਦੀ ਹੈ। ਸੋਵੀਅਟ ਯੂਨੀਅਨ ਵਿਚ ੯੫ ਫ਼ੀ ਸਦੀ ਜਣੇਪੇ ਜਣੇਪਾ-ਘਰਾਂ ਤੇ ਹਸਪਤਾਲਾਂ ਵਿਚ ਹੁੰਦੇ ਹਨ, ਜਿਥੇ ਇਸਤ੍ਰੀਆਂ ਨੂੰ ਮਾਹਰ ਡਾਕਟਰੀ ਸਹਾਇਤਾ ਤੇ ਹਰ ਪ੍ਰਕਾਰ ਦੀ ਮਦਦ ਮੁਫ਼ਤ ਮਿਲਦੀ ਹੈ।

ਜਣੇਪਾ-ਘਰਾਂ ਤੇ ਹਸਪਤਾਲਾਂ ਵਿਚ ਬਹੁਤੇ ਬੱਚੇ ਬਿਨਾਂ ਕਿਸੇ ਜੰਮਣ-ਪੀੜਾ ਦੇ ਪੈਦਾ ਹੁੰਦੇ ਹਨ। ਸੋਵੀਅਟ ਯੂਨੀਅਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਪਿੰਡਾਂ ਤੇ ਸ਼ਹਿਰਾਂ ਵਿਚ ਜਣੇਪੇ ਦੀਆਂ ਮੌਤਾਂ ਦੀ ਸੰਭਾਵਨਾਂ ਅਲੋਪ ਹੁੰਦੀ ਜਾ ਰਹੀ ਹੈ।

ਗਰਭਵਤੀ ਇਸਤ੍ਰੀਆਂ ਦੇ ਨਾਂ ਖਾਸ ਸਰਕਾਰੀ ਸਲਾਹ-ਕਾਰ ਸੈਂਟਰਾਂ ਵਿਚ ਦਰਜ ਕਰ ਲਏ ਜਾਂਦੇ ਹਨ ਜਿਥੇ ਉਹਨਾਂ ਦੀ ਤੇ ਜਣੇਪੇ ਪਿਛੋਂ ਉਨ੍ਹਾਂ ਦੇ ਬੱਚੇ ਦੀ ਬਾਕਾਇਦਾ ਡਾਕਟਰੀ ਦੇਖ ਭਾਲ ਹੁੰਦੀ ਹੈ।

ਜਣਨੀ ਤੇ ਬੱਚੇ ਦੀ ਦੇਖ ਭਾਲ ਦੇ ਸਰਕਾਰੀ ਪ੍ਰਬੰਧ ਨੇ ਮਾਵਾਂ ਨੂੰ ਕਈ ਪ੍ਰਕਾਰ ਦੀ ਮਦਦ ਤੇ ਸਹੂਲਤਾਂ ਪੁਚਾਈਆਂ ਹਨ।

ਵਡੇ ਟਬਰਾਂ ਵਾਲੀਆਂ ਮਾਵਾਂ ਨੂੰ ਸਰਕਾਰੀ ਅਲਾਊਂਸ ਮਿਲਦੇ ਹਨ। ਤੀਜਾ ਬੱਚਾ ਜੰਮਣ ਤੇ ਮਾਂ ਨੂੰ ਦੋ ਸੌ ਰੂਬਲ ਨਕਦ ਮਿਲਦੇ ਹਨ; ਚੌਥਾ ਬੱਚਾ ਹੋਣ ਤੇ ਸਾਢੇ ਛੇ ਸੌ ਰੂਬਲ ਨਕਦ ਤੇ ਚਾਲੀ ਰੂਬਲ ਮਾਹਵਾਰ ਮਿਲਦੇ ਹਨ। ਪੰਜਵਾਂ ਬੱਚਾ ਜੰਮਣ ਤੇ ਸਾਢੇ ਅਠ ਸੌ ਰੂਬਲ ਨਕਦ ਤੇ ਸਠ ਰੂਬਲ ਮਾਹਵਾਰ, ਛੇਵੇਂ ਬੱਚੇ ਤੇ ਇਕ ਹਜ਼ਾਰ ਰੂਬਲ ਨਕਦ ਤੇ ੭੦ ਰੂਬਲ ਮਾਹਵਾਰ, ਸਤਵੇਂ ਤੇ ਅਠਵੇਂ ਬੱਚੇ ਤੇ ੧੨੫੦ ਰੂਬਲ ਨਕਦ ਅਤੇ ੧੦੦ ਰੂਬਲ ਮਾਹਵਾਰ, ਨੌਵੇਂ ਤੇ ਦਸਵੇਂ ਬੱਚੇ ਤੇ ੧੭੫੦ ਰੂਬਲ ਨਕਦ ਤੇ ੧੨੫ ਰੂਬਲ ਮਾਹਵਾਰ ਦਿਤੇ ਜਾਂਦੇ ਹਨ। ਜਿਨ੍ਹਾਂ ਮਾਵਾਂ ਦੇ ਦਸ ਬੱਚੇ ਹੁੰਦੇ ਹਨ ਉਨ੍ਹਾਂ ਨੂੰ ਇਨ੍ਹਾਂ ਪਿਛੋਂ ਪੈਦਾ ਹੋਣ ਵਾਲੇ ਹਰ ਬੱਚੇ ਲਈ ਢਾਈ ਹਜ਼ਾਰ ਰੂਬਲ ਨਕਦ ਤੇ ੧੫੦ ਰੂਬਲ ਮਾਹਵਾਰ ਮਿਲਦੇ ਹਨ। ਜੰਗ-ਮਗਰਲੇ ਪੰਜ ਵਰ੍ਹਿਆਂ ਵਿਚ ਸਰਕਾਰ ਨੇ ਇਹਨਾਂ ਅਲਾਊਂਸਾਂ ਦੇ ਰੂਪ ਵਿਚ ੧੪੯੦ ਕਰੋੜ ਰੂਬਲ ਦੀ ਰਕਮ ਦਿਤੀ ਹੈ।

ਅਣਵਿਆਹੀਆਂ ਮਾਵਾਂ ਨੂੰ ਵੀ ਸਰਕਾਰ ਵਲੋਂ ਅਲਾਊਂਸ ਦਿਤੇ ਜਾਂਦੇ ਹਨ। ੧੯੫੩ ਵਿਚ ਵਡੇ ਟਬਰਾਂ ਵਾਲੀਆਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਣਵਿਆਹੀਆਂ ਮਾਵਾਂ ਨੂੰ ਬੱਚਿਆਂ ਦੀ ਪੈਦਾਇਸ਼ ਤੇ ਦਿਤੇ ਗਏ ਅਲਾਊਂਸਾਂ ਦੀ ਰਕਮ ੬੫੦ ਕਰੋੜ ਰੂਬਲ ਸੀ।

ਜਿਹੜੀਆਂ ਮਾਵਾਂ ਦਸ ਜਾਂ ਵਧ ਬੱਚੇ ਜੰਮਦੀਆਂ ਤੇ ਪਰਵਾਨ ਚੜ੍ਹਾਂਦੀਆਂ ਹਨ ਉਨ੍ਹਾਂ ਨੂੰ 'ਮਦਰ ਹੀਰੋਇਨ' (ਸੂਰਬੀਰ ਮਾਂ) ਦਾ ਖ਼ਤਾਬ ਦਿਤਾ ਜਾਂਦਾ ਹੈ। ਉਨ੍ਹਾਂ ਨੂੰ 'ਆਰਡਰ ਆਫ ਮਦਰ ਹੀਰੋਇਨ' ਅਤੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਵਲੋਂ ਇਕ ਸਰਟੀਫਿਕੇਟ ਦਿਤਾ ਜਾਂਦਾ ਹੈ। ਜਿਹੜੀਆਂ ਮਾਵਾਂ ਪੰਜ ਪੰਜ ਜਾਂ ਛੇ ਬੱਚਿਆਂ ਨੂੰ ਜਨਮ ਦੇ ਕੇ ਪਰਵਾਨ ਚੜ੍ਹਾਉਂਦੀਆਂ ਹਨ ਉਨ੍ਹਾਂ ਨੂੰ ਤਰਤੀਬਵਾਰ ਦੂਜੇ ਤੇ ਪਹਿਲੇ ਦਰਜੇ ਦਾ 'ਮਦਰ ਹੁਡ ਮੈਡਲ' ਦਿਤਾ ਜਾਂਦਾ ਹੈ। ਜਿਹੜੀਆਂ ਮਾਵਾਂ ਸਤ, ਅਠ ਜਾਂ ਨੌ ਬੱਚਿਆਂ ਨੂੰ ਜਨਮ ਦੇ ਕੇ ਪਰਵਾਨ ਚੜ੍ਹਾਉਂਦੀਆਂ ਹਨ ਉਨ੍ਹਾਂ ਨੂੰ ਤਰਤੀਬਵਾਰ ਤੀਜੇ, ਦੂਜੇ ਤੇ ਪਹਿਲੇ ਦਰਜੇ ਦਾ 'ਆਰਡਰ ਆਫ ਮਦਰਹੁਡ ਗਲੋਰੀ' ਦਿਤਾ ਜਾਂਦਾ ਹੈ। ਸੋਵੀਅਟ ਯੂਨੀਅਨ ਵਿਚ ਇਹ ਆਰਡਰ ਤੇ ਮੈਡਲ ਚਾਲੀ ਲੱਖ ਇਸਤ੍ਰੀਆਂ ਨੂੰ ਮਿਲ ਚੁਕੇ ਹਨ।

ਮਾਂ ਤੇ ਬੱਚੇ ਦੀ ਦੇਖ ਭਾਲ ਲਈ ਸੋਵੀਅਟ ਸਾਇੰਸਦਾਨ ਨਵੇਂ ਤੇ ਚੰਗੇਰੇ ਢੰਗ ਲਭਣ ਲਈ ਲਗਾਤਾਰ ਯਤਨ ਕਰਦੇ ਰਹਿੰਦੇ ਹਨ। ਇਸ ਖੇਤਰ ਵਿਚ ਵੀਹ ਤੋਂ ਵਧ ਖਾਸ ਸਾਇੰਟਿਫਿਕ ਰੀਸਰਚ ਅਦਾਰੇ ਖੋਜ ਕਰ ਰਹੇ ਹਨ।

੩੩. ਵਿਆਹ ਤੇ ਪਰਵਾਰ ਸਬੰਧੀ ਸੋਵੀਅਟ ਕਾਨੂੰਨ ਕੀ ਹਨ?

ਸੋਵੀਅਟ ਪ੍ਰਰਵਾਰ ਵਿਚ ਪਤੀ ਤੇ ਪਤਨੀ ਵਿਚ ਪੂਰੀ ਸਮਾਨਤਾ ਹੈ। ਇਹ ਸਮਾਨਤਾ ਪ੍ਰਸਪਰ ਸਤਿਕਾਰ, ਮਿਤਰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਪਿਆਰ ਦੀ ਨੀਂਹ ਤੇ ਉਸਰੀ ਹੋਈ ਹੈ।

ਸੋਵੀਅਟ ਸਟੇਟ ਘਰ ਦੀ ਪਾਏਦਾਰੀ ਦੀ ਹਿਫ਼ਾਜ਼ਤ ਤੇ ਰਖਿਆ ਕਰਦੀ ਹੈ। ਕਾਨੂੰਨ ਅਨੁਸਾਰ ਦੋਹਾਂ ਧਿਰਾਂ ਦੇ ਹਕ ਤੇ ਫ਼ਰਜ਼ ਬਰਾਬਰ ਹਨ। ਕਾਨੂੰਨ ਇਸਤ੍ਰੀ ਦੇ ਹਕਾਂ ਤੇ ਛਾਪਾ ਮਾਰਨ ਦੀ ਬਿਲਕੁਲ ਹੀ ਆਗਿਆ ਨਹੀਂ ਦਿੰਦਾ, ਅਤੇ ਦੋਹਾਂ ਧਿਰਾਂ ਨੂੰ ਬਚਿਆਂ ਦੀ ਪਾਲਣਾ ਲਈ ਬਰਾਬਰ ਜ਼ੁਮੇਵਾਰ ਠਹਿਰਾਂਦਾ ਹੈ।

ਵਿਆਹ ਪਿਛੋਂ ਇਕੱਠੀ ਹੋਈ ਹੋਈ ਜਾਇਦਾਦ ਤੇ ਦੋਹਾਂ ਧਿਰਾਂ ਦੀ ਬਰਾਬਰ ਦੀ ਮਾਲਕੀ ਹੁੰਦੀ ਹੈ। ਇਕ ਧਿਰ ਦੀ ਨਿਰਯੋਗਤਾ ਦੀ ਹਾਲਤ ਵਿਚ ਦੂਜੀ ਧਿਰ ਉਸ ਦੇ ਗੁਜ਼ਾਰੇ ਤੇ ਦੇਖ ਭਾਲ ਲਈ ਜ਼ੁਮੇਵਾਰ ਹੈ।

ਸੋਵੀਅਟ ਕਾਨੂੰਨਾਂ ਅਨੁਸਾਰ ਜੇ ਕੋਈ ਆਪਣੇ ਗੈਰ-ਜ਼ੁਮੇਵਾਰ ਵਤੀਰੇ ਨਾਲ ਘਰ ਦੇ ਜੀਵਨ ਨੂੰ ਹਾਨੀ ਪੁਚਾਂਦਾ ਹੈ, ਜੇ ਮਰਦ ਇਸਤ੍ਰੀ ਨੂੰ ਗਰਭ-ਹਰਣ ਲਈ ਮਜਬੂਰ ਕਰਦਾ ਹੈ, ਅਤੇ ਜੇ ਕੋਈ ਆਪਣੇ ਬਚਿਆਂ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਦੰਡ ਦਾ ਭਾਗੀ ਹੈ।

ਸੋਵੀਅਟ ਯੂਨੀਅਨ ਵਿਚ ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦੀ ਸੋਵੀਅਟ ਦੀ ਸਿਵਲ ਰਜਿਸਟਰੀ ਬਿਊਰੋ ਵਿਚ ਰਜਿਸਟਰੀ ਕਰਵਾ ਕੇ ਵਿਆਹ ਦੀ ਰਸਮ ਪਰਵਾਨ ਚੜ੍ਹਦੀ ਹੈ। ਪਤੀ ਤੇ ਪਤਨੀ ਦੋਹਾਂ ਧਿਰਾਂ ਦੇ ਪਾਸਪੋਰਟ ਤੇ ਇਹ ਗਲ ਲਿਖ ਦਿਤੀ ਜਾਂਦੀ ਹੈ ਕਿ ਉਹਨਾਂ ਦਾ ਵਿਆਹ ਹੋ ਗਿਆ ਹੈ।

ਪਰਵਾਰਿਕ ਜੀਵਨ ਨੂੰ ਪੱਕਾ ਕਰਨ ਦੇ ਮੰਤਵ ਨਾਲ ਅਤੇ ਮਾਂ ਤੇ ਬੱਚੇ ਦੇ ਲਾਭਾਂ ਦੀ ਰਾਖੀ ਲਈ ਸੋਵੀਅਟ ਕਾਨੂੰਨ ਸਿਰਫ਼ ਅਦਾਲਤੀ ਕਾਰਵਾਈ ਦੁਆਰਾ ਅਤੇ ਉਹ ਵੀ ਗੰਭੀਰ ਕਾਰਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਹੀ ਵਿਆਹ ਮਨਸੂਖ ਕਰਨ ਦੀ ਆਗਿਆ ਦੇਂਦਾ ਹੈ। ਕਿਸੇ ਵੀ ਧਿਰ ਦੀ ਬੇਨਤੀ ਤੇ ਤਲਾਕ ਸਬੰਧੀ ਕਾਰਵਾਈ ਹੁੰਦੀ ਹੈ ਤੇ ਇਹ ਕਾਰਵਾਈ ਪਰਦੇ ਵਿਚ ਹੁੰਦੀ ਹੈ।

ਜੇ ਅਦਾਲਤ ਤਲਾਕ ਦੀ ਆਗਿਆ ਦੇਣਾ ਯੋਗ ਸਮਝਦੀ ਹੈ ਤਾਂ ਉਹ ਆਪਣੇ ਫ਼ੈਸਲੇ ਵਿਚ ਇਹ ਸਾਫ਼ ਦਰਜ ਕਰ ਦੇਂਦੀ ਹੈ ਕਿ ਬੱਚੇ ਮਾਂ ਕੋਲ ਰਹਿਣੇ ਹਨ ਜਾਂ ਪਿਤਾ ਕੋਲ। ਨਾਲ ਹੀ ਅਦਾਲਤ ਜਾਇਦਾਦ ਨੂੰ ਪਤੀ ਤੇ ਪਤਨੀ ਵਿਚਕਾਰ ਵੰਡਦੀ ਹੈ ਅਤੇ ਦੋਹਾਂ ਧਿਰਾਂ ਨੂੰ ਇਸ ਗਲ ਦੀ ਆਗਿਆ ਦੇਂਦੀ ਹੈ ਕਿ ਜੇ ਉਹ ਚਾਹੁਣ ਤਾਂ ਉਹ ਆਪਣੇ ਵਿਆਹੋਂ ਪਹਿਲੇ ਨਾਂਅ ਮੁੜ ਵਰਤ ਸਕਦੇ ਹਨ।

ਪਹਿਲੀ ਸ਼ਾਦੀ ਕਾਨੂਨੀ ਤੌਰ ਤੇ ਮਨਸੂਖ ਹੋਏ ਬਿਨਾਂ ਦੂਜੀ ਸ਼ਾਦੀ ਕਰਨਾ, ਦੋ ਜਾਂ ਦੋ ਤੋਂ ਵਧ ਸ਼ਾਦੀਆਂ ਕਰਨਾ ਕਾਨੂੰਨ ਦੇ ਵਿਰੁਧ ਹੈ।

੩੪. ਸੋਵੀਅਟ ਮਜ਼ਦੂਰ ਨੂੰ ਉਸਦੀ ਉਜਰਤ ਤੋਂ ਬਿਨਾਂ ਸਟੇਟ ਵਲੋਂ ਹੋਰ ਕੀ ਮਿਲਦਾ ਹੈ ?

ਇਕ ਸੋਵੀਅਟ ਮਜ਼ਦੂਰ ਦੀ ਆਮਦਨੀ ਸਿਰਫ਼ ਉਸਦੀ ਉਜਰਤ ਹੀ ਨਹੀਂ। ਸਟੇਟ ਵਲੋਂ ਉਹਨੂੰ ਕਈ ਪ੍ਰਕਾਰ ਦੇ ਨਕਦ ਅਲਾਊਂਸ ਤੇ ਹੋਰ ਕਈ ਲਾਭ ਮਿਲਦੇ ਹਨ, ਜਿਨ੍ਹਾਂ ਨਾਲ ਪਰਵਾਰ ਦੀ ਆਮਦਨੀ ਵਿਚ ਤੀਜੇ ਹਿੱਸੇ ਤੋਂ ਵੀ ਬਹੁਤਾ ਵਾਧਾ ਹੋ ਜਾਂਦਾ ਹੈ। ਉਜਰਤ ਤੋਂ ਬਿਨਾਂ ਉਹਨੂੰ ਇਹ ਅਲਾਊਂਸ ਤੇ ਲਾਭ ਮਿਲਦੇ ਹਨ।

ਸਟੇਟ ਸੋਸ਼ਲ ਇਨਸ਼ੋਰੰਸ ਫੰਡ ਵਿਚੋਂ ਅਲਾਊਂਸ ਤੇ ਲਾਭ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਜਕ ਸੁਰੱਖਿਆ ਦੇ ਕਾਨੂੰਨ ਹੇਠ ਪਿਨਸ਼ਨਾਂ;

ਛੁਟੀਆਂ ਦੀ ਤਨਖਾਹ, ਜੋ ਸਭ ਮਜ਼ਦੂਰਾਂ ਨੂੰ ਮਿਲਦੀ ਹੈ;

ਸਿਹਤ ਸਥਾਨ ਅਤੇ-ਛੁਟੀਆਂ ਬਿਤਾਣ ਦੇ ਸਥਾਨਾਂ ਤੇ ਮੁਫ਼ਤ ਜਾਂ ਰਿਆਇਤੀ-ਦਰ ਤੇ ਰਹਿਣ ਦਾ ਪ੍ਰਬੰਧ;

ਨਰਸਰੀਆਂ ਤੇ ਕਿੰਡਰਗਾਰਟਨਾਂ ਵਿਚ ਬਚਿਆਂ ਦੇ ਮੁਫ਼ਤ ਜਾਂ ਰਿਆਇਤੀ-ਦਰ ਤੇ ਰਹਿਣ ਦਾ ਪ੍ਰਬੰਧ;

ਗਰਮੀਆਂ ਦੀਆਂ ਛੁਟੀਆਂ ਵਿਚ ਛੁਟੀ-ਬਿਤਾਣ ਦੇ ਸੈਂਟਰਾਂ, ਬਚਿਆਂ ਦੇ ਸੈਨੀਟੋਰੀਅਮਾਂ ਤੇ ਦੂਜੇ ਸਿਹਤ ਸਥਾਨਾਂ ਵਿਚ ਬਚਿਆਂ ਦੀ ਰਿਹਾਇਸ਼ ਤੇ ਭੋਜਨ ਦਾ ਮੁਫ਼ਤ ਜਾਂ ਰਿਆ-ਇਤੀ ਦਰ ਤੇ ਪ੍ਰਬੰਧ;

ਵਡੇ ਟਬਰਾਂ ਵਾਲੀਆਂ ਤੇ ਅਣਵਿਆਹੀਆਂ ਮਾਵਾਂ ਨੂੰ ਨਕਦ ਮਦਦ;

ਸਰਕਾਰੀ ਖਰਚ ਤੇ ਸਭ ਬਚਿਆਂ ਦੀ ਪੜ੍ਹਾਈ ਅਤੇ ਮਜ਼ਦੂਰਾਂ ਦੀ ਟਰੇਨਿੰਗ ਦਾ ਪ੍ਰਬੰਧ;

ਖ਼ਾਸ ਵਿਦਿਆ ਦੇ ਸੈਕੰਡਰੀ ਸਕੂਲਾਂ ਤੇ ਉਚੇਰੀਆਂ ਵਿਦਿ-ਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਨੂੰ ਦਿਤੇ ਜਾਂਦੇ ਅਲਾਊਂਸ;

ਮੁਫ਼ਤ ਡਾਕਟਰੀ ਸੇਵਾ;

ਕਈ ਪ੍ਰਕਾਰ ਦੇ ਪਰੀਮੀਅਮ ਤੇ ਬੋਨਸ, ਆਦਿ;

ਇਹਨਾਂ ਸਭ ਸਹੂਲਤਾਂ ਤੇ ਸੇਵਾਵਾਂ ਲਈ ਸਰਕਾਰ ਖ਼ਰਚ ਕਰਦੀ ਹੈ, ਇਹ ਸਭ ਗਲਾਂ ਮਿਹਨਕਸ਼ ਲੋਕਾਂ ਲਈ ਵਾਧੂ ਆਮਦਨੀ ਦੀਆਂ ਸ਼ਕਲਾਂ ਹਨ।

੧੯੫੨ ਵਿਚ ਸਟੇਟ ਵਲੋਂ ਲੋਕਾਂ ਨੂੰ ਮਿਲੀ ਨਕਦੀ ਤੇ ਸਟੇਟ ਵਲੋਂ ਲੋਕ ਲਾਭਾਂ ਲਈ ਖਰਚ ਕੀਤੀ ਗਈ ਕੁਲ ਰਕਮ ੧੨੯੬੦ ਕਰੋੜ ਰੂਬਲ ਬਣਦੀ ਸੀ, ੧੯੫੩ ਵਿਚ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਕਮ [illegible] ਕਰੋੜ ਰੂਬਲ ਹੋ ਗਈ । ਇਸ ਵਿਚ ਉਹ ਭਾਰੀ ਰਕਮ ਸ਼ਾਮਲ ਨਹੀਂ ਹੈ ਜੋ ਸਰਕਾਰ ਹਰ ਸਾਲ ਮਕਾਨ ਉਸਾਰਨ ਤੇ ਖਰਚ ਕਰਦੀ ਹੈ ।

੩੫. ਸੋਵੀਅਟ ਟ੍ਰੇਡ ਯੂਨੀਅਨਾਂ ਕਿਵੇਂ ਕੰਮ ਕਰਦੀਆਂ ਹਨ ?

ਸੋਵੀਅਟ ਟ੍ਰੇਡ ਯੂਨੀਅਨਾਂ ਸੋਵੀਅਟ ਯੂਨੀਅਨ ਦੀ ਮਜ਼ਦੂਰ ਸ਼੍ਰੇਣੀ ਦੀਆਂ ਸਭ ਤੋਂ ਵਡੀਆਂ ਜਨਤਕ ਜਥੇਬੰਦੀਆਂ ਹਨ । ਇਨ੍ਹਾਂ ਵਿਚ ਲਗ ਪਗ ਸਾਰੇ ਮਜ਼ਦੂਰ, ਇੰਜੀਨੀਅਰ, ਟੈਕਨੀਸ਼ਨ, ਕਲਰਕ, ਸਾਇੰਸਦਾਨ ਤੇ ਸਭਿਆਚਾਰ ਦੇ ਖੇਤਰ ਵਿਚ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ ।

ਇਹ ਯੂਨੀਅਨਾਂ ਮਿਹਨਤਕਸ਼ ਜਨਤਾ ਦੇ ਮਾਦੀ ਹਾਲਾਤ ਤੇ ਜੀਵਨ ਦੇ ਆਮ ਸੁਖ ਸਹੂਲਤਾਂ ਨੂੰ ਚੰਗੇਰਾ ਬਨਾਣ ਦੇ ਕੰਮ ਵਿਚ ਸੋਵੀਅਟ ਸਰਕਾਰ ਤੇ ਕਮਿਊਨਿਸਟ ਪਾਰਟੀ ਦੀ ਸਰਗਰਮ ਮਦਦ ਕਰਦੀਆਂ ਹਨ । ਉਹ ਪੈਦਾਵਾਰ ਵਧਾਣ ਵਿਚ ਅਤੇ ਮਜ਼ਦੂਰ ਜਮਾਤ ਦੀ ਰਾਜਸੀ ਵਿਦਿਆ ਤੇ ਸਭਿਆਚਾਰਕ ਉਨਤੀ ਲਈ ਕੰਮ ਕਰਦੀਆਂ ਹਨ ।

ਵੀ-ਆਈ-ਲੈਨਿਨ ਨੇ ਸੋਵੀਅਟ ਟ੍ਰੇਡ ਯੂਨੀਅਨਾਂ ਨੂੰ "ਕਮਿਊਨਿਜ਼ਮ ਦੇ ਸਕੂਲ" ਦਾ ਨਾਂਅ ਦਿਤਾ ਸੀ, ਕਿਉਂ ਜੁ ਇਹ ਯੂਨੀਅਨਾਂ ਆਮ ਮਜ਼ਦੂਰ ਜਮਾਤ ਨੂੰ ਸੋਸ਼ਲਿਸਟ ਉਸਾਰੀ ਦੇ ਕੰਮ ਵਿਚ ਲਗਾਂਦੀਆਂ ਹਨ, ਮਜ਼ਦੂਰਾਂ ਦੀ ਰਾਜਸੀ ਸੂਝ ਤੇ ਜਨਤਕ ਸਰਗਰਮੀ ਨੂੰ ਵਧਾਂਦੀਆਂ ਹਨ, ਅਤੇ ਉਹਨਾਂ ਵਿਚ ਮਿਹਨਤ ਵਲ ਕਮਿਊਨਿਸਟ ਵਤੀਰਾ ਪੈਦਾ ਕਰਦੀਆਂ ਹਨ ।

ਸਨਅਤ, ਮਿਹਨਤ, ਜੀਵਨ-ਪਧਰ ਤੇ ਸਭਿਆਚਾਰ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਬੰਧਤ ਕਾਨੂੰਨ ਬਨਾਣ ਵਿਚ ਟਰੇਡ ਯੂਨੀਅਨਾਂ ਸਰਗਰਮ ਹਿਸਾ ਲੈਂਦੀਆਂ ਹਨ । ਉਹ ਮਜ਼ਦੂਰਾਂ ਦੀ ਰਖਿਆ ਦੇ ਕਾਨੂੰਨਾਂ ਨੂੰ ਲਾਗੂ ਕਰਨ ਉਤੇ ਨਿਗਰਾਨੀ ਰਖਦੀਆਂ ਹਨ, ਸਰਕਾਰੀ ਸਮਾਜਕ ਬੀਮੇਂ ਫੰਡਾਂ ਦਾ ਪ੍ਰਬੰਧ ਕਰਦੀਆਂ ਹਨ, ਅਤੇ ਉਹ ਇਸ ਗਲ ਦਾ ਧਿਆਨ ਰਖਦੀਆਂ ਹਨ ਕਿ ਸਨਅਤੀ ਸੁਰੱਖਿਆ ਦੇ ਨਿਯਮਾਂ ਤੇ ਸਖਤੀ ਨਾਲ ਅਮਲ ਹੋਵੇ ।

ਇਹ ਯੂਨੀਅਨਾਂ ਉਜਰਤ ਤੇ ਤਨਖਾਹ ਦੀਆਂ ਤਜਵੀਜ਼ਾਂ ਬਨਾਣ ਵਿਚ ਹਿੱਸਾ ਲੈਂਦੀਆਂ ਹਨ ਅਤੇ ਇਸ ਅਸੂਲ ਉਤੇ ਬੜੀ ਸਖਤੀ ਨਾਲ ਅਮਲ ਕਰਵਾਂਦੀਆਂ ਹਨ ਕਿ ਹਰ ਇਕ ਨੂੰ ਉਸ ਦੇ ਕੰਮ ਦੀ ਮਿਕਦਾਰ ਤੇ ਪਰਕਾਰ (ਕੁਆਲਟੀ) ਅਨੁਸਾਰ ਮੁਆਵਜ਼ਾ ਮਿਲੇ । ਉਹ ਕੰਮ ਬਦਲੇ ਦਿਤੀ ਜਾਂਦੀ ਠੀਕ ਉਜਰਤ ਦੀ ਅਤੇ ਪੈਦਾਵਾਰ ਦੇ ਮਿਆਰਾਂ ਦੀ ਪੜਤਾਲ ਕਰਦੀਆਂ ਹਨ ਕਿ ਇਹ ਮਾਕੂਲ ਤੇ ਵਾਜਬ ਹਨ ।

ਫੈਕਟਰੀਆਂ ਵਿਚ ਯੂਨੀਅਨ ਕਮੇਟੀਆਂ ਸੋਸ਼ਲਿਸਟ ਮੁਕਾਬਲੇ ਜਥੇਬੰਦ ਕਰਦੀਆਂ ਹਨ । ਮਜ਼ਦੂਰਾਂ ਨੂੰ ਉਚੇਰੀ ਯੋਗਤਾ ਲਈ ਸਿਖਲਾਈ ਵਿਚ ਸਹਾਇਤਾ ਕਰਦੀਆਂ ਹਨ, ਸਿਖਿਆ ਦੇਣ ਦਾ ਪ੍ਰਬੰਧ ਕਰਦੀਆਂ ਹਨ, ਸਤਾਖਨੋਵਾਈਟ ਸਕੂਲ ਤੇ ਸਟਡੀ ਸਰਕਲ ਚਲਾਂਦੀਆਂ ਹਨ, ਸਭ ਤੋਂ ਅਗੇ ਵਧੇ ਮਜ਼ਦੂਰਾਂ ਦੇ ਤਜਰਬੇ ਦੂਜੇ ਮਜ਼ਦੂਰਾਂ ਤਕ ਪੁਚਾਂਦੀਆਂ ਹਨ, ਅਤੇ ਪੈਦਾਵਰ ਦੇ ਨਵੇਂ ਤੇ ਚੰਗੇਰੇ ਢੰਗਾਂ ਤੇ ਟੈਕਨੀਕ ਦੀਆਂ ਨਵੀਆਂ ਨਵੀਆਂ ਕਾਢਾਂ ਨੂੰ ਹਰਮਨ ਪਿਆਰਾ ਬਣਾਦੀਆਂ ਹਨ ।

ਟਰੇਡ ਯੂਨੀਅਨ ਕਮੇਟੀ ਮਜ਼ਦੂਰਾਂ ਵਲੋਂ ਪ੍ਰਬੰਧਕਾਂ ਨਾਲ ਸਾਂਝੇ ਸਮਝੌਤੇ ਕਰਦੀ ਹੈ । (ਵੇਖੋ ਉਤਰ ਨੰਬਰ ੬੧)

ਟਰੇਡ ਯੂਨੀਅਨਾਂ ਮਜ਼ਦੂਰਾਂ ਦੀਆਂ ਮਾਦੀ ਲੋੜਾਂ ਤੇ ਸਭਿਆਚਾਰਕ ਲਾਭਾਂ ਦਾ ਵੀ ਖਿਆਲ ਰਖਦੀਆਂ ਹਨ । ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੇਕਾਂ ਸਭਿਆਚਾਰ-ਮਹੱਲਾਂ, ਕਲੱਬਾਂ, ਲਾਇਬ੍ਰੇਰੀਆਂ ਤੇ ਸਟੇਡੀਅਮਾਂ (ਖੇਡ ਦੇ ਮੈਦਾਨਾਂ) ਦਾ ਪ੍ਰਬੰਧ ਕਰਦੀਆਂ ਹਨ। ਉਹ ਇਸ ਗਲ ਵਲ ਧਿਆਨ ਦੇਂਦੀਆਂ ਹਨ ਕਿ ਮਕਾਨ ਉਸਾਰਨ ਸਭਿਆਚਾਰ ਨੂੰ ਉਨਤ ਕਰਨ ਅਤੇ ਜਨਤਾ ਨੂੰ ਦਿਤੀਆਂ ਜਾਣ ਵਾਲੀਆਂ ਸਰਕਾਰੀ ਸਹੂਲਤਾਂ ਨੂੰ ਤਰੱਕੀ ਦੇਣ ਦੇ ਪ੍ਰੋਗਰਾਮ ਪਲੈਨ ਅਨੁਸਾਰ ਸਿਰੇ ਚੜ੍ਹਦੇ ਹਨ। ਉਹ ਸਨਅਤੀ ਸੰਸਥਾਵਾਂ ਦੇ ਮਕਾਨਾਂ ਵਿਚ ਰਹਿਣ-ਸਥਾਨਾਂ ਦੀ ਵੰਡ ਦੇ ਕੰਮ ਵਿਚ ਹਿਸਾ ਲੈਂਦੀਆਂ ਹਨ ਅਤੇ ਸਿਹਤ-ਸਥਾਨਾਂ ਤੇ ਛੁਟੀਆਂ ਬਿਤਾਣ ਦੇ ਸਥਾਨਾਂ ਤੇ ਰਿਹਾਇਸ਼ ਦਾ ਪ੍ਰਬੰਧ ਕਰਦੀਆਂ ਹਨ।

ਟਰੇਡ ਯੂਨੀਅਨ ਦੇ ਫੰਡ ਮੈਂਬਰਾਂ ਦੇ ਚੰਦੇ ਨਾਲ ਬਣਦੇ ਹਨ ਅਤੇ ਇਹ ਮੈਂਬਰੀ ਚੰਦਾ ਉਜਰਤਾਂ ਤੇ ਤਨਖਾਹਾਂ ਦਾ ਇਕ ਫੀ ਸਦੀ ਨਿਯਤ ਕੀਤਾ ਗਿਆ ਹੈ।

ਸੋਵੀਅਟ ਟਰੇਡ ਯੂਨੀਅਨਾਂ ਦੀ ਜਥੇਬੰਦੀ ਸਨਅਤੀ ਲਾਈਨਾਂ ਤੇ ਹੁੰਦੀ ਹੈ। ਕਿਸੇ ਕਾਰਖਾਨੇ ਜਾਂ ਅਦਾਰੇ ਵਿਚ ਕੰਮ ਕਰਨ ਵਾਲੇ ਸਭ ਮਜ਼ਦੂਰ, ਬੇਹੁਨਰ ਮਜ਼ਦੂਰਾਂ ਤੇ ਕੋਲਾ ਝੋਂਕਣ ਵਾਲੇ ਤੋਂ ਲੈ ਕੇ ਮੈਨੇਜਰ ਤਕ ਇਕ ਹੀ ਯੂਨੀਅਨ ਵਿਚ ਸ਼ਾਮਲ ਹੁੰਦੇ ਹਨ (ਮੈਂਬਰਸ਼ਿਪ ਮਰਜ਼ੀ ਤੇ ਹੈ, ਜਬਰੀ ਨਹੀਂ)। ਇਸੇ ਕਰਕੇ ਹਰ ਇਕ ਸੋਵੀਅਟ ਕਾਰਖਾਨੇ ਵਿਚ ਇਕੋ ਇਕ ਪੂਰੀ ਤਰ੍ਹਾਂ ਜਥੇਬੰਦ ਟ੍ਰੇਡ ਯੂਨੀਅਨ ਜਥੇਬੰਦੀ ਹੁੰਦੀ ਹੈ ਜਿਸ ਨੂੰ ਕੁਲ ਕਾਮਿਆਂ ਦੀ ਮਿਲਵਰਤਨ ਪ੍ਰਾਪਤ ਹੁੰਦੀ ਹੈ ਤੇ ਜਿਹੜੀ ਉਨ੍ਹਾਂ ਸਭਨਾਂ ਦੇ ਲਾਭਾਂ ਦੀ ਪ੍ਰਤੀਨਿਧਤਾ ਕਰਦੀ ਹੈ।

ਇਸੇ ਤਰ੍ਹਾਂ, ਇਕ ਸਨਅਤ ਦੇ ਮਜ਼ਦੂਰ ਇਕੋ ਹੀ ਟ੍ਰੇਡ ਯੂਨੀਅਨ ਵਿਚ ਜਥੇਬੰਦ ਹੁੰਦੇ ਹਨ।

ਹਰ ਇਕ ਸ਼ਹਿਰੀ ਨੂੰ ਇਹ ਅਧਿਕਾਰ ਹੈ ਕਿ ਉਹ ਕੰਮ ਤੇ ਲਗਣ ਦੇ ਦਿਨ ਤੋਂ ਟ੍ਰੇਡ ਯੂਨੀਅਨ ਦਾ ਮੈਂਬਰ ਬਣ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਨੀਅਨ ਦੇ ਕਾਨੂੰਨਾਂ ਅਨੁਸਾਰ ਹਰ ਇਕ ਮੈਂਬਰ ਨੂੰ ਯੂਨੀਅਨ ਦੀ ਹਰ ਇਕ ਸੰਸਥਾ ਦੀ ਚੋਣ ਵਿਚ ਖੜਾ ਹੋਣ ਦਾ ਅਤੇ ਪ੍ਰਤੀਨਿਧ ਚੁਣਨ ਦਾ ਹਕ ਹਾਸਲ ਹੈ। ਉਸ ਨੂੰ ਮੀਟਿੰਗਾਂ ਵਿਚ ਤੇ ਅਖਬਾਰਾਂ ਵਿਚ ਯੂਨੀਅਨ ਦੀ ਸਥਾਨਕ ਸੰਸਥਾ ਜਾਂ ਉਚੇਰੀਆਂ ਸੰਸਥਾਵਾਂ ਤੇ ਨੁਕਤਾਚੀਨੀ ਕਰਨ ਦਾ ਹਕ ਹੈ, ਅਤੇ ਉਹ ਕਿਸੇ ਵੀ ਮੁਖ-ਸੰਸਥਾ ਪਾਸ ਬੇਨਤੀ ਪਤਰ ਭੇਜਣ ਜਾਂ ਸ਼ਿਕਾਇਤ ਕਰਨ ਦਾ ਹਕ ਰਖਦਾ ਹੈ, ਜਿਸ ਨੂੰ ਇਸ ਵਲ ਝਟ ਪਟ ਧਿਆਨ ਦੇਣਾ ਪੈਂਦਾ ਹੈ।

ਸੋਵੀਅਟ ਟ੍ਰੇਡ ਯੂਨੀਅਨਾਂ ਹਰ ਕੰਮ ਜਨਤਾ ਦੇ ਵਿਸ਼ਾਲ ਜਮਹੂਰੀ ਹੱਕਾਂ ਤੇ ਜਨਤਾ ਦੀ ਪਹਿਲ-ਕਦਮੀ ਨੂੰ ਮੁਖ ਰਖਦਿਆਂ ਕਰਦੀਆਂ ਹਨ । ਯੂਨੀਅਨ ਦੀਆਂ ਸਭ ਮੁਖ ਸੰਸਥਾਵਾਂ, ਸ਼ਾਪ ਤੇ ਫੈਕਟਰੀ ਦੀਆਂ ਬਰਾਂਚ ਕਮੇਟੀਆਂ ਤੋਂ ਲੈ ਕੇ ਯੂਨੀਅਨ ਦੀਆਂ ਕੇਂਦਰੀ ਕਮੇਟੀਆਂ ਤਕ, ਗੁਪਤ ਵੋਟ ਦੁਆਰਾ ਚੁਣੀਆਂ ਜਾਂਦੀਆਂ ਹਨ। ਹਰ ਇਕ ਮੁਖ ਸੰਸਥਾ ਲਈ ਜ਼ਰੂਰੀ ਹੈ ਕਿ ਉਹ ਇਕ ਖਾਸ ਮਿਆਦ ਪਿਛੋਂ (ਜੋ ਯੂਨੀਅਨ ਦੇ ਨਿਯਮਾਂ ਵਿਚ ਦਰਜ ਹੁੰਦੀ ਹੈ) ਕੁਲ ਮੈਂਬਰਾਂ ਸਾਹਮਣੇ ਆਪਣੇ ਕੰਮ ਦੀ ਰੀਪੋਰਟ ਪੇਸ਼ ਕਰੇ।

ਦੇਸ ਭਰ ਦੀ ਕੇਂਦਰੀ ਟ੍ਰੇਡ ਯੂਨੀਅਨ ਸੰਸਥਾ 'ਆਲ-ਯੂਨੀਅਨ ਸੈਂਟਰਲ ਕੌਂਸਲਜ਼ ਆਫ ਟ੍ਰੇਡ ਯੂਨੀਅਨਜ਼' ਹੈ ਜੋ ਟ੍ਰੇਡ ਯੂਨੀਅਨਾਂ ਦੀ ਕੁਲ-ਯੂਨੀਅਨ ਕਾਂਗਰਸ ਵਿਚ ਚੁਣੀ ਜਾਂਦੀ ਹੈ। ਹਰ ਇਕ ਯੂਨੀਅਨ ਦੀ ਕੇਂਦਰੀ ਸੰਸਥਾ ਉਹਦੀ ਕੇਂਦਰੀ ਕਮੇਟੀ ਹੁੰਦੀ ਹੈ ਜਿਹੜੀ ਉਸ ਯੂਨੀਅਨ ਦੀ ਕਾਂਗਰਸ ਵਿਚ ਚੁਣੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩੬. ਕੀ ਸੋਵੀਅਟ ਯੂਨੀਅਨ ਵਿਚ ਮਜ਼ਦੂਰਾਂ ਤੇ ਪ੍ਰਬੰਧਕਾਂ ਵਿਚਕਾਰ ਝਗੜੇ ਹੁੰਦੇ ਹਨ ਤੇ ਉਹ ਕਿਵੇਂ ਨਜਿਠੇ ਜਾਂਦੇ ਹਨ ?

ਸੋਵੀਅਟ ਪ੍ਰਬੰਧ ਵਿਚ ਮਜ਼ਦੂਰ ਤੇ ਮੈਨੇਜਰ ਦੋ ਵਿਰੋਧੀ ਜਮਾਤਾਂ ਨਾਲ ਸਬੰਧ ਨਹੀਂ ਰਖਦੇ। ਉਹ ਦੋਵੇਂ ਸੋਸ਼ਲਿਸਟ ਆਰਥਕਤਾ ਦੇ ਕਾਰਕੁਨ ਹਨ, ਦੋਹਾਂ ਦਾ ਮੰਤਵ ਇਕੋ ਹੈ ਤੇ ਉਹ ਕਮਿਊਨਿਸਟ ਸਮਾਜ ਦੀ ਉਸਾਰੀ ਕਰਨਾ ਹੈ।

ਫੇਰ ਵੀ ਕਾਰਖਾਨੇ ਦੇ ਰੋਜ਼ਾਨਾ ਕੰਮ ਵਿਚ ਇਕੜ ਦੁਕੜ ਮਜ਼ਦੂਰਾਂ ਤੇ ਪ੍ਰਬੰਧਕਾਂ ਵਿਚਕਾਰ ਝਗੜੇ ਜ਼ਰੂਰ ਪੈਦਾ ਹੋ ਸਕਦੇ ਹਨ।

ਮਜ਼ਦੂਰਾਂ ਨਾਲ ਸਬੰਧਤ ਝਗੜਿਆਂ ਦਾ ਫੈਸਲਾ ਕਰਨ ਦਾ ਢੰਗ ਕਾਨੂੰਨ ਵਿਚ ਦਰਜ ਹੈ ਇਨ੍ਹਾਂ ਝਗੜਿਆਂ ਦਾ ਫੈਸਲਾ ਸ਼ਿਕਾਇਤ-ਕਮੇਟੀਆਂ ਜਾਂ ਜਨਤਕ ਅਦਾਲਤਾਂ ਦੁਆਰਾ ਹੁੰਦਾ ਹੈ।

ਸ਼ਕਾਇਤ-ਕਮੇਟੀਆਂ ਸਮਝੌਤਾ ਕਰਵਾਣ ਦੀਆਂ ਖਾਸ ਸੰਸਥਾਵਾਂ ਹੁੰਦੀਆਂ ਹਨ। ਇਹ ਸਭ ਸਨਅਤੀ ਕਾਰਖਾਨਿਆਂ, ਦਫਤਰਾਂ, ਤੇ ਅਦਾਰਿਆਂ ਵਿਚ ਕਾਇਮ ਕੀਤੀਆਂ ਜਾਂਦੀਆਂ ਹਨ। ਇਹ ਟ੍ਰੇਡ ਯੂਨੀਅਨ ਕਮੇਟੀਆਂ ਦੇ ਅਧੀਨ ਕੰਮ ਕਰਦੀਆਂ ਹਨ। ਇਨ੍ਹਾਂ ਵਿਚ ਟ੍ਰੇਡ ਯੂਨੀਅਨ ਕਮੇਟੀ ਅਤੇ ਪ੍ਰਬੰਧਕਾਂ ਦੇ ਬਰਾਬਰ ਬਰਾਬਰ ਨੁਮਾਇੰਦੇ ਹੁੰਦੇ ਹਨ।

ਜੇ ਕਿਸੇ ਮਜ਼ਦੂਰ, ਇੰਜਨੀਅਰ ਜਾਂ ਟੈਕਨੀਸ਼ਨ ਨੂੰ ਕੋਈ ਸ਼ਿਕਾਇਤ ਹੁੰਦੀ ਹੈ-ਉਜਰਤ ਦੀ ਦਰ ਸਬੰਧੀ ਜਾਂ ਕੰਮ ਤੋਂ ਹਟਾਏ ਜਾਣ ਸਬੰਧੀ, ਤਬਾਦਲੇ ਬਾਰੇ ਜਾਂ ਅਜੇਹੇ ਕਿਸੇ ਹੋਰ ਮਸਲੇ ਬਾਰੇ-ਤਾਂ ਉਹ ਸ਼ਿਕਾਇਤ ਕਮੇਟੀ ਕੋਲ ਆਪਣੀ ਸ਼ਿਕਾਇਤ ਭੇਜ ਦੇਂਦਾ ਹੈ। ਇਹ ਜ਼ਰੂਰੀ ਹੈ ਕਿ ਤਿੰਨ ਦਿਨ ਦੇ ਅੰਦਰ ਅੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਿਕਾਇਤ ਦੀ ਪੜਤਾਲ ਕਰਕੇ ਫ਼ੈਸਲਾ ਦਿਤਾ ਜਾਵੇ।

ਕਮੇਟੀ ਦੀ ਪੜਤਾਲ ਦੇ ਦੌਰਾਨ ਵਿਚ ਟ੍ਰੇਡ ਯੂਨੀਅਨ ਤੇ ਪ੍ਰਬੰਧਕਾਂ ਦੇ ਨੁਮਾਇੰਦਿਆਂ ਨੂੰ ਬਰਾਬਰ ਹਕ ਹਾਸਲ ਹੁੰਦੇ ਹਨ। ਜਦ ਤਕ ਦੋਵੇਂ ਧਿਰਾਂ ਕਿਸੇ ਫ਼ੈਸਲੇ ਨੂੰ ਮਨਜ਼ੂਰ ਨਾ ਕਰ ਲੈਣ ਤਦ ਤਕ ਉਹ ਲਾਗੂ ਨਹੀਂ ਕੀਤਾ ਜਾ ਸਕਦਾ।

ਸ਼ਿਕਾਇਤ ਕਮੇਟੀ ਦੇ ਫ਼ੈਸਲੇ ਨੂੰ ਸਿਰਫ ਉਚੇਰੀ ਟ੍ਰੇਡ ਯੂਨੀਅਨ ਸੰਸਥਾ ਹੀ ਰੱਦ ਕਰ ਸਕਦੀ ਹੈ ਪਰ ਇਸੇ ਹਾਲਤ ਵਿਚ ਜੇ ਕਰ ਕੀਤਾ ਹੋਇਆ ਫੈਸਲਾ ਕਾਨੂੰਨ ਦੇ ਵਿਰੁਧ ਹੋਵੇ ਜਾਂ ਖੁਲ੍ਹੇ ਰੂਪ ਵਿਚ ਮਾਮਲੇ ਦੇ ਅਸਲੀ ਵਾਕਿਆਤ ਨਾਲ ਮੇਲ ਨਾ ਖਾਂਦਾ ਹੋਵੇ।

ਮਜ਼ਦੂਰਾਂ ਨਾਲ ਸਬੰਧਤ ਝਗੜਿਆਂ ਨੂੰ ਜਿਹੜੇ ਮਜ਼ਦੂਰ ਜਾਂ ਦਫਤਰਾਂ ਦੇ ਮੁਲਾਜ਼ਮ ਜਨਤਕ ਅਦਾਲਤਾਂ ਸਾਹਮਣੇ ਲਿਆਉਂਦੇ ਹਨ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਅਦਾਲਤੀ ਫੀਸ ਨਹੀਂ ਤਾਰਨੀ ਪੈਂਦੀ।

੩੭. ਸੋਵੀਅਟ ਯੂਨੀਅਨ ਵਿਚ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਨੇਮ ਅਨੁਸਾਰ ਬਾਕਾਇਦਾ ਘਟ ਕਰਨਾ ਕਿਹੜੀ ਗਲ ਸੰਭਵ ਬਣਾਂਦੀ ਹੈ ?

ਆਮ ਜਨਤਾ ਦੀ ਭਲਾਈ ਵਲ ਲਗਾਤਾਰ ਧਿਆਨ ਦੇਣਾ, ਜਨਤਾ ਦੀਆਂ ਨਿਤ ਵਧਦੀਆਂ ਪਦਾਰਥਕ ਤੇ ਸਭਿਆ-ਚਾਰਕ ਲੋੜਾਂ ਨੂੰ ਵਧ ਤੋਂ ਵਧ ਪੂਰਾ ਕਰਨਾ ਹੀ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਤੇ ਸਰਕਾਰ ਦੀ ਪਾਲਿਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਬੁਨਿਆਦ ਹੈ। ਉਨ੍ਹਾਂ ਦੇ ਸਾਰੇ ਕੰਮ ਇਸੇ ਸ਼੍ਰੋਮਣੀ ਕਾਨੂੰਨ ਦੇ ਅਧੀਨ ਹੁੰਦੇ ਹਨ। ਇਹ ਧਿਆਨ ਬੜੇ ਸਪਸ਼ਟ ਰੂਪ ਵਿਚ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਸਰਕਾਰੀ ਪਰਚੂਨ ਕੀਮਤਾਂ ਵਿਚ ਬਾਕਾਇਦਾ ਕੀਤੀ ਜਾਂਦੀ ਕਮੀ ਵਿਚ ਪ੍ਰਗਟ ਹੁੰਦਾ ਹੈ।

ਸੋਵੀਅਟ ਯੂਨੀਅਨ ਵਿਚ ਕੀਮਤਾਂ ਦਾ ਘਟ ਹੋਣਾ ਇਕ ਸੁਭਾਵਕ ਗੱਲ ਹੈ ਕਿਉਂ ਜੁ ਇਸ ਦੇਸ ਵਿਚ ਸਨਅਤੀ ਅਤੇ ਜ਼ਰਾਇਤੀ ਪੈਦਾਵਾਰ ਨੂੰ ਉਚੇਰੀ ਟੈਕਨੀਕ (ਕੰਮ ਕਰਨ ਦੇ ਵਧੀਆ ਢੰਗ) ਦੇ ਆਧਾਰ ਤੇ ਲਗਾਤਾਰ ਵਧਾਇਆ ਤੇ ਪੂਰਨ ਬਣਾਇਆ ਜਾ ਰਿਹਾ ਹੈ। ੧੯੪੭ ਦੇ ਅੰਤ ਤੋਂ ੧੯੫੪ ਤਕ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਸਤ ਵਾਰ ਘਟਾ-ਈਆਂ ਜਾ ਚੁਕੀਆਂ ਹਨ ਜਿਸ ਨਾਲ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਦੀ ਆਮ ਪਧਰ ਵਿਚ ੫੦ ਫੀ ਸਦੀ ਤੋਂ ਵਧ ਕਮੀ ਹੋ ਗਈ ਹੈ। ਕੀਮਤਾਂ ਵਿਚ ਸਤ ਵਾਰ ਕਮੀ ਹੋਣ ਨਾਲ ਦੇਸ ਦੀ ਜਨਤਾ ਨੂੰ ਕਈ ਖਰਬ ਰੂਬਲ ਦਾ ਲਾਭ ਪੁਜਾ ਹੈ। ਉਜਰਤੀ ਤੇ ਤਨਖਾਹਦਾਰ ਮਜ਼ਦੂਰਾਂ ਦੀ ਅਸਲੀ ਤਨਖਾਹ ਤੇ ਕਿਸਾਨਾਂ ਦੀ ਆਮਦਨੀ ਵਿਚ ਬਾਕਾਇਦਾ ਵਾਧਾ ਕਰਨ ਦਾ ਵਡਾ ਢੰਗ ਕੀਮਤਾਂ ਘਟਾਣਾ ਹੈ।

ਸਰਕਾਰੀ ਪਰਚੂਨ ਕੀਮਤਾਂ ਵਿਚ ਅਗੋਂ ਵੀ ਕਮੀ ਕੀਤੀ ਜਾਵੇਗੀ ਅਤੇ ਸੋਵੀਅਟ ਯੂਨੀਅਨ ਦੀ ਤਰੱਕੀ ਦੀ ਪੰਜਵੀਂ ਪੰਜ ਸਾਲਾ ਪਲੈਨ (੧੯੫੧-੧੯੫੫) ਅਨੁਸਾਰ ਆਮ ਵਰਤੋਂ ਦੀਆਂ ਚੀਜ਼ਾ ਨੂੰ ਅਜੇ ਹੋਰ ਘਟ ਕਰਨ ਦੀ ਗੁੰਜਾਇਸ਼ ਹੈ। ਇਹਨਾਂ ਕਮੀਆਂ ਨੂੰ ਮੁਖ ਰਖਦਿਆਂ, ਉਜਰਤੀ ਤੇ ਤਨਖਾਹਦਾਰ ਮਜ਼ਦੂਰਾਂ ਦੀ ਅਸਲੀ ਤਨਖਾਹ ਵਿਚ ਪੰਜ-ਸਾਲਾ ਪਲੈਨ ਦੇ ਦੌਰਾਨ ਵਿਚ ਘਟੋ ਘਟ ੩੫ ਫੀ ਸਦੀ ਦਾ ਅਤੇ ਕਿਸਾਨਾਂ ਦੀ ਆਮਦਨੀ ਵਿਚ (ਨਕਦੀ ਦੇ ਰੂਪ ਵਿਚ) ੪੦ ਫੀ ਸਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਵਾਧਾ ਹੋਵੇਗਾ।

ਸੋਵੀਅਟ ਹਕੂਮਤ ਤੇ ਕਮਿਊਨਿਸਟ ਪਾਰਟੀ ਦੀ ਆਮ ਵਰਤੋਂ ਦੀਆਂ ਚੀਜ਼ਾਂ ਵਿਚ ਬਾਕਾਇਦਾ ਕਮੀ ਕਰਨ ਦੀ ਪਾਲਸੀ ਦਾ ਆਧਾਰ ਸੋਸ਼ਲਿਜ਼ਮ ਦਾ ਬੁਨਿਆਦੀ ਆਰਥਕ ਕਾਨੂੰਨ ਹੈ।

(ਵੇਖੋ ਉਤਰ ਨੰ: ੧੨)

੩੯. ਕਿੰਡਰਗਾਰਟਨ ਤੇ ਕਰੈਸ਼ਾਂ ਕਿਵੇਂ ਚਲਦੀਆਂ ਹਨ ?

ਇਸਤ੍ਰੀਆਂ ਲਈ ਚੰਗੇ ਹਾਲਾਤ ਪੈਦਾ ਕਰਨ ਦੀ ਇੱਛਾ ਤੋਂ ਪ੍ਰੇਰਤ ਹੋ ਕੇ ਹੀ ਸੋਵੀਅਟ ਸਰਕਾਰ ਨੇ ਕਿੰਡਰਗਾਰਟਨ ਤੇ ਕਰੈਸ਼ਾਂ ਖੋਹਲੀਆਂ ਹਨ, ਤਾਂ ਜੁ ਇਸਤ੍ਰੀਆਂ ਲਈ ਸਨਅਤ ਵਿਚ ਕੰਮ ਕਰਨਾ, ਪੜ੍ਹਨਾਂ ਤੇ ਲੋਕ-ਜੀਵਨ ਵਿਚ ਹਿੱਸਾ ਲੈਣਾ ਸੰਭਵ ਹੋ ਸਕੇ।

ਕਰੈਸ਼ਾਂ ਵਿਚ ਤਿੰਨ ਸਾਲ ਤਕ ਦੇ ਬੱਚਿਆਂ ਦੀ ਅਤੇ ਕਿੰਡਰ-ਗਾਰਟਨਾਂ ਵਿਚ ਤਿੰਨ ਤੋਂ ਪੰਜ ਵਰ੍ਹੇ ਦੇ ਬੱਚਿਆਂ ਦੀ ਦੇਖ ਭਾਲ ਕੀਤੀ ਜਾਂਦੀ ਹੈ। ਬੱਚੇ ਕਰੈਸ਼ਾਂ ਤੇ ਕਿੰਡਰਗਾਰਟਨਾਂ ਵਿਚ ਦਿਨੇ ਹੀ ਠਹਿਰਦੇ ਹਨ ਜਦੋਂ ਉਨ੍ਹਾਂ ਦੀਆਂ ਮਾਂਵਾਂ ਕੰਮ ਤੇ ਹੁੰਦੀਆਂ ਹਨ। ਉਨ੍ਹਾਂ ਦੀ ਦੇਖ ਭਾਲ ਲਈ ਖਾਸ ਤੌਰ ਤੇ ਸਿਖੇ ਹੋਏ ਵਿਦਿਅਕ ਕਾਰਕੁਨ ਹੁੰਦੇ ਹਨ, ਅਤੇ ਡਾਕਟਰ ਉਨ੍ਹਾਂ ਦੀ ਸਿਹਤ ਤੇ ਸਰੀਰਕ ਵਾਧੇ ਦਾ ਖ਼ਿਆਲ ਰਖਦੇ ਹਨ। ਖ਼ੁਰਾਕ ਬੱਚਿਆਂ ਦੀ ਉਮਰ ਅਨੁਸਾਰ ਦਿਤੀ ਜਾਂਦੀ ਹੈ, ਤੇ ਇਸ ਗਲ ਤੇ ਸਖ਼ਤੀ ਨਾਲ ਅਮਲ ਕੀਤਾ ਜਾਂਦਾ ਹੈ।

ਇਨ੍ਹਾਂ ਦੋਹਾਂ ਪ੍ਰਕਾਰ ਦੀਆਂ ਸੰਸਥਾਵਾਂ ਵਿਚ ਫੀਸ ਬੜੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਥੋੜ੍ਹੀ ਹੁੰਦੀ ਹੈ, ਖ਼ਰਚ ਦਾ ਬਹੁਤਾ ਹਿਸਾ ਸਰਕਾਰ ਦੇਂਦੀ ਹੈ।

੧੯੫੨ ਵਿਚ ਪੱਕੀਆਂ ਤੇ ਮੌਸਮੀ ਕਰੈਸ਼ਾਂ ਵਿਚ ੫੦ ਲਖ ਬਚਿਆਂ ਦੀ ਅਤੇ ਕਿੰਡਰਗਾਰਟਨਾਂ ਵਿਚ ੪੦ ਲਖ ਬਚਿਆਂ ਦੀ ਦੇਖ ਭਾਲ ਕੀਤੀ ਗਈ ਸੀ। ਨਵੀਂ ਪੰਜ-ਸਾਲਾ ਪਲੈਨ ਦੇ ਸਮੇਂ ਵਿਚ (੧੯੫੧-੧੯੫੫) ਇਸ ਗਿਣਤੀ ਵਿਚ ਘਟੋ ਘਟ ੨੦ ਫ਼ੀ ਸਦੀ ਵਾਧਾ ਹੋਵੇਗਾ।

ਬਚਿਆਂ ਨੂੰ ਕਰੈਸ਼ਾਂ ਤੇ ਕਿੰਡਰਗਾਰਟਨਾਂ ਵਿਚ ਭੇਜਣਾ ਮਾਪਿਆਂ ਦੀ ਮਰਜ਼ੀ ਤੇ ਹੈ। ਜੇ ਉਹ ਭੇਜਦੇ ਹਨ, ਤਾਂ ਉਹ ਬਚਿਆਂ ਦੀ ਪਾਲਨਾ ਪੋਸਨਾ ਦੀ ਜ਼ੁਮੇਵਾਰੀ ਤੋਂ ਬਰੀ ਨਹੀਂ ਹੋ ਜਾਂਦੇ, ਪਾਲਨਾ ਪੋਸਨਾ ਦਾ ਕੰਮ ਮੁਖ ਰੂਪ ਵਿਚ ਘਰ ਵਿਚ ਹੀ ਹੁੰਦਾ ਹੈ।

੩੯. ਸੋਵੀਅਟ ਯੂਨੀਅਨ ਵਿਚ ਕਿੰਨੀਆਂ ਇਸਤ੍ਰੀਆਂ ਇੰਜੀਨੀਅਰ ਤੇ ਟੈਕਨੀਸ਼ਨ, ਸਾਇੰਸਦਾਨ ਤੇ ਸਿਆਸਤਦਾਨ ਹਨ ?

ਸੋਵੀਅਟ ਯੂਨੀਅਨ ਵਿਚ ਇਸਤ੍ਰੀਆਂ ਨੂੰ ਹਰ ਖੇਤਰ ਵਿਚ–ਸਰਕਾਰੀ, ਆਰਥਕ, ਸਭਿਆਚਾਰਕ ਤੇ ਦੂਜੇ ਜਨਤਕ ਕੰਮਾਂ ਵਿਚ–ਮਰਦ ਦੇ ਬਰਾਬਰ ਪੂਰੇ ਪੂਰੇ ਹਕ ਹਾਸਲ ਹਨ।

ਅਕਤੂਬਰ ਇਨਕਲਾਬ ਤੋਂ ਪਹਿਲਾਂ ਸੋਵੀਅਟ ਰੂਸ ਵਿਚ ਸਿਰਫ਼ ੬੦੦ ਇਸਤ੍ਰੀਆਂ ਇੰਜੀਨੀਅਰ ਸਨ, ਪਰ ਅਜ ਸੋਵੀਅਟ ਯੂਨੀਅਨ ਵਿਚ ਤਿੰਨ ਲਖ ਅੱਸੀ ਹਜ਼ਾਰ ਤੋਂ ਵਧ ਇਸਤਰੀਆਂ ਇੰਜੀਨੀਅਰ ਤੇ ਟੈਕਨੀਸ਼ਨ ਹਨ, ਅਤੇ ਦਸ ਲਖ ਤੋਂ ਉਪਰ ਇਸਤਰੀਆਂ ਉਸਤਾਦਨੀਆਂ ਹਨ। ਸਿਹਤ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਰੀਰਕ-ਵਿਆਯਾਮ ਸਬੰਧੀ ਸੰਸਥਾਵਾਂ ਵਿਚ ਵੀਹ ਲਖ ਇਸ-ਤ੍ਰੀਆਂ ਮੁਲਾਜ਼ਮ ਹਨ। ਦੇਸ ਭਰ ਦੇ ਸਾਇੰਸੀ, ਵਿਦਿਅਕ ਤੇ ਸਭਿਆਚਾਰਕ ਸੰਸਥਾਵਾਂ ਵਿਚ ੨੭ ਲਖ ਤੋਂ ਉਪਰ ਇਸਤ੍ਰੀਆਂ ਕੰਮ ਕਰਦੀਆਂ ਹਨ ਅਤੇ ਉਚੇਰੀਆਂ ਜਾਂ ਖਾਸ ਸੈਕੰਡਰੀ ਵਿਦਿਅਕ ਸੰਸਥਾਵਾਂ ਵਿਚ ਤੇਰਾਂ ਲਖ ਇਸਤ੍ਰੀਆਂ ਸਿਖਿਆ ਪ੍ਰਾਪਤ ਕਰਦੀਆਂ ਹਨ।

ਬਹੁਤ ਸਾਰੇ ਵਿਗਿਆਨਿਕ (ਸਾਇੰਸੀ) ਖੋਜ ਦੇ ਵਿਦਿਆਲਿਆਂ, ਉਚੇਰੀਆਂ ਵਿਦਿਅਕ ਸੰਸਥਾਵਾਂ, ਵਡੇ ਕਾਰ-ਖਾਨਿਆਂ, ਰਿਆਸਤੀ ਤੇ ਸਾਂਝੇ ਖੇਤਾਂ, ਸਕੂਲਾਂ ਤੇ ਹਸਪਤਾਲਾਂ ਦੀਆਂ ਮੁਖ-ਪ੍ਰਬੰਧਕ ਇਸਤ੍ਰੀਆਂ ਹਨ।

ਸੋਵੀਅਟ ਪਿੰਡਾਂ ਦੇ ਸਭ ਤੋਂ ਵਧੀਆ ਪ੍ਰਤੀਨਿਧਾਂ ਦੀ ਲਿਸਟ ਵਿਚ ਦੋ ਹਜ਼ਾਰ ਤੋਂ ਵਧ ਉਨ੍ਹਾਂ ਇਸਤ੍ਰੀਆਂ ਦੇ ਨਾਂਅ ਵੀ ਹਨ, ਜੋ ਖੇਤੀ ਬਾੜੀ ਦੀਆਂ ਪਹਿਲੇ ਦਰਜੇ ਦੀਆਂ ਮਾਹਰ ਹਨ ਤੇ ਜਿਨ੍ਹਾਂ ਨੂੰ ਬਹੁਤੀ ਉਪਜ ਤੇ ਬਹੁਤਾ ਪਸ਼ੂ ਧਨ ਪੈਦਾ ਕਰਨ ਸਦਕਾ "ਸੋਸ਼ਲਿਸਟ ਲੇਬਰ ਦੇ ਹੀਰੋ" ਦਾ ਖ਼ਿਤਾਬ ਮਿਲਿਆ ਹੈ।

ਸਤ ਸੌ ਇਕਤਾਲੀ ਇਸਤ੍ਰੀਆਂ ਨੂੰ ਵਿਸ਼ੇਸ਼ ਵਿਗਿਆਨਕ ਕੰਮ ਕਰਨ, ਕਾਢਾਂ ਕਢਣ ਜਾਂ ਸਾਹਿਤ ਤੇ ਕਲਾ ਵਿਚ ਵਿਸ਼ੇਸ਼ ਹਿਸਾ ਪਾਣ ਲਈ 'ਸਟਾਲਿਨ ਇਨਾਮ' ਮਿਲਿਆ ਹੈ।

ਦੇਸ ਦੀ ਹਕੂਮਤ ਚਲਾਣ ਵਿਚ ਵੀ ਸੋਵੀਅਟ ਇਸ-ਤ੍ਰੀਆਂ ਸਰਗਰਮ ਹਿਸਾ ਲੈਂਦੀਆਂ ਹਨ। ਫਰਵਰੀ ੧੯੫੧ ਦੀਆਂ ਚੋਣਾਂ ਵਿਚ ੨੨੦੯ ਇਸਤ੍ਰੀਆਂ ਯੂਨੀਅਨ ਰੀਪਬਲਿਕਾਂ ਅਤੇ ਖੁਦਮੁਖਤਾਰ ਰੀਪਬਲਿਕਾਂ ਦੀਆਂ ਸੁਪ੍ਰੀਮ ਸੋਵੀਅਟਾਂ ਦੀਆਂ ਡਿਪਟੀ ਚੁਣੀਆਂ ਗਈਆਂ ਸਨ। ਮਾਰਚ ੧੯੫੪ ਵਿਚ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੀ ਚੌਥੀ ਚੋਣ ਵਿਚ ੩੪੭ ਇਸਤ੍ਰੀਆਂ ਡਿਪਟੀ ਚੁਣੀਆਂ ਗਈਆਂ। ਪੰਜ ਲਖ ਤੋਂ ਵਧ ਇਸਤ੍ਰੀਆਂ ਸਥਾਨਕ ਸੋਵੀਅਟਾਂ ਦੀਆਂ ਡਿਪਟੀ ਹਨ।

੪੦. ਸੋਵੀਅਟ ਯੂਨੀਅਨ ਵਿਚ ਇਨਸਾਫ਼ ਕਿਵੇਂ ਕੀਤਾ ਜਾਂਦਾ ਹੈ ?

ਸੋਵੀਅਟ ਨਿਆਂ–ਅਦਾਲਤਾਂ ਦਾ ਕੰਮ ਸੋਵੀਅਟ ਸ਼ਹਿਰੀਆਂ ਦੇ ਮਿਹਨਤ ਤੇ ਜਾਇਦਾਦ ਸੰਬੰਧੀ ਹੱਕਾਂ ਤੇ ਲਾਭਾਂ ਦੀ, ਅਤੇ ਸਰਕਾਰੀ ਅਦਾਰਿਆਂ, ਕਾਰਖਾਨਿਆਂ, ਕੋਆਪ੍ਰੇਟਿਵ ਤੇ ਦੂਜੀਆਂ ਜਨਤਕ ਜਥੇਬੰਦੀਆਂ ਦੇ ਹੱਕਾਂ ਤੇ ਯੋਗ ਲਾਭਾਂ ਦੀ ਰਖਿਆ ਕਰਨਾ ਹੈ।

ਪੀਪਲਜ਼ ਕੋਰਟ (ਲੋਕ-ਅਦਾਲਤ) ਤੋਂ ਲੈ ਕੇ ਜਿਹੜੀ ਸਭ ਤੋਂ ਛੋਟੀ ਅਦਾਲਤ ਹੈ, ਸੋਵੀਅਟ ਯੂਨੀਅਨ ਦੀ ਸੁਪ੍ਰੀਮ ਕੋਰਟ ਤਕ ਜਿਹੜੀ ਸਭ ਤੋਂ ਉੱਚੀ ਅਦਾਲਤ ਹੈ, ਸਭ ਅਦਾਲਤਾਂ ਚੁਣੀਆਂ ਜਾਂਦੀਆਂ ਹਨ।

ਹਰ ਇਕ ਅਦਾਲਤ ਦੇ ਵਸੀਕਾਰ (ਅਧਿਕਾਰ-ਖੇਤਰ) ਦੀ ਵਿਆਖਿਆ ਸਪਸ਼ਟ ਰੂਪ ਵਿਚ ਕਰ ਦਿਤੀ ਗਈ ਹੈ। ਬਹੁਤੇ ਫੌਜਦਾਰੀ ਤੇ ਦੀਵਾਨੀ ਮੁਕਦਮਿਆਂ ਦੀ ਕਾਰਵਾਈ ਲੋਕ-ਅਦਾਲਤਾਂ ਵਿਚ ਹੁੰਦੀ ਹੈ (ਹਰ ਇਕ ਲੋਕ-ਅਦਾਲਤ ਵਿਚ ਇਕ ਜੱਜ ਤੇ ਦੋ ਜਨਤਕ ਨਿਰਧਾਰਕ (ਅਸੈਸਰ) ਹੁੰਦੇ ਹਨ)। ਇਲਾਕਾਈ, ਪ੍ਰਦੇਸ਼ਕ ਤੇ ਸ਼ਹਿਰੀ ਅਦਾਲਤਾਂ ਵਿਚ ਸਟੇਟ ਵਿਰੁਧ ਜੁਰਮਾਂ, ਅਤੇ ਸਟੇਟ ਤੇ ਜਨਤਕ ਜਥੇਬੰਦੀਆਂ ਵਿਚਕਾਰ ਝਗੜਿਆਂ ਸਬੰਧੀ ਮੁਕਦਮਿਆਂ ਦੀ ਸੁਣਵਾਈ ਹੁੰਦੀ ਹੈ ਅਤੇ ਲੋਕ-ਅਦਾਲਤਾਂ ਦੇ ਫ਼ੈਸਲਿਆਂ ਦੀਆਂ ਅਪੀਲਾਂ, ਤੇ ਉਹਨਾਂ

ਪੁਸਤਕਾਲਯ ਗੁਰੁਕੁਲ ਕਾਂਗੜੀ
CC-0. In Public Domain. Gurukul Kangri Collection, Haridwar

ਵਿਰੁਧ ਰੋਸ ਦੀ ਸੁਣਵਾਈ ਵੀ ਇਨਾਂ ਵਿਚ ਹੁੰਦੀ ਹੈ ।

Digitized by Arya Samaj Foundation Chennai and eGangotri

ਹਰ ਇਕ ਯੂਨੀਅਨ ਰੀਪਬਲਿਕ ਦੀਆਂ ਸਭ ਅਦਾਲਤਾਂ ਦੀ ਅਦਾਲਤੀ ਕਾਰਵਾਈ ਉਤੇ ਉਸ ਯੂਨੀਅਨ ਰੀਪਬਲਿਕ ਦੀ ਸੁਪ੍ਰੀਮ ਕੋਰਟ ਨਿਗਰਾਨੀ ਰਖਦੀ ਹੈ ਅਤੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਕੋਰਟ ਦੀ ਇਹ ਜ਼ੁੰਮੇਵਾਰੀ ਹੈ, ਕਿ ਉਹ ਸੋਵੀਅਟ ਯੂਨੀਅਨ ਦੀਆਂ ਸਭਨਾਂ ਅਦਾਲਤੀ ਸੰਸਥਾਵਾਂ ਦੀ ਅਦਾਲਤੀ ਕਾਰਵਾਈ ਦੀ ਨਿਗਰਾਨੀ ਰਖੇ ।

ਸਭ ਅਦਾਲਤਾਂ ਵਿਚ ਮੁਕਦਮਿਆਂ ਦੀ ਕਾਰਵਾਈ ਵਿਚ ਜਨਤਕ ਨਿਰਧਾਰਕ (ਜਾਚਕ, ਅਸੈਸਰ) ਹਿੱਸਾ ਲੈਂਦੇ ਹਨ ।

ਜਨਤਕ ਨਿਰਧਾਰਕਾਂ ਦੇ ਹਕ ਜੱਜਾਂ ਵਾਲੇ ਹੀ ਹੁੰਦੇ ਹਨ ਤੇ ਇਹ ਵੀ ਉਸੇ ਆਧਾਰ ਤੇ ਚੁਣੇ ਜਾਂਦੇ ਹਨ ਜਿਸ ਆਧਾਰ ਤੇ ਜਨਤਕ ਜੱਜਾਂ ਦੀ ਚੋਣ ਹੁੰਦੀ ਹੈ ਅਤੇ ਉਨ੍ਹਾਂ ਦਾ ਬਰਾਬਰ ਦੇ ਅਧਿਕਾਰੀ ਹੋਣਾ ਸਾਰੇ ਸੋਵੀਅਟ ਅਦਾਲਤੀ ਪ੍ਰਬੰਧ ਦਾ ਸਭ ਤੋਂ ਅਹਿਮ ਅਸੂਲ ਹੈ ।

ਸੋਵੀਅਟ ਵਿਧਾਨ ਜੱਜਾਂ ਨੂੰ ਮੁਕੰਮਲ ਆਜ਼ਾਦੀ ਦੇਂਦਾ ਹੈ । ਕੋਈ ਸਰਕਾਰੀ ਸੰਸਥਾ ਜਾਂ ਹਾਕਮ ਕਿਸੇ ਮੁਕੱਦਮੇ ਦੇ ਫੈਸਲੇ ਬਾਰੇ ਅਦਾਲਤ ਨੂੰ ਕਿਸੇ ਪ੍ਰਕਾਰ ਦੀ ਹਦਾਇਤ ਨਹੀਂ ਦੇ ਸਕਦਾ, ਤੇ ਨਾ ਹੀ ਉਹ ਮੁਕਦਮੇ ਦੇ ਫੈਸਲੇ ਨੂੰ ਬਦਲਾਵਣ ਲਈ ਕਿਸੇ ਕਿਸਮ ਦਾ ਅਸਰ ਪਾ ਸਕਦਾ ਹੈ । ਅਦਾਲਤ ਦਾ ਫ਼ੈਸਲਾ ਪੂਰੀ ਤਰ੍ਹਾਂ ਕਾਨੂੰਨ ਅਨੁਸਾਰ ਅਤੇ ਮੁਕਦਮੇ ਵਿਚ ਪੇਸ਼ ਕੀਤੀ ਗਈ ਸ਼ਹਾਦਤ ਦੇ ਆਧਾਰ ਤੇ ਹੋਣਾ ਚਾਹੀਦਾ ਹੈ ।

ਕਾਨੂੰਨ ਦੀਆਂ ਨਜ਼ਰਾਂ ਵਿਚ ਸਭ ਸ਼ਹਿਰੀ ਬਰਾਬਰ ਹਨ । ਵਸੋਂ ਦੇ ਕਿਸੇ ਖਾਸ ਹਿਸੇ ਲਈ ਸੋਵੀਅਟ ਯੂਨੀਅਨ ਵਿਚ ਕੋਈ ਖਾਸ ਅਦਾਲਤਾਂ ਨਹੀਂ ਹਨ । ਸਭ ਸ਼ਹਿਰੀਆਂ ਲਈ ਜਨਤਕ ਅਦਾਲਤ ਇਕ ਹੀ ਹੁੰਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਦਾਲਤੀ ਕਾਰਵਾਈ ਯੂਨੀਅਨ ਜਾਂ ਖ਼ੁਦਮੁਖਤਾਰ ਰੀਪਬਲਿਕਾਂ ਦੀ ਜ਼ਬਾਨ ਵਿਚ ਕੀਤੀ ਜਾਂਦੀ ਹੈ । ਜਿਹੜੇ ਲੋਕ ਉਹ ਜ਼ਬਾਨ ਨਹੀਂ ਜਾਣਦੇ ਉਨ੍ਹਾਂ ਲਈ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਜਾਂਦਾ ਹੈ । ਸਭ ਸ਼ਹਿਰੀਆਂ ਨੂੰ ਅਦਾਲਤ ਵਿਚ ਆਪਣੀ ਜ਼ਬਾਨ ਵਰਤਣ ਦਾ ਹੱਕ ਹੈ ।

ਸੋਵੀਅਟ ਅਦਾਲਤ ਦਾ ਇਕ ਬੜਾ ਅਹਿਮ ਅਸੂਲ ਇਹ ਹੈ ਕਿ ਮੁਕਦਮਿਆਂ ਦੀ ਖੁਲ੍ਹੀ ਸੁਣਵਾਈ ਕੀਤੀ ਜਾਂਦੀ ਹੈ । ਸਿਰਫ਼ ਸਟੇਟ, ਫ਼ੌਜ ਜਾਂ ਡਿਪਲੋਮੈਟਿਕ ਭੇਦਾਂ ਸਬੰਧੀ ਮੁਕਦਮਿਆਂ ਤੇ ਇਹ ਅਸੂਲ ਲਾਗੂ ਨਹੀਂ ਹੁੰਦਾ ।

ਸੋਵੀਅਟ ਅਦਾਲਤਾਂ ਇਕ ਮਹਾਨ ਵਿਦਿਅਕ ਕੰਮ ਕਰਦੀਆਂ ਹਨ ।

ਮੁਜਰਮਾਂ ਨੂੰ ਸਜ਼ਾ ਦੇਣ ਦੇ ਨਾਲ ਹੀ ਅਦਾਲਤ ਉਹਨਾਂ ਨੂੰ ਸੁਧਾਰਨ ਤੇ ਮੁੜ ਸੁਸਿਖਸ਼ਤ ਕਰਨ ਦਾ ਪ੍ਰਬੰਧ ਵੀ ਕਰਦੀ ਹੈ । ਸੋਵੀਅਟ ਯੂਨੀਅਨ ਦਾ ਕਾਨੂੰਨ ਸਜ਼ਾ ਨੂੰ ਆਪਣੇ ਆਪ ਵਿਚ ਇਕ ਮਨੋਰਥ ਨਹੀਂ ਮੰਨਦਾ ਤੇ ਨਾ ਹੀ ਇਸ ਨੂੰ ਕੈਦੀ ਦੀ ਮਨੁਖੀ ਸ਼ਾਨ ਨੂੰ ਛੁਟਿਆਣ ਦਾ ਢੰਗ ਸਮਝਦਾ ਹੈ । ਸੋਵੀਅਟ ਸਟੇਟ ਕੈਦੀਆਂ ਲਈ ਅਜੇਹੀਆਂ ਜੀਵਨ ਤੇ ਕੰਮ ਦੀਆਂ ਹਾਲਤਾਂ ਪੈਦਾ ਕਰਦੀ ਹੈ ਜਿਨ੍ਹਾਂ ਸਦਕਾ ਈਮਾਨਦਾਰ ਮਿਹਨਤ ਤੇ ਚੱਲਣ ਦੁਆਰਾ ਉਹ ਆਪਣੇ ਗੁਨਾਹ ਨੂੰ ਸਮਝਣ ਤੇ ਉਸ ਤੋਂ ਤੋਬਾ ਕਰਨ ਦੇ ਯੋਗ ਹੋਣ ਅਤੇ ਮੁੜ ਇਕ ਚੰਗੇ ਸੋਵੀਅਟ ਸ਼ਹਿਰੀ ਦਾ ਦਰਜਾ ਪ੍ਰਾਪਤ ਕਰ ਸਕਣ ।

੪੧. ਜੱਜ ਕੌਣ ਬਣ ਸਕਦਾ ਹੈ ?

ਸੋਵੀਅਟ ਯੂਨੀਅਨ ਵਿਚ ਕੋਈ ਵੀ ਸੋਵੀਅਟ ਸ਼ਹਿਰੀ, ਮਰਦ ਹੋਵੇ ਭਾਵੇਂ ਇਸਤ੍ਰੀ, ਜੱਜ ਬਣ ਸਕਦਾ ਹੈ, ਸ਼ਰਤ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਕਿ ਉਸਦੀ ਆਯੂ ੨੩ ਵਰ੍ਹੇ ਦੀ ਹੋ ਚੁਕੀ ਹੋਵੇ ਤੇ ਉਹਨੂੰ ਵੋਟਰਾਂ ਦਾ ਵਿਸ਼ਵਾਸ਼ ਪ੍ਰਾਪਤ ਹੋਵੇ।

ਜਨਤਕ ਜੱਜ ਤੇ ਜਨਤਕ ਅਸੈਸਰ ਨੂੰ ਉਸ ਖਾਸ ਜ਼ਿਲੇ ਜਾਂ ਇਲਾਕੇ ਦੇ ਸ਼ਹਿਰੀ ਚੁਣਦੇ ਹਨ, ਜਿਸ ਵਿਚ ਅਦਾਲਤ ਬੈਠਣੀ ਹੈ। ਇਹ ਚੋਣ ਸਰਬ ਵਿਆਪਕ ਸਿਧੇ ਤੇ ਬਰਾਬਰ ਵੋਟ-ਹੱਕ ਦੇ ਆਧਾਰ ਤੇ ਗੁਪਤ-ਵੋਟ ਦੁਆਰਾ ਤਿੰਨ ਵਰ੍ਹੇ ਲਈ ਹੁੰਦੀ ਹੈ।

ਹਰ ਚੋਣ-ਜ਼ਿਲੇ ਵਿਚ ਇਕ ਜੱਜ ਅਤੇ ੫੦ ਤੋਂ ੭੫ ਤਕ ਅਸੈਸਰ (ਨਿਰਧਾਰਕ) ਚੁਣੇ ਜਾਂਦੇ ਹਨ।

੧੯੫੧ ਈ: ਵਿਚ ਮਾਸਕੋ ਦੀਆਂ ਜਨਤਕ-ਜੱਜਾਂ ਲਈ ਹੋਈਆਂ ਪਿਛਲੀਆਂ ਚੋਣਾਂ ਵਿਚ ੯੯.੯੯ ਫ਼ੀ ਸਦੀ (ਲਗ ਪਗ ੧੦੦ ਫ਼ੀ ਸਦੀ) ਵੋਟਰਾਂ ਨੇ ਆਪਣੇ ਵੋਟ ਪਾਏ ਸਨ।

੪੫ ਫ਼ੀ ਸਦੀ ਤੋਂ ਉਪਰ ਜਨਤਕ ਜੱਜ ਤੇ ਅਸੈਸਰ ਇਸਤ੍ਰੀਆਂ ਹਨ। ਜੱਜਾਂ ਦੀ ਭਾਰੀ ਬਹੁਗਿਣਤੀ ਨੇ ਉਚੇਰੀ ਜਾਂ ਸੈਕੰਡਰੀ ਕਾਨੂੰਨੀ ਸਿਖਿਆ ਪ੍ਰਾਪਤ ਕੀਤੀ ਹੁੰਦੀ ਹੈ।

ਉਚੇਰੀਆਂ ਅਦਾਲਤਾਂ—ਇਲਾਕਾਈ ਤੇ ਪ੍ਰਾਦੇਸ਼ਕ ਅਦਾਲਤਾਂ—ਦੇ ਜੱਜ ਤੇ ਅਸੈਸਰ, ਅਤੇ ਰੀਪਬਲਿਕਾਂ ਦੀਆਂ ਸੁਪ੍ਰੀਮ ਕੋਰਟਾਂ ਦੇ ਮੈਂਬਰ ਤੇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਕੋਰਟ ਦੇ ਮੈਂਬਰ ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦੀਆਂ ਸੋਵੀਅਟਾਂ ਅਤੇ ਸੁਪ੍ਰੀਮ ਸੋਵੀਅਟਾਂ ਦੁਆਰਾ ਪੰਜ ਵਰ੍ਹੇ ਦੀ ਮਿਆਦ ਲਈ ਚੁਣੇ ਜਾਂਦੇ ਹਨ।

੪੨. ਕੀ ਸੋਵੀਅਟ ਯੂਨੀਅਨ ਵਿਚ ਵਕਾਲਤ ਦਾ ਪੇਸ਼ਾ ਹੈ?

ਹਾਂ, ਸੋਵੀਅਟ ਯੂਨੀਅਨ ਵਿਚ ਵਕਾਲਤ ਦਾ ਪੇਸ਼ਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਰੇ ਵੱਡੇ ਸ਼ਹਿਰਾਂ ਵਿਚ ਤੇ ਬਹੁਤ ਸਾਰੇ ਦੇਹਾਤੀ ਇਲਾਕਿਆਂ ਵਿਚ ਵਕੀਲਾਂ ਦੀਆਂ ਸਭਾਵਾਂ ਹਨ ।

ਸੋਵੀਅਟ ਕਾਨੂੰਨ ਦੇ ਅਧੀਨ, ਫੌਜਦਾਰੀ ਮੁਕਦਮਿਆਂ ਵਿਚ ਮੁੱਦਾਲਾ ਅਤੇ ਦੀਵਾਨੀ ਮੁਕਦਮਿਆਂ ਵਿਚ ਮੁਦੱਈ ਤੇ ਮੁੱਦਾਲਾ ਦੋਵੇਂ ਹੀ ਕਾਨੂੰਨੀ ਸਹਾਇਤਾ ਦੇ ਅਧਿਕਾਰੀ ਹਨ।

ਪਰੋਕਿਊਰੇਟਰ (ਸਰਕਾਰੀ ਵਕੀਲ) ਦੇ ਦਫ਼ਤਰ ਦੁਆਰਾ ਜਿੰਨਿਆਂ ਵੀ ਮੁਕੱਦਮਿਆਂ ਦੀ ਕਾਰਵਾਈ ਹੁੰਦੀ ਹੈ ਉਨ੍ਹਾਂ ਵਿਚ ਵਕੀਲ ਸਫ਼ਾਈ ਦਾ ਹੋਣਾ ਲਾਜ਼ਮੀ (ਹੁਕਮੀਆ) ਹੈ।

ਕਾਨੂੰਨੀ ਸਹਾਇਤਾ ਲਈ ਫੀਸਾਂ ਬੜੀਆਂ ਘਟ ਹਨ। ਮੁੱਦਾਲਾ ਆਪਣਾ ਵਕੀਲ ਆਪ ਚੁਣ ਸਕਦਾ ਹੈ, ਜਾਂ ਵਕੀਲਾਂ ਦੀ ਸਭਾ ਨੂੰ ਵਕੀਲ ਨਿਯਤ ਕਰਨ ਲਈ ਕਹਿ ਸਕਦਾ ਹੈ। ਜੇ ਮੁੱਦਾਲਾ ਕਾਨੂੰਨੀ ਸਹਾਇਤਾ ਲਈ ਮਮੂਲੀ ਫੀਸ ਵੀ ਅਦਾ ਨਹੀਂ ਕਰ ਸਕਦਾ ਤਾਂ ਅਦਾਲਤ ਮੁਫ਼ਤ ਕਾਨੂੰਨੀ ਮਦਦ ਮੁਹਈਆ ਕਰਦੀ ਹੈ।

ਕਾਨੂੰਨੀ ਰਖਿਆ ਦੇ ਇਸ ਹਕ ਕਰਕੇ ਫ਼ੌਜਦਾਰੀ ਮੁਕਦਮੇਂ ਵਿਚ ਮੁੱਦਾਲਾ ਨੂੰ (ਅਤੇ ਦੀਵਾਨੀ ਮੁਕਦਮੇਂ ਵਿਚ ਝਗੜੇ ਨਾਲ ਸਬੰਧਤ ਦੋਹਾਂ ਧਿਰਾਂ ਨੂੰ) ਅਦਾਲਤ ਤੋਂ ਇਹ ਮੰਗ ਕਰਨ ਦਾ ਅਧਿਕਾਰ ਹੁੰਦਾ ਹੈ ਕਿ ਉਹ ਜਿਰਾਹ ਲਈ ਜਿੰਨੇ ਵੀ ਗਵਾਹ ਚਾਹੇ, ਉਨ੍ਹਾਂ ਨੂੰ ਹੁਕਮ ਹਾਜ਼ਰੀ ਭਿਜਵਾ ਸਕੇ, ਕੋਈ ਵੀ ਲਿਖਤੀ ਜਾਂ ਮਾਦੀ ਸਬੂਤ ਅਦਾਲਤ ਵਿਚ ਪੇਸ਼ ਕਰਨ ਅਤੇ ਜ਼ਰੂਰੀ ਦਸਤਾਵੇਜ਼ਾਂ ਨੂੰ ਮੁਕਦਮੇਂ ਦੇ ਦੌਰਾਨ ਵਿਚ ਅਦਾਲਤ ਵਿਚ ਹਾਜ਼ਰ ਰਖਣ ਦਾ ਹੁਕਮ ਜਾਰੀ ਕਰਵਾ ਸਕੇ, ਕਿਸੇ ਮਾਹਰ ਦੀ ਗਵਾਹੀ ਦੀ ਮੰਗ ਕਰ ਸਕੇ, ਜਾਂ ਮੁਕਦਮੇਂ ਦੀ ਹੋਰ ਤਫਤੀਸ਼ ਲਈ ਇਹਨੂੰ ਮੁਢੋਂ ਸੁਢੋਂ ਸ਼ੁਰੂ ਕਰਵਾ ਸਕੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੪੩. ਸੋਵੀਅਟ ਯੂਨੀਅਨ ਦੇ ਪ੍ਰੋਕਿਊਰੇਟਰ ਜਨਰਲ (ਮੁਖ ਸਰਕਾਰੀ ਵਕੀਲ) ਦੇ ਕੀ ਅਧਿਕਾਰ ਹਨ ?

ਸੋਵੀਅਟ ਯੂਨੀਅਨ ਦੇ ਪ੍ਰੋਕਿਊਰੇਟਰ ਜਨਰਲ (ਮੁਖ ਸਰਕਾਰੀ ਵਕੀਲ) ਨੂੰ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਸਤ ਸਾਲ ਦੀ ਮਿਆਦ ਲਈ ਮੁਕਰਰ ਕਰਦੀ ਹੈ। ਉਸ ਕੋਲ ਇਸ ਗਲ ਦੀ ਮੁਖ-ਸ਼ਕਤੀ ਹੈ ਕਿ ਉਹ ਇਸ ਗਲ ਦੀ ਨਿਗਰਾਨੀ ਰਖੇ ਜੁ ਸੋਵੀਅਟ ਯੂਨੀਅਨ ਦੇ ਸਾਰੇ ਸਰਕਾਰੀ ਅਦਾਰੇ, ਹਾਕਮ ਤੇ ਸ਼ਹਿਰੀ ਕਾਨੂੰਨ ਨੂੰ ਠੀਕ ਲਾਗੂ ਕਰਦੇ ਤੇ ਇਸ ਵਲ ਪੂਰਾ ਪੂਰਾ ਧਿਆਨ ਦੇਂਦੇ ਹਨ। ਉਸ ਨੂੰ ਇਹ ਹਕ ਹਾਸਲ ਹੈ ਕਿ ਉਹ ਕਿਸੇ ਵੀ ਹਾਕਮ, ਸਣੇ ਸੋਵੀਅਟ ਯੂਨੀਅਨ ਦੇ ਮੰਤ੍ਰੀ ਦੇ, ਕਿਸੇ ਅਮਲ, ਹੁਕਮ ਜਾਂ ਹਿਦਾਇਤ ਦੇ ਵਿਰੁਧ ਪ੍ਰੋਟੈਸਟ ਕਰੇ ਜੇ ਉਹ ਇਸ ਅਮਲ, ਹੁਕਮ ਜਾਂ ਹਿਦਾਇਤ ਨੂੰ ਕਾਨੂੰਨ ਦੀ ਉਲੰਘਣਾ ਸਮਝਦਾ ਹੈ।

ਪ੍ਰੋਕਿਊਰੇਟਰ ਜਨਰਲ ਯੂਨੀਅਨ ਤੇ ਖ਼ੁਦਮੁਖਤਾਰ ਰੀਪਬਲਿਕਾਂ, ਇਲਾਕਿਆਂ ਤੇ ਪ੍ਰਦੇਸ਼ਾਂ ਦੇ ਪ੍ਰੋਕਿਊਰੇਟਰ ਮੁਕਰਰ ਕਰਦਾ ਹੈ; ਉਹ ਸਿਰਫ਼ ਸੋਵੀਅਟ ਯੂਨੀਅਨ ਦੇ ਪ੍ਰੋਕਿਊਰੇਟਰ ਜਨਰਲ ਸਾਹਮਣੇ ਹੀ ਜਵਾਬਦੇਹ ਹੁੰਦੇ ਹਨ, ਤੇ ਉਹ ਸਰਕਾਰ ਦੇ ਸਥਾਨਕ ਅਦਾਰਿਆਂ ਤੋਂ ਆਜ਼ਾਦ ਰਹਿਕੇ ਆਪਣਾ ਕੰਮ ਕਰਦੇ ਹਨ। ਯੂਨੀਅਨ ਰੀਪਬਲਿਕਾਂ ਦੇ ਪ੍ਰੋਕਿਊਰੇਟਰ ਇਲਾਕਿਆਂ, ਜ਼ਿਲਿਆਂ ਤੇ ਸ਼ਹਿਰਾਂ ਲਈ ਜਿਹੜੇ ਪ੍ਰੋਕਿਊਰੇਟਰ ਨਿਯਤ ਕਰਦੇ ਹਨ, ਪ੍ਰੋਕਿਊਰੇਟਰ-ਜਨਰਲ ਉਨ੍ਹਾਂ ਦੀ ਨਿਯੁਕਤੀ (ਮੁਕਰਰੀ) ਨੂੰ ਪਰਵਾਨਗੀ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਯੂਨੀਅਨ ਦਾ ਪ੍ਰੋਕਿਊਰੇਟਰ ਜਨਰਲ, ਰੀਪਬਲਿਕਾਂ, ਇਲਾਕਿਆਂ, ਪ੍ਰਦੇਸ਼ਾਂ ਦੇ ਪ੍ਰੋਕਿਊਰੇਟਰ, ਅਤੇ ਸ਼ਹਿਰਾਂ ਤੇ ਜ਼ਿਲਿਆਂ ਦੇ ਪ੍ਰੋਕਿਊਰੇਟਰ ਅਦਾਲਤੀ ਕਾਰਵਾਈ ਵਿਚ ਸਟੇਟ ਵਲੋਂ ਫ਼ੌਜਦਾਰੀ ਮੁਕਦਮੇ ਚਲਾਉਂਦੇ ਤੇ ਪੈਰਵੀ ਕਰਦੇ ਹਨ।

ਸੋਵੀਅਟ ਯੂਨੀਅਨ ਦਾ ਕੋਈ ਵੀ ਸ਼ਹਿਰੀ ਕਿਸੇ ਵੀ ਅਦਾਰੇ ਜਾਂ ਹਾਕਮ ਦੇ ਖ਼ਿਲਾਫ ਜੇ ਉਸ ਨੇ ਕਾਨੂੰਨ ਦਾ ਉਲੰਘਣ ਕੀਤਾ ਹੋਵੇ, ਪ੍ਰੋਕਿਊਰੇਟਰ ਜਨਰਲ ਪਾਸ ਸ਼ਿਕਾਇਤ ਦਰਜ ਕਰਵਾ ਸਕਦਾ ਹੈ, ਜਾਂ ਆਪਣੇ ਕਾਨੂੰਨੀ ਹਕਾਂ ਤੇ ਲਾਭਾਂ ਦੀ ਰਖਿਆ ਲਈ ਅਰਜ਼ੀ ਘੱਲ ਸਕਦਾ ਹੈ।

ਸੋਵੀਅਟ ਯੂਨੀਅਨ ਦੇ ਵਿਧਾਨ (ਰਾਜ-ਬਣਤਰ) ਦੀ ੧੨੭ਵੀਂ ਧਾਰਾ ਵਿਚ ਦਰਜ ਹੈ : "ਯੂ-ਐਸ-ਐਸ-ਆਰ ਦੇ ਸ਼ਹਿ-ਰੀਆਂ ਨੂੰ ਇਹ ਗਾਰੰਟੀ ਦਿਤੀ ਜਾਂਦੀ ਹੈ ਕਿ ਉਨ੍ਹਾਂ ਦੇ ਨਿਜ (ਸ਼ਖਸੀਅਤ) ਦੀ ਉਲੰਘਣਾ ਨਹੀਂ ਹੋ ਸਕਦੀ। ਅਦਾਲਤ ਦੇ ਫੈਸਲੇ ਜਾਂ ਪ੍ਰੋਕਿਊਰੇਟਰ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਆਦਮੀ ਨੂੰ ਵੀ ਗਰਿਫਤਾਰ ਨਹੀਂ ਕੀਤਾ ਜਾ ਸਕਦਾ।"

ਪ੍ਰੋਕਿਊਰੇਟਰ ਦਾ ਦਫ਼ਤਰ ਇਸ ਧਾਰਾ ਤੇ ਪੂਰੀ ਤਰ੍ਹਾਂ ਅਮਲ ਕਰਵਾਂਦਾ ਹੈ ਅਤੇ ਜਿਹੜੇ ਇਹਦਾ ਉਲੰਘਣ ਕਰਦੇ ਹਨ, ਭਾਵੇਂ ਉਹ ਕਿਸੇ ਵੀ ਅਹੁਦੇ ਤੇ ਕਿਉਂ ਨਾਂ ਹੋਣ, ਉਨ੍ਹਾਂ ਤੋਂ ਪੂਰੀ ਪੂਰੀ ਜਵਾਬ-ਤਲਬੀ ਕੀਤੀ ਜਾਂਦੀ ਹੈ।

੪੪. ਸੋਵੀਅਟ ਯੂਨੀਅਨ ਦੀ ਬਦੇਸ਼ੀ ਨੀਤੀ ਦੇ ਅਸੂਲ ਕੀ ਹਨ ?

ਸੋਵੀਅਟ ਯੂਨੀਅਨ ਦੀ ਬਦੇਸ਼ੀ ਪਾਲਸੀ ਦੇ ਅਸੂਲ ਇਹ ਹਨ : ਸਦੀਵੀ ਅਮਨ ਲਈ ਅਤੇ ਸਭ ਕੌਮਾਂ ਵਿਚਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲਵਰਤਨ ਲਈ, ਛੋਟੀਆਂ ਵਡੀਆਂ ਸਭ ਕੌਮਾਂ ਦੀ ਬਰਾਬਰੀ ਤੇ ਆਜ਼ਾਦੀ ਲਈ ਸੰਗਰਾਮ ਅਤੇ ਦੂਜੀਆਂ ਰਿਆਸਤਾਂ ਦੇ ਅੰਦਰਲੇ ਮਾਮਲਿਆਂ ਵਿਚ ਦਖਲ ਨਾ ਦੇਣਾ ।

ਸੋਵੀਅਟ ਯੂਨੀਅਨ ਦੀ ਇਹ ਬਦੇਸ਼ੀ ਪਾਲਸੀ ਸੋਵੀਅਟ ਯੂਨੀਅਨ ਦੇ ਸਮਾਜਕ ਤੇ ਰਿਆਸਤੀ ਪ੍ਰਬੰਧ ਦਾ ਅਟੱਲ ਸਿੱਟਾ ਹੈ। ਸੋਵੀਅਟ ਯੂਨੀਅਨ ਵਿਚ ਜੰਗ ਵਿਚ ਦਿਲਚਸਪੀ ਰੱਖਣ ਵਾਲੀਆਂ ਕੋਈ ਜਮਾਤਾਂ ਜਾਂ ਗਰੋਹ ਨਹੀਂ ਹਨ । ਇਹ ਬਦੇਸ਼ੀ ਪਾਲਸੀ ਇਸ ਸੰਭਾਵਨਾ ਚੋਂ ਜਨਮਦੀ ਹੈ ਕਿ ਵਖ ਵਖ ਸਮਾਜਕ ਤੇ ਆਰਥਕ ਪ੍ਰਬੰਧ ਨਾਲੋ ਨਾਲ ਰਹਿ ਸਕਦੇ ਤੇ ਇਕ ਦੂਜੇ ਨਾਲ ਮਿਲ ਕੇ ਚੱਲ ਸਕਦੇ ਹਨ, ਅਤੇ ਇਸ ਨੀਤੀ ਨੂੰ ਕੁਲ ਸੋਵੀਅਟ ਲੋਕਾਂ ਦੀ ਮੁਕੰਮਲ ਹਮਾਇਤ ਹਾਸਲ ਹੈ । (ਵੇਖੋ ਉਤਰ ਨੰਬਰ ੪੫)

ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿਤ ਤੋਂ ਅਗਲੇ ਹੀ ਦਿਨ ੮ ਨਵੰਬਰ ੧੯੧੭ ਨੂੰ, ਸੋਵੀਅਟ ਸਰਕਾਰ ਨੇ ਅਮਨ ਦਾ ਫਰਮਾਨ ਪਾਸ ਕਰ ਕੇ ਬਰਾਡਕਾਸਟ ਕੀਤਾ, ਜਿਸ ਨੂੰ ਵੀ. ਆਈ. ਲੈਨਿਨ ਨੇ ਲਿਖਿਆ ਸੀ । ਅਮਨ ਦੇ ਫਰਮਾਨ ਵਿਚ ਕਿਹਾ ਗਿਆ ਕਿ ਬਦੇਸ਼ੀ ਇਲਾਕੇ ਜਿਤਣ ਤੇ ਰਾਜ ਨੂੰ ਫੈਲਾਣ ਦਾ ਮਨੋਰਥ ਸੋਵੀਅਟ ਸਟੇਟ ਲਈ ਇਕ ਗੈਰ ਤੇ ਓਪਰੀ ਚੀਜ਼ ਹੈ।

ਸੋਵੀਅਟ ਯੂਨੀਅਨ ਦੇ ਪੂਰੇ ਇਤਿਹਾਸ ਤੇ ਇਹਦੀ ਬਦੇਸ਼ੀ ਨੀਤੀ ਨੇ ਇਸ ਐਲਾਨ ਦੀ ਸਚਾਈ ਨੂੰ ਸਾਬਤ ਕੀਤਾ ਹੈ। ਜ਼ਾਰਸ਼ਾਹੀ ਹਕੂਮਤ ਨੇ ਕਈ ਰਿਆਸਤਾਂ ਨਾਲ ਜਿਹੜੇ ਇਨਸਾਫ਼-ਵਿਰੁਧ ਅਨਿਆਈਂ ਸਮਝੌਤੇ ਕੀਤੇ ਹੋਏ ਸਨ, ਸੋਵੀਅਟ ਸਟੇਟ ਨੇ ਜਨਮ ਲੈਂਦਿਆਂ ਸਾਰ ਹੀ ਇਹ ਸਾਰੇ ਖ਼ਤਮ ਕਰ ਦਿਤੇ । ਸੋਵੀਅਟ ਯੂਨੀਅਨ ਆਪਣੇ ਜਨਮ ਤੋਂ ਲੈ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜ ਤਕ ਕੌਮਾਂਤਰੀ ਖੇਤਰ ਵਿਚ ਨੌ-ਆਬਾਦੀਆਂ ਤੇ ਅਧੀਨ ਦੇਸ਼ਾਂ ਦੀਆਂ ਮਜ਼ਲੂਮ ਕੌਮਾਂ ਦੇ ਹੱਕਾਂ ਤੇ ਲਾਭਾਂ ਲਈ ਘੁਲਦਾ ਰਿਹਾ ਹੈ।

ਸੋਵੀਅਟ ਯੂਨੀਅਨ ਮੁਲਕ-ਮਾਰੂ ਹਲਕਿਆਂ ਦੀਆਂ ਸਾਜ਼ਸ਼ਾਂ ਦੀ ਡਟ ਕੇ ਮੁਖ਼ਾਲਫ਼ਤ ਕਰਦਾ ਹੈ, ਹਥਿਆਰ ਘਟਾਣ ਦੇ ਸਮਝੌਤੇ ਲਈ ਕੰਮ ਕਰਦਾ ਹੈ, ਸਮੂਹਕ ਸੁਰਖਿਆ ਦਾ ਸਿਸਟਮ ਕਾਇਮ ਕਰਨ ਲਈ ਸੰਗਰਾਮ ਕਰਦਾ ਹੈ।

ਦੂਜੇ ਸੰਸਾਰ-ਯੁਧ ਦੇ ਦੌਰਾਨ ਵਿਚ ਸੋਵੀਅਟ ਜਨਤਾ ਨੇ ਹਿਟਲਰੀ ਫੈਸ਼ਿਜ਼ਮ ਤੇ ਜਾਪਾਨੀ ਸਾਮਰਾਜ ਨੂੰ ਹਾਰ ਦੇਣ ਦੇ ਕਾਜ਼ ਵਿਚ ਮਹਾਨ ਹਿੱਸਾ ਪਾਇਆ ਹੈ। ਮਹਾਨ ਦੇਸ਼-ਭਗਤਕ ਜੰਗ ਵਿਚ ਸੋਵੀਅਟ ਜਨਤਾ ਦੀਆਂ ਜਿਤਾਂ ਨੇ ਅਨੇਕ ਦੇਸ਼ਾਂ ਦੀਆਂ ਕੌਮਾਂ ਨੂੰ ਆਜ਼ਾਦੀ ਬਖ਼ਸ਼ੀ ਹੈ।

ਦੂਜੇ ਸੰਸਾਰ-ਯੁਧ ਦੇ ਅੰਤ ਤੋਂ ਲੈ ਕੇ ਹੁਣ ਤਕ ਸੋਵੀਅਟ ਯੂਨੀਅਨ ਕੌਮਾਂਤਰੀ ਖਿਚੋਤਾਣ ਦੇ ਖ਼ਾਤਮੇ ਲਈ ਇਕ ਪੱਕੇ ਜਮਹੂਰੀ ਅਮਨ ਲਈ ਅਣਥੱਕ ਸੰਗਰਾਮ ਕਰਦਾ ਰਿਹਾ ਹੈ। ਸੋਵੀਅਟ ਸਰਕਾਰ ਨੇ ਇਤਹਾਦੀ ਸਭਾ (ਯੂ. ਐਨ. ਓ.) ਵਿਚ ਹਥਿਆਰਾਂ ਤੇ ਹਥਿਆਰਬੰਦ ਫ਼ੌਜਾਂ ਵਿਚ ਆਮ ਕਮੀ ਲਈ, ਪ੍ਰਮਾਣ ਸ਼ਕਤੀ ਦੇ ਫ਼ੌਜੀ ਮਤਲਬਾਂ ਲਈ ਵਰਤੋਂ ਦੀ ਮਨਾਹੀ ਅਤੇ ਇਕ ਕੌਮਾਂਤ੍ਰੀ ਨਿਗਰਾਨ ਏਜੰਸੀ ਦੀ ਸਥਾਪਤੀ ਲਈ, ਜੰਗੀ ਪ੍ਰਾਪੇਗੰਡੇ ਨੂੰ ਕਾਨੂੰਨ-ਵਿਰੁਧ ਕਰਾਰ ਦੇਣ ਲਈ, ਕੋਰੀਆ ਦੇ ਤੇ ਦੂਜੇ ਸੁਆਲਾਂ ਦੇ ਪੁਰ-ਅਮਨ ਹੱਲ ਲਈ ਤਜਵੀਜ਼ਾਂ ਪੇਸ਼ ਕੀਤੀਆਂ।

ਸੋਵੀਅਟ ਯੂਨੀਅਨ ਇਕ ਅਮਨ-ਪਸੰਦ ਜਮਹੂਰੀ ਤੇ ਆਜ਼ਾਦ ਜਰਮਨੀ ਦੀ ਰਚਨਾ ਦੀ ਵਕਾਲਤ ਕਰਦਾ ਹੈ, ਤੇ ਇਹ ਗਲ ਯੂਰਪ ਦੀਆਂ ਅਤੇ ਦੁਨੀਆਂ ਭਰ ਦੀਆਂ ਕੌਮਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਾਭਾਂ ਨਾਲ ਮੇਲ ਖਾਂਦੀ ਹੈ। ਸੋਵੀਅਟ ਯੂਨੀਅਨ ਦਾ ਇਹ ਵਿਚਾਰ ਹੈ ਕਿ ਅਜੇਹਾ ਕੋਈ ਵੀ ਝਗੜੇ-ਹੇਠ ਜਾਂ ਫੈਸਲਾ-ਨਾ-ਹੋਇਆ ਕੌਮਾਂਤ੍ਰੀ ਸੁਆਲ ਨਹੀਂ ਜਿਸ ਨੂੰ ਪੁਰ-ਅਮਨ ਢੰਗ ਦੁਆਰਾ, ਸਬੰਧਤ ਦੇਸ਼ਾਂ ਦੇ ਪ੍ਰਸਪਰ ਸਮਝੌਤੇ ਦੇ ਆਧਾਰ ਤੇ ਹੱਲ ਨਾ ਕੀਤਾ ਜਾ ਸਕੇ।

ਸੋਵੀਅਟ ਯੂਨੀਅਨ ਅਤੇ ਚੀਨ ਦੀ ਲੋਕ-ਰੀਪਬਲਿਕ ਤੇ ਦੂਜੀਆਂ ਲੋਕ-ਜਮਹੂਰੀਅਤਾਂ ਵਿਚਕਾਰ ਮਿਤਰਤਾ ਤੇ ਪ੍ਰਸਪਰ ਸਹਾਇਤਾ ਦੇ ਰਿਸ਼ਤੇ ਕਾਇਮ ਕੀਤੇ ਜਾ ਚੁਕੇ ਹਨ। ਕੌਮਾਂਤ੍ਰੀ ਖੇਤਰ ਵਿਚ ਇਹ ਬਿਲਕੁਲ ਹੀ ਨਵੀਂ ਕਿਸਮ ਦੇ ਰਿਸ਼ਤੇ ਹਨ। ਇਹ ਰਿਸ਼ਤੇ ਸਭਨਾਂ ਧਿਰਾਂ ਦੀ ਬਰਾਬਰੀ, ਇਕ ਦੂਜੇ ਦੇ ਲਾਭਾਂ ਲਈ ਪ੍ਰਸਪਰ ਸਤਕਾਰ ਅਤੇ ਦੇਸ਼ਾਂ ਦੇ ਅੰਦਰਲੇ ਮਾਮਲਿਆਂ ਵਿਚ ਦਖਲ ਨਾ ਦੇਣ ਦੇ ਅਸੂਲਾਂ ਦੀ ਨੀਂਹ ਤੇ ਉਸਾਰੇ ਗਏ ਹਨ।

ਸਭ ਤੋਂ ਮਹਤਵ-ਪੂਰਨ ਸੋਵੀਅਟ ਸਰਕਾਰ ਦੀ ਯੂਰਪ ਵਿਚ ਸਮੂਹਕ ਸੁਰਖਿਆ ਪ੍ਰਬੰਧ ਨੂੰ ਸਿਰਜਣ ਦੀ ਉਹ ਤਜਵੀਜ਼ ਹੈ ਜੋ ਉਸ ਨੇ ਫਰਵਰੀ-ਮਾਰਚ ੧੯੫੪ ਵਿਚ ਬਰਲਨ ਵਿਚ ਹੋਈ ਬਦੇਸ਼ੀ ਵਜ਼ੀਰਾਂ ਦੀ ਚਾਰ-ਤਾਕਤੀ ਕਾਨਫਰੰਸ ਵਿਚ ਪੇਸ਼ ਕੀਤੀ ਸੀ। ਅਪ੍ਰੈਲ-ਮਈ ੧੯੫੪ ਵਿਚ ਜਨੇਵਾ ਵਿਚ ਹੋਈ ਬਦੇਸ਼ੀ ਵਜ਼ੀਰਾਂ ਦੀ ਕਾਨਫਰੰਸ ਵਿਚ ਸੋਵੀਅਟ ਯੂਨੀਅਨ ਨੇ ਇਕ ਕੁਲ-ਮੁਖਤਾਰ ਤੇ ਜਮਹੂਰੀ ਸਟੇਟ ਦੇ ਰੂਪ ਵਿਚ ਕੋਰੀਆ ਦੀ ਏਕਤਾ ਬਹਾਲ ਕਰਨ ਲਈ, ਹਿੰਦ-ਚੀਨੀ ਦੀਆਂ ਕੌਮਾਂ ਦੇ ਕੌਮੀ ਹਕਾਂ ਨੂੰ ਮੁਖ ਰਖਦਿਆਂ ਹਿੰਦ-ਚੀਨੀ ਦੇ ਮਸਲੇ ਦੇ ਪੁਰ-ਅਮਨ ਹੱਲ ਲਈ ਆਵਾਜ਼ ਉਠਾਈ। ਸੋਵੀਅਟ ਯੂਨੀਅਨ ਦਾ ਇਹ ਵਿਚਾਰ ਹੈ ਕਿ ਏਸ਼ੀਆ ਦੀਆਂ ਕੌਮਾਂ ਨੂੰ ਆਪਣੇ ਮਾਮਲੇ ਆਪ ਨਜਿਠਣ ਦਾ ਪੂਰਨ ਅਧਿਕਾਰ ਹੈ।

ਦੂਜੇ ਸੰਸਾਰ-ਯੁਧ ਤੋਂ ਲੈ ਕੇ ਅਜ ਤਕ, ਆਪਣੀ ਹੋਂਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਸਾਰੇ ਸਮੇਂ ਵਾਂਗ, ਸੋਵੀਅਟ ਯੂਨੀਅਨ ਸਭ ਦੇਸ਼ਾਂ ਵਿਚਕਾਰ, ਭਾਵੇਂ ਉਹਨਾਂ ਦੇ ਪ੍ਰਬੰਧ ਕੋਈ ਵੀ ਹੋਣ, ਵਿਸ਼ਾਲ ਆਰਥਕ ਤੇ ਸਭਿਆਚਾਰਕ ਮਿਲਵਰਤਨ ਦੀ ਵਕਾਲਤ ਕਰਦਾ ਰਿਹਾ ਹੈ।

੪੫. ਕੀ ਸੋਸ਼ਲਿਸਟ ਤੇ ਸਰਮਾਏਦਾਰ ਪ੍ਰਬੰਧਾਂ ਲਈ ਪੁਰ-ਅਮਨ ਢੰਗ ਨਾਲ ਨਾਲੋ ਨਾਲ ਰਹਿ ਸਕਣਾ ਸੰਭਵ ਹੈ ?

ਹਾਂ, ਨਿਰਸੰਦੇਹ ਇਹ ਸੰਭਵ ਹੈ।

ਸਰਮਾਏਦਾਰੀ ਤੇ ਸੋਸ਼ਲਿਜ਼ਮ ਦੇ ਪੁਰ-ਅਮਨ ਢੰਗ ਨਾਲ, ਨਾਲ ਨਾਲ ਰਹਿਣ ਦੀ ਸੰਭਾਵਨਾ ਨੂੰ ਸੋਵੀਅਟ ਰਿਆਸਤ ਦੇ ਮੋਢੀ ਵੀ. ਆਈ. ਲੈਨਿਨ ਨੇ ਸਿਧਾਂਤਕ ਬੁਨਿਆਦ ਦਿਤੀ ਸੀ।

ਫਰਵਰੀ ੧੯੨੦ ਵਿਚ 'ਨਿਊਯਾਰਕ ਈਵਨਿੰਗ ਜਨਰਲ' ਦੇ ਪੱਤਰ-ਪ੍ਰੇਰਕ ਨੇ ਲੈਨਿਨ ਨੂੰ ਪੁਛਿਆ ਸੀ ਕਿ ਏਸ਼ੀਆ ਵਿਚ ਸੋਵੀਅਟ ਰੂਸ ਦੀ ਪਲੈਨ ਕੀ ਹੈ। ਲੈਨਿਨ ਨੇ ਉਤਰ ਦਿਤਾ :

"ਉਹੋ ਜੋ ਯੂਰਪ ਵਿਚ : ਕੌਮਾਂ ਨਾਲ ਪੁਰ-ਅਮਨ ਢੰਗ ਨਾਲ, ਨਾਲੋ ਨਾਲ ਰਹਿਣਾ...........।"

ਸੋਵੀਅਟ ਸਟੇਟ ਸਰਮਾਏਦਾਰ ਦੇਸ਼ਾਂ ਨਾਲ ਆਪਣੇ ਰਿਸ਼ਤਿਆਂ ਵਿਚ ਲੈਨਨ ਦੇ ਏਸ ਅਸੂਲ ਤੇ ਦ੍ਰਿੜ੍ਹਤਾ ਨਾਲ ਚਲਦੀ ਹੈ।

ਦਸੰਬਰ ੧੯੪੫ ਵਿਚ, ਸ਼੍ਰੀ ਈਲੀਅਟ ਰੂਜ਼ਵਲਟ ਨੇ, ਜੋ ਉਸ ਵੇਲੇ ਰੂਸ ਆਇਆ ਹੋਇਆ ਸੀ, ਜੇ. ਵੀ. ਸਟਾਲਿਨ ਨੂੰ ਪੁਛਿਆ ਕਿ ਕੀ ਉਸ ਦੇ ਵਿਚਾਰ ਵਿਚ ਦੋਹਾਂ ਪ੍ਰਬੰਧਾਂ ਦਾ ਪੁਰ-ਅਮਨ ਢੰਗ ਨਾਲ, ਨਾਲੋ ਨਾਲ ਰਹਿ ਸਕਣਾ ਸੰਭਵ ਹੈ। ਸਟਾਲਿਨ ਨੇ ਉਤਰ ਦਿਤਾ ਸੀ ਕਿ ਭਾਵੇਂ ਇਹ ਦੋਵੇਂ ਪ੍ਰਬੰਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਖੋ ਵਖ ਹਨ ਪਰ ਇਹ ਚੰਗੀ ਤਰਾਂ ਮਿਲਵਰਤਨ ਜਾਰੀ ਰਖ ਸਕਦੇ ਹਨ। ੧੯੪੭ ਵਿਚ ਸ੍ਰੀ ਹੈਰਲਡ ਸਤਾਸਨ ਨੂੰ, ਅਤੇ ੧੯੫੨ ਦੀ ਬਹਾਰ ਵਿਚ ਅਮ੍ਰੀਕਾ ਦੇ ਕੁਝ ਅਖਬਾਰੀ ਐਡੀਟਰਾਂ ਦੇ ਗਰੁਪ ਨੂੰ ਵੀ ਅਜੇਹੇ ਸੁਆਲਾਂ ਦੇ ਜਵਾਬ ਵਿਚ ਸਟਾਲਿਨ ਨੇ ਇਹੋ ਉਤਰ ਦਿਤਾ ਸੀ।

ਸਭ ਕੌਮਾਂ ਨਾਲ ਪੁਰ-ਅਮਨ ਤੌਰ ਤੇ ਨਾਲ ਨਾਲ ਰਹਿਣਾ—ਇਹੋ ਸੋਵੀਅਟ ਯੂਨੀਅਨ ਦੀ ਅਟੱਲ ਬਦੇਸ਼ੀ ਨੀਤੀ ਹੈ।

੨੬ ਅਪ੍ਰੈਲ ੧੯੫੪ ਨੂੰ ਹੋਏ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਇਜਲਾਸ ਵਿਚ ਸੋਵੀਅਟ ਯੂਨੀਅਨ ਦੇ ਵਜ਼ੀਰਾਂ ਦੀ ਕੌਂਸਲ ਦੇ ਚੇਅਰਮੈਨ ਜੀ. ਐਮ. ਮੈਲਨਕੋਵ ਨੇ ਆਖਿਆ ਸੀ:

"ਅਮਨ ਨੂੰ ਮਜ਼ਬੂਤ ਕਰਨ ਦੀ ਸੋਵੀਅਟ ਪਾਲਸੀ ਦੀ ਬੁਨਿਆਦ ਇਹ ਅਸੂਲ ਹੈ ਕਿ ਵਰਤਮਾਨ ਹਾਲਾਤ ਵਿਚ ਭਾਵੇਂ ਵਖ ਵਖ ਰਿਆਸਤਾਂ ਦੇ ਸਮਾਜਕ ਪ੍ਰਬੰਧ ਕੋਈ ਵੀ ਹੋਣ ਉਨ੍ਹਾਂ ਵਿਚਕਾਰ ਪੁਰ-ਅਮਨ ਮਿਲਵਰਤਨ ਦੁਆਰਾ ਹੀ ਕੌਮਾਂਤ੍ਰੀ ਰਿਸ਼ਤਿਆਂ ਦਾ ਫੈਸਲਾ ਹੋਣਾ ਚਾਹੀਦਾ ਹੈ ਤੇ ਅਜੇਹਾ ਹੋ ਸਕਦਾ ਹੈ ਅਤੇ ਕੌਮਾਂਤ੍ਰੀ ਖਿਚੋਤਾਣ ਵਿਚ ਹੋਰ ਵਧੇਰੇ ਕਮੀ ਹੋਣੀ ਚਾਹੀਦੀ ਹੈ।"

ਇਸ ਲਈ ਕੁਝ ਅਸਲੀ ਮੁਢਲੀਆਂ ਲੋੜਾਂ ਹਨ। ਸਭ ਤੋਂ ਪਹਿਲੀ ਤੇ ਮੁਖ ਲੋੜ ਇਹ ਹੈ ਕਿ ਸਭਨਾਂ ਦੇਸਾਂ ਦੀਆਂ ਕੌਮਾਂ ਦੇ ਦਿਲਾਂ ਵਿਚ, ਭਾਵੇਂ ਉਹਨਾਂ ਦੇ ਸਮਾਜਕ ਪ੍ਰਬੰਧ ਕੋਈ ਵੀ ਹੋਣ, ਇਕ ਪੱਕਾ ਤੇ ਸਦੀਵੀ ਅਮਨ ਕਾਇਮ ਰਖਣ ਲਈ ਡੂੰਘਾ ਤੇ ਨਿਤ-ਵਧਦਾ ਜਜ਼ਬਾ ਤੇ ਧਿਆਨ ਹੋਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਖ ਵਖ ਸਮਾਜਕ ਪ੍ਰਬੰਧਾਂ ਦੇ ਦੇਸ਼ਾਂ ਵਿਚਕਾਰ ਮਿਲਵਰ-ਤਨ ਦਾ ਖੇਤਰ ਬੜਾ ਵਡਾ ਹੈ। ਅਮਨ ਦੀ ਰਖਿਆ ਲਈ ਮਿਲਵਰਤੋਂ, ਆਰਥਕ ਸੰਬੰਧ, ਸਭਿਆਚਾਰ ਦੇ ਖੇਤਰ ਵਿਚ ਕਾਮਯਾਬੀਆਂ ਦਾ ਵਟਾਂਦਰਾ—ਇਹ ਹੈ ਬੁਨਿਆਦ ਜਿਸ ਉਤੇ ਸਰਮਾਏਦਾਰੀ ਦੇ ਕੈਂਪ ਤੇ ਸੋਸ਼ਲਿਜ਼ਮ ਦੇ ਕੈਂਪ ਵਿਚਕਾਰ ਰਿਸ਼ਤੇ ਵਧ ਫੁਲ ਸਕਦੇ ਹਨ ਤੇ ਅਜੇਹਾ ਹੋਣਾ ਚਾਹੀਦਾ ਹੈ।

ਜਮਹੂਰੀਅਤ ਤੇ ਸੋਸ਼ਲਿਜ਼ਮ ਦੇ ਦੇਸ਼ ਦੋ ਪ੍ਰਬੰਧਾਂ ਵਿਚਕਾਰ ਪੁਰ-ਅਮਨ ਆਰਥਕ ਮੁਕਾਬਲੇ ਦੀ ਤਜਵੀਜ਼ ਰਖਦੇ ਹਨ, ਕਿਉਂ ਜੁ ਉਨ੍ਹਾਂ ਨੂੰ ਸਰਮਾਏਦਾਰੀ ਪ੍ਰਬੰਧ ਦੇ ਟਾਕਰੇ ਤੇ ਕੌਮੀ ਆਰਥਕਤਾ ਦੇ ਸੋਸ਼ਲਿਸਟ ਪ੍ਰਬੰਧ ਦੇ ਪੂਰੀ ਤਰ੍ਹਾਂ ਵਧੀਆ ਹੋਣ ਵਿਚ ਵਿਸ਼ਵਾਸ ਹੈ।

੯੬. ਸੋਵੀਅਟ ਲੋਕ ਸੰਸਾਰ ਅਮਨ ਲਹਿਰ ਵਿਚ ਸਰਗਰਮ ਹਿਸਾ ਕਿਉਂ ਲੈ ਰਹੇ ਹਨ ?

ਸੋਵੀਅਟ ਲੋਕ ਅਮਨ-ਲਹਿਰ ਵਿਚ ਸਰਗਰਮ ਹਿਸਾ ਲੈ ਰਹੇ ਹਨ ਕਿਉਂਕਿ ਉਹਨਾਂ ਨੂੰ ਜੰਗ ਦੀ ਲੋੜ ਨਹੀਂ। ਉਨ੍ਹਾਂ ਦੇ ਦੁਸ਼ਮਣਾਂ ਨੇ ਬੀਤੇ ਵਿਚ ਜਿਹੜੀਆਂ ਜੰਗਾਂ ਛੇੜ ਕੇ ਉਨ੍ਹਾਂ ਨੂੰ ਲੜਨ ਲਈ ਮਜਬੂਰ ਕੀਤਾ ਉਨ੍ਹਾਂ ਜੰਗਾਂ ਨੇ ਕਮਿਊਨਿਸਟ ਸਮਾਜ ਦੀ ਉਸਾਰੀ ਦੇ ਮਹਾਨ ਕੰਮ ਵਿਚ ਸਿਰਫ਼ ਰੋਕ ਹੀ ਪਾਈ ਹੈ।

ਸੋਵੀਅਟ ਲੋਕ ਅਮਨ ਲਈ ਸਿਰਫ਼ ਇਸੇ ਲਈ ਸੰਗਰਾਮ ਨਹੀਂ ਕਰਦੇ ਕਿ ਉਹਨਾਂ ਨੂੰ ਜੰਗ ਦੀ ਲੋੜ ਨਹੀਂ, ਸਗੋਂ ਇਸ ਲਈ ਵੀ ਕਿ ਉਹ ਮੁਲਕ-ਮਾਰੂ ਜੰਗ ਨੂੰ ਮਨੁਖਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਖ਼ਿਲਾਫ਼ ਇਕ ਘੋਰ ਅਪਰਾਧ ਅਤੇ ਸਭ ਤੋਂ ਭਿਆਨਕ ਮੁਸੀਬਤ ਖ਼ਿਆਲ ਕਰਦੇ ਹਨ, ਜਿਹੜੀ ਕਿ ਦੁਨੀਆਂ ਵਿਚ ਕਿਤੇ ਵੀ ਆਮ ਜਨਤਾ ਦੇ ਸਿਰ ਪੈ ਸਕਦੀ ਹੈ।

ਇਹੋ ਕਾਰਨ ਹੈ ਕਿ ਪਿਛਲੇ ਵਰ੍ਹਿਆਂ ਵਿਚ ਜਦੋਂ ਸੰਸਾਰ ਅਮਨ-ਲਹਿਰ ਸ਼ੁਰੂ ਹੋਈ, ਸੋਵੀਅਟ ਜਨਤਾ ਇਸ ਲੋਕ ਲਹਿਰ ਵਿਚ ਸ਼ਾਮਲ ਹੋ ਗਈ ਤੇ ਉਸ ਨੇ ਇਸ ਵਿਚ ਸਰਗਰਮ ਹਿੱਸਾ ਲਿਆ।

ਚਾਰ ਵਾਰ ਸੋਵੀਅਟ ਯੂਨੀਅਨ ਦੀਆਂ ਸਭਨਾਂ ਕੌਮਾਂ ਤੇ ਲੋਕਾਂ ਦੇ ਨੁਮਾਇੰਦੇ ਸਰਬ-ਸਵੀਅਟ ਰੂਸੀ ਅਮਨ ਕਾਨਫ਼ਰੰਸਾਂ ਵਿਚ ਇਕੱਠੇ ਹੋਏ। ਅਗਸਤ ੧੯੪੯ ਵਿਚ, ਅਕਤੂਬਰ ੧੯੫੦ ਵਿਚ, ਨਵੰਬਰ ੧੯੫੧ ਵਿਚ ਅਤੇ ਦਸੰਬਰ ੧੯੫੨ ਵਿਚ। ਇਨ੍ਹਾਂ ਕਾਨਫ਼ਰੰਸਾਂ ਵਿਚੋਂ ਹਰ ਇਕ ਨੇ ਅਮਨ ਦੀ ਕਾਇਮੀ ਦੀ ਅਤੇ ਜੰਗਬਾਜ਼ਾਂ ਦੀਆਂ ਮੁਜਰਮਾਨਾ ਸਾਜ਼ਸ਼ਾਂ ਦੇ ਖਿਲਾਫ਼ ਸੋਵੀਅਟ ਕੌਮਾਂ ਤੇ ਲੋਕਾਂ ਦੀ ਤਿਖੇਰੀ ਚੌਕਸੀ ਦੀ ਮੁਹਿੰਮ ਦੀ ਤਰੱਕੀ ਦਾ ਇਕ ਨਵਾਂ ਦੌਰ ਸ਼ੁਰੂ ਕੀਤਾ।

੧੯੫੦ ਵਿਚ, ਸੋਵੀਅਟ ਰੂਸ ਦੇ ਸਾਢੇ ਗਿਆਰਾਂ ਕਰੋੜ ਲੋਕਾਂ ਨੇ ਸਟਾਕਹਾਲਮ ਦੀ ਅਮਨ ਅਪੀਲ ਉਤੇ ਦਸਖ਼ਤ ਕੀਤੇ। ਸੰਸਾਰ ਅਮਨ ਕਾਂਗਰਸ ਦੀ ਪੱਕੀ ਕਮੇਟੀ ਦੇ ਸਟਾਕਹਾਲਮ ਵਿਚ ਹੋਏ ਇਜਲਾਸ ਵਿਚ ਇਹ ਅਪੀਲ ਜਾਰੀ ਕੀਤੀ ਗਈ ਸੀ; ਇਸ ਦੁਆਰਾ ਮੰਗ ਕੀਤੀ ਗਈ ਸੀ ਕਿ ਐਟਮੀ ਹਥਿਆਰਾਂ ਤੇ ਪਾਬੰਦੀ ਲਾਈ ਜਾਵੇ ਅਤੇ ਉਸ ਹਕੂਮਤ ਨੂੰ ਜੰਗੀ ਮੁਜਰਮ ਕਰਾਰ ਦਿਤਾ ਜਾਵੇ ਜੋ ਇਸ ਦੀ ਪਹਿਲਾਂ ਵਰਤੋਂ ਕਰੇ।

੧੯੫੧ ਵਿਚ, ਪੰਜਾਂ ਵਡੀਆਂ ਤਾਕਤਾਂ ਵਿਚਕਾਰ ਅਮਨ-ਸਮਝੌਤੇ ਦੀ ਸੰਸਾਰ-ਅਮਨ-ਕੌਂਸਲ ਦੀ ਅਪੀਲ ਉਤੇ ਬਾਰਾਂ

CC-0. In Public Domain. Gurukul Kangri Collection, Haridwar

ਕਰੋੜ ਸੱਤਰ ਲਖ ਤੋਂ ਉਪਰ ਸੋਵੀਅਟ ਸ਼ਹਿਰੀਆਂ ਨੇ ਦਸਖ਼ਤ ਕੀਤੇ।

Digitized by Arya Samaj Foundation Chennai and eGangotri

ਇਸ ਦੇ ਇਹ ਅਰਥ ਹਨ ਕਿ ਸੋਵੀਅਟ ਯੂਨੀਅਨ ਦੀ ਕੁਲ ਬਾਲਗ਼ ਵਸੋਂ ਨੇ ਇਹ ਐਲਾਨ ਕੀਤਾ ਹੈ ਕਿ ਉਹ ਯੂ. ਐਸ. ਏ. (ਅਮਰੀਕਾ) ਬਰਤਾਨੀਆਂ, ਫਰਾਂਸ ਤੇ ਸਭ ਦੂਜੇ ਦੇਸ਼ਾਂ ਦੇ ਲੋਕਾਂ ਨਾਲ ਅਮਨ ਤੇ ਦੋਸਤੀ ਨਾਲ ਰਹਿਣਾ ਚਾਹੁੰਦੇ ਹਨ।

ਸੋਵੀਅਟ ਜਨਤਾ ਅਮਨ ਦੇ ਕਾਜ਼ ਲਈ ਅਖੀਰ ਤਕ ਕਮਰਾਂ ਕਸ ਕੇ ਡਟੀ ਰਹੇਗੀ।

੪੭. ਸੋਵੀਅਟ ਯੂਨੀਅਨ ਦੇ ਅਮਨ ਦੀ ਰਖਿਆ ਦੇ ਕਾਨੂੰਨ ਦੀ ਮਹੱਤਤਾ ਕੀ ਹੈ ?

ਦੂਜੀ ਸੰਸਾਰ ਅਮਨ ਕਾਂਗਰਸ ਦਾ ਇਜਲਾਸ ਨਵੰਬਰ ੧੯੫੦ ਵਿਚ ਵਾਰਸਾ ਵਿਚ ਹੋਇਆ। ਇਸ ਕਾਂਗਰਸ ਨੇ ਇਤਹਾਦੀ ਸਭਾ (ਯੂ. ਐਨ. ਓ.) ਤੇ ਸਭ ਦੇਸ਼ਾਂ ਦੀਆਂ ਹਕੂਮਤਾਂ ਨੂੰ ਅਪੀਲ ਕੀਤੀ ਸੀ ਕਿ ਹਰ ਪ੍ਰਕਾਰ ਦੇ ਜੰਗੀ ਪਰਚਾਰ ਨੂੰ ਭਾਵੇਂ ਇਹ ਕਿਸੇ ਵੀ ਰੂਪ ਵਿਚ ਪ੍ਰਗਟ ਹੋਵੇ, ਜੁਰਮ ਕਰਾਰ ਦੇ ਕੇ ਇਸ ਤੇ ਪਾਬੰਦੀ ਲਾ ਦਿਤੀ ਜਾਵੇ।

ਸੋਵੀਅਟ ਲੋਕਾਂ ਨੇ, ਜਿਨ੍ਹਾਂ ਨੂੰ ਦੂਜੀਆਂ ਕੌਮਾਂ ਲਈ ਡੂੰਘੇ ਸਤਿਕਾਰ ਅਤੇ ਅਮਨ ਤੇ ਕੌਮਾਂ ਵਿਚਕਾਰ ਮਿਤਰਤਾ ਦੀ ਉਤਮ ਸਿਖਿਆ ਮਿਲੀ ਹੋਈ ਹੈ, ਇਸ ਅਪੀਲ ਦੀ ਪੁਰ-ਜੋਸ਼ ਹਿਮਾਇਤ ਕੀਤੀ। ਸੋਵੀਅਟ ਅਮਨ ਕਮੇਟੀ ਦੇ ਪਰਧਾਨ, ਕਵੀ ਐਨ. ਐਸ. ਤਿਖੋਨੋਵ ਨੇ ਮਾਰਚ ੧੯੫੧ ਵਿਚ ਮਾਸਕੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੋਏ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਬਾਕਾਇਦਾ ਇਜਲਾਸ ਨੂੰ ਇਸ ਇਤਿਹਾਸਕ ਦਸਤਾਵੇਜ਼ ਤੇ ਰੀਪੋਰਟ ਦਿਤੀ।

ਸੋਵੀਅਟ ਯੂਨੀਅਨ ਦੀਆਂ ਅਮਨ ਲਈ ਸੰਗਰਾਮ ਕਰ ਰਹੀਆਂ ਸਭ ਕੌਮਾਂ ਦੀ ਇੱਛਾ ਨੂੰ ਪ੍ਰਗਟ ਕਰਦਿਆਂ ਹੋਇਆਂ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਨੇ ਸਰਬ ਸੰਮਤੀ ਨਾਲ ਸੰਸਾਰ ਅਮਨ ਕਾਂਗਰਸ ਦੀ ਅਪੀਲ ਦੀ ਹਿਮਾਇਤ ਕੀਤੀ, ਅਤੇ ਸਰਬ ਸੰਮਤੀ ਨਾਲ ਅਮਨ-ਰਖਿਆ ਦਾ ਕਾਨੂੰਨ ਪਾਸ ਕੀਤਾ, ਜਿਸ ਵਿਚ ਦਰਜ ਹੈ:

"ਯੂ-ਐਸ-ਐਸ-ਆਰ (ਸੋਵੀਅਟ ਯੂਨੀਅਨ) ਦੀ ਸੁਪ੍ਰੀਮ ਸੋਵੀਅਟ ਅਮਨ ਦੀ ਸੋਵੀਅਟ ਪਾਲਸੀ, ਜਿਸ ਦਾ ਮੰਤਵ ਕੌਮਾਂ ਵਿਚਕਾਰ ਅਮਨ ਤੇ ਮਿਤ੍ਰਤਾ ਦੇ ਰਿਸ਼ਤੇ ਮਜ਼ਬੂਤੀ ਨਾਲ ਕਾਇਮ ਰਖਣਾ ਹੈ, ਦੇ ਉਚੇ ਅਸੂਲਾਂ ਤੋਂ ਰਹਿਨੁਮਾਈ ਲੈਂਦਿਆਂ:

"ਇਹ ਮੰਨਦੀ ਹੈ ਕਿ ਜਿਹੜੀਆਂ ਕੌਮਾਂ ਨੂੰ ਇਕੋ ਪੀੜ੍ਹੀ ਦੇ ਜੀਵਨ-ਕਾਲ ਵਿਚ ਦੋ ਸੰਸਾਰ-ਜੰਗਾਂ ਦੀਆਂ ਮੁਸੀਬਤਾਂ ਝਲਣੀਆਂ ਪਈਆਂ ਹਨ ਉਨ੍ਹਾਂ ਕੌਮਾਂ ਦੀ ਜ਼ਮੀਰ ਤੇ ਇਨਸਾਫ਼-ਪਸੰਦੀ ਉਸ ਹਮਾਕਤ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ, ਜਿਸ ਨਾਲ ਕਿ ਕੁਝ ਰਿਆਸਤਾਂ ਦੇ ਮੁਲਕ-ਮਾਰੂ ਹਲਕਿਆਂ ਵਲੋਂ ਜੰਗੀ ਪਰਚਾਰ ਕੀਤਾ ਜਾ ਰਿਹਾ ਹੈ, ਅਤੇ ਆਪਣੇ ਆਪ ਨੂੰ ਦੂਜੀ ਸੰਸਾਰ ਅਮਨ ਕਾਂਗਰਸ ਦੀ ਅਪੀਲ ਨਾਲ ਸ਼ਾਮਲ ਕਰਦੀ ਹੈ ਜਿਸ ਨੇ ਕਿ ਮੁਜਰਮਾਨਾ ਜੰਗੀ ਪਰਚਾਰ ਨੂੰ ਨਿੰਦਣ ਤੇ ਇਸ ਤੇ ਪਾਬੰਦੀ ਲਾਣ ਲਈ ਕੁਲ ਅਗਾਂਹ-ਵਧੂ ਮਨੁਖਤਾ ਦੀ ਇੱਛਾ ਨੂੰ ਪ੍ਰਗਟ ਕੀਤਾ ਹੈ।

"ਯੂ-ਐਸ-ਐਸ-ਆਰ ਦੀ ਸੁਪ੍ਰੀਮ ਸੋਵੀਅਟ ਪਾਸ ਕਰਦੀ ਹੈ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"੧. ਕਿ ਜੰਗ ਪਰਚਾਰ, ਭਾਵੇਂ ਕਿਸੇ ਸ਼ਕਲ ਵਿਚ ਵੀ ਕੀਤਾ ਜਾਵੇ ਅਮਨ ਦੇ ਕਾਜ਼ ਨੂੰ ਹਾਨੀ ਪੁਚਾਂਦਾ ਹੈ, ਇਕ ਨਵੀਂ ਜੰਗ ਦਾ ਖਤਰਾ ਪੈਦਾ ਕਰਦਾ ਹੈ ਅਤੇ ਇਸ ਲਈ ਮਨੁਖਤਾ ਦੇ ਖ਼ਿਲਾਫ ਇਹ ਇਕ ਬੜਾ ਘੋਰ ਅਪਰਾਧ ਹੈ।"

"੨. ਕਿ ਜੰਗੀ ਪਰਚਾਰ ਦੇ ਦੋਸ਼ੀ ਆਦਮੀਆਂ ਨੂੰ ਵਡੇ ਮੁਜਰਮ ਕਰਾਰ ਦੇ ਕੇ ਉਨ੍ਹਾਂ ਤੇ ਮੁਕਦਮਾ ਚਲਾਇਆ ਜਾਵੇਗਾ।"

ਸੋਵੀਅਟ ਯੂਨੀਅਨ ਦੀ ਰਾਜ-ਸ਼ਤਕੀ ਦੇ ਮੁਖ ਅੰਗ ਵਲੋਂ ਅਮਨ-ਰਖਿਆ ਕਾਨੂੰਨ ਦਾ ਪਾਸ ਹੋਣਾ ਇਸ ਗਲ ਦਾ ਇਕ ਸਜਰਾ ਸਬੂਤ ਹੈ ਕਿ ਸੋਵੀਅਟ ਯੂਨੀਅਨ ਦੀਆਂ ਕੌਮਾਂ ਤੇ ਲੋਕ ਅਮਨ ਚਾਹੁੰਦੇ ਹਨ ਅਤੇ ਆਪਣੀ ਸਾਰੀ ਤਾਕਤ ਤੇ ਹਰ ਸੰਭਵ ਢੰਗ ਨਾਲ ਅਮਨ ਲਈ ਲੜਨ ਵਾਸਤੇ ਤਿਆਰ ਬਰਤਿਆਰ ਹਨ।

੪੯. ਕੌਮਾਂਤ੍ਰੀ ਸਟਾਲਿਨ ਅਮਨ ਇਨਾਮ ਕੀ ਹਨ ?

ਜੋਜ਼ਫ ਸਟਾਲਿਨ ਦੀ ਸਤਰ੍ਹਵੀਂ ਵਰ੍ਹੇ ਗੰਢ ਦਾ ਸਤਿਕਾਰ ਕਰਦੇ ਹੋਇ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਨੇ ਇਕ ਫੁਰਮਾਨ ਦੁਆਰਾ, ਜਿਹੜਾ ੨੦ ਦਸੰਬਰ ੧੯੪੯ ਨੂੰ ਛਪਿਆ ਸੀ "ਕੌਮਾਂ ਵਿਚਕਾਰ ਅਮਨ ਵਧਾਣ ਲਈ" ਕੌਮਾਂਤ੍ਰੀ ਸਟਾਲਿਨ ਅਮਨ ਇਨਾਮ ਜਾਰੀ ਕੀਤੇ।

ਹਰ ਵਰ੍ਹੇ ਪੰਜ ਤੋਂ ਦਸ ਇਨਾਮ ਅਮਨ ਕਾਇਮ ਰਖਣ ਤੇ ਇਸ ਨੂੰ ਵਧਾਣ ਦੇ ਸੰਗਰਾਮ ਵਿਚ ਵਿਸ਼ੇਸ਼ ਸੇਵਾ ਲਈ ਦਿਤੇ ਜਾਂਦੇ ਹਨ। ਇਹ ਇਨਾਮ ਹਰ ਇਕ ਦੇਸ ਦੇ ਸ਼ਹਿਰੀਆਂ ਨੂੰ ਮਿਲ ਸਕਦੇ ਹਨ। ਇਨਾਮ ਦੇਣ ਵੇਲੇ ਇਨਾਮ ਦੇ ਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਹਿਰੀਆਂ ਦੇ ਰਾਜਸੀ ਵਿਚਾਰਾਂ, ਮਜ਼ਹਬ ਜਾਂ ਨਸਲ ਦਾ ਕੋਈ ਖ਼ਿਆਲ ਨਹੀਂ ਕੀਤਾ ਜਾਂਦਾ।

ਕੌਮਾਂਤ੍ਰੀ ਸਟਾਲਿਨ ਇਨਾਮ ਦੇ ਜੇਤੂ ਨੂੰ ਇਕ ਡਿਪਲੋਮਾ ਜਿਸ ਉਤੇ 'ਕੌਮਾਂਤ੍ਰੀ ਸਟਾਲਿਨ ਇਨਾਮ-ਜੇਤੂ, ਦਾ ਖ਼ਿਤਾਬ ਦਰਜ ਹੁੰਦਾ ਹੈ, ਇਕ ਸੁਨਹਿਰੀ ਤਗ਼ਮਾ ਜਿਸ ਤੇ ਜੇ.ਵੀ.ਸਟਾਲਿਨ ਦਾ ਸੀਸ ਉਭਰਿਆ ਹੁੰਦਾ ਹੈ ਅਤੇ ਇਕ ਲਖ ਰੂਬਲ ਦਾ ਨਕਦ ਇਨਾਮ ਦਿਤਾ ਜਾਂਦਾ ਹੈ।

ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਨੇ ਇਕ ਖਾਸ 'ਕੌਮਾਂਤ੍ਰੀ ਸਟਾਲਿਨ ਇਨਾਮ ਕਮੇਟੀ' ਕਾਇਮ ਕੀਤੀ ਹੈ ਜਿਸ ਵਿਚ ਅਨੇਕਾਂ ਦੇਸਾਂ ਦੀਆਂ ਜਮਹੂਰੀ ਤਾਕਤਾਂ ਦੇ ਨੁਮਾਇੰਦੇ ਸ਼ਾਮਲ ਹਨ। ਇਹ ਕਮੇਟੀ ਇਨਾਮਾਂ ਦਾ ਨਿਰਣਾ ਕਰਦੀ ਹੈ।

੧੯੫੦ ਵਿਚ, ਅਮਨ ਲਹਿਰ ਦੇ ਹੇਠ ਲਿਖੇ ਮੁਖ ਆਗੂਆਂ ਨੂੰ ਕੌਮਾਂਤ੍ਰੀ ਅਮਨ ਇਨਾਮ ਦਿਤੇ ਗਏ:

ਫਰੈਡਰਿਕ ਜੂਲੀਓ-ਕਿਊਰੀ (ਫਰਾਂਸ), ਸੂੰਗ ਚਿੰਗ-ਲਿੰਗ (ਮੈਡਮ ਸਨ ਯਤ-ਸੇਨ) (ਚੀਨ); ਹੈਵਲਟ ਜੋਹਨਸਨ, ਕੈਂਟਰਬਰੀ ਦਾ ਲਾਟ ਪਾਦਰੀ (ਬਰਤਾਨੀਆ); ਇਊਜ਼ਨੀ ਕਾਟਨ (ਫ਼ਰਾਂਸ); ਬਿਸ਼ਪ ਆਰਥਰ ਮੋਲਟਨ (ਯੂ. ਐਸ. ਏ.); ਪਾਕ ਦੇਨ ਅਲੀ (ਕੋਰੀਆ) ਤੇ ਹੇਰੀਬਰਟੋ ਜਾਰਾ (ਮੈਕਸੀਕੋ)। ੧੯੫੧ ਲਈ ਇਹ ਇਨਾਮ ਕੁਓ ਮੋ ਜੋ (ਚੀਨ); ਪੀਟਰੋ ਨੈਨੀ (ਇਟਲੀ); ਇਕੂਊ ਓਏਆਮਾ (ਜਾਪਾਨ); ਮੋਨਿਕਾ ਫੈਲਟਨ (ਬਰਤਾਨੀਆ); ਐਨਾ ਸੈਗਰਜ਼ (ਜਰਮਨੀ) ਤੇ ਜੋਰਜੀ ਅਮਾਦੋ (ਬਰਾਜ਼ੀਲ) ਨੂੰ ਮਿਲੇ। ੧੯੫੨ ਵਿਚ ਯਵੀਸ ਫਾਰਜੀ (ਫ਼ਰਾਂਸ); ਡਾਕਟਰ ਸੈਫੁਦੀਨ ਕਿਚਲੂ (ਹਿੰਦੁਸਤਾਨ); ਐਲੀਸਾ ਬਰੈਨਕੋ (ਬਰਾਜ਼ੀਲ); ਪਾਲ ਰੌਬਸਨ (ਯੂ. ਐਸ. ਏ.); ਜੋਹਨਸ ਬੈਚਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਜਰਮਨ ਜਮਹੂਰੀ ਰੀਪਬਲਿਕ); ਜੇਮਜ਼ ਐਂਡੀਕਾਟ (ਕੈਨੇਡਾ); ਈਲੀਆ ਅਹਿਰਨ ਬਰਗ (ਰੂਸ) ਨੂੰ ਅਤੇ ੧੯੫੩ ਵਿਚ ਪੀਰੀ ਕਾਟ (ਫ਼ਰਾਂਸ); ਸਾਹਿਬ ਸਿੰਘ ਸੋਖੀ (ਹਿੰਦੁਸਤਾਨ); ਐਂਡਰੀ ਗੇਗੀਰੋ (ਇਟਲੀ); ਇਜ਼ਾਬੇਲੇ ਬਲੂਮ (ਬੈਲਜਿਮ); ਹਾਵਰਡ ਫ਼ਾਸਟ (ਯੂ. ਐਸ. ਏ.); ਜੋਹਨ ਬਰਨਲ (ਬਰਤਾਨੀਆਂ); ਲੀਓਨ ਕਰੁਕਜ਼ਕੋਵਸਕੀ (ਪੋਲੈਂਡ); ਪਾਬਲੋ ਨਰੂਦਾ (ਚਿੱਲੀ); ਐਂਡਰੀਆ ਐਂਡਰੀਨ (ਸਵੀਡਨ); ਨ਼ੀਨਾ ਪੋਪੋਵਾ (ਰੂਸ) ਨੂੰ ਮਿਲੇ।

ਹਰ ਵਰ੍ਹੇ ਕੌਮਾਂਤ੍ਰੀ ਸਟਾਲਿਨ ਅਮਨ ਇਨਾਮ ਦੇਣੇ ਸੋਵੀਅਟ ਯੂਨੀਅਨ ਦੀ ਪੁਰ-ਅਮਨ ਬਦੇਸ਼ੀ ਨੀਤੀ ਦਾ ਪਰਤੱਖ ਸਬੂਤ ਹੈ, ਜਿਸ ਨੀਤੀ ਤੇ ਕਿ ਸੋਵੀਅਟ ਯੂਨੀਅਨ ਦ੍ਰਿੜ੍ਹਤਾ ਨਾਲ ਲਗਾਤਾਰ ਚਲਦਾ ਆ ਰਿਹਾ ਹੈ।

੪੯. ਸੋਵੀਅਟ ਫ਼ੌਜ ਕਿਸ ਮਨੋਰਥ ਦੀ ਪੂਰਤੀ ਲਈ ਹੈ ?

ਬਦੇਸ਼ੀ ਦੁਸ਼ਮਣਾਂ ਤੋਂ ਸੋਵੀਅਟ ਸੋਸ਼ਲਿਸਟ ਸਟੇਟ ਦੀ ਰਖਿਆ ਲਈ ੧੯੧੮ ਵਿਚ ਸੋਵੀਅਟ ਫ਼ੌਜ ਖੜੀ ਕੀਤੀ ਗਈ ਸੀ।

੧੯੧੮—੧੯੨੦ ਵਿਚ ਸੋਵੀਅਟ ਫੌਜ ਨੇ ਦਖਲ-ਦੇਊ ਤਾਕਤਾਂ ਦੇ ਹਮਲਿਆਂ ਵਿਰੁਧ ਦੇਸ ਦੀ ਆਜ਼ਾਦੀ ਦੀ ਕਾਮਯਾਬੀ ਨਾਲ ਰਖਿਆ ਕੀਤੀ, ਅਤੇ ਦੂਜੀ ਸੰਸਾਰ ਜੰਗ ਵਿਚ ਇਹਨੇ ਹਿਟਲਰੀ ਜਰਮਨੀ ਦੀ ਗੁਲਾਮੀ ਦੇ ਖ਼ਤਰੇ ਤੋਂ ਸੋਵੀਅਟ ਯੂਨੀਅਨ ਦੀਆਂ ਕੌਮਾਂ ਦਾ ਬਚਾਅ ਕੀਤਾ ਅਤੇ ਪਛਮ ਤੇ ਪੂਰਬ ਵਿਚ ਬਹੁਤ ਸਾਰੀਆਂ ਕੌਮਾਂ ਦਾ ਫਾਸਿਸਟ ਹਤਿਆਰਿਆਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੁਟਕਾਰਾ ਕਰਵਾਇਆ।

ਸੋਵੀਅਟ ਫੌਜ ਦੀ ਤਾਕਤ ਦਾ ਭੇਦ ਇਹ ਹੈ ਕਿ ਇਹ ਜਨਤਕ ਫੌਜ ਹੈ, ਅਤੇ ਇਹ ਕੌਮਾਂ ਵਿਚਕਾਰ ਅਮਨ ਤੇ ਦੋਸਤੀ ਦੇ ਕਾਜ਼ ਦੀ ਸੇਵਾ ਕਰਦੀ ਹੈ। ਇਸ ਨੂੰ ਸੋਸ਼ਲਿਸਟ ਮਾਤ ਭੂਮੀ ਦੀ ਵਫ਼ਾਦਾਰੀ ਅਤੇ ਦੂਜੇ ਦੇਸਾਂ ਦੀਆਂ ਕੌਮਾਂ ਦੀ ਆਜ਼ਾਦੀ ਦੇ ਆਦਰ ਸਤਿਕਾਰ ਦੀ ਸਿਖਿਆ ਵਿਚ ਢਾਲਿਆ ਗਿਆ ਹੈ। ਸੋਵੀਅਟ ਫੌਜ ਨੇ ਕਦੇ ਵੀ ਲੁਟੇਰਾ ਜੰਗਾਂ ਵਿਚ ਹਿਸਾ ਨਹੀਂ ਲਿਆ ਤੇ ਨਾ ਹੀ ਕਦੇ ਲਵੇਗੀ। ਇਹ ਸਿਰਫ਼ ਇਕੋ ਇਕ ਮਨੋਰਥ ਲਈ ਕਾਇਮ ਹੈ—ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਦੇ ਕਮਊਨਿਜ਼ਮ ਦੀ ਉਸਾਰੀ ਸਬੰਧੀ ਪੁਰ-ਅਮਨ ਕੰਮ ਕਾਜ ਦੀ ਹਿਫ਼ਾਜ਼ਤ ਕਰਨਾ ਅਤੇ ਸੋਵੀਅਟ ਯੂਨੀਅਨ ਦੇ ਰਾਜ-ਲਾਭਾਂ ਦੀ ਰਖਵਾਲੀ ਕਰਨਾ।

ਸੋਵੀਅਟ ਫੌਜ ਨੂੰ ਆਮ ਲੋਕਾਂ ਦਾ ਪਿਆਰ ਉਨ੍ਹਾਂ ਦੀ ਠੋਸ ਮਦਦ ਤੇ ਧਿਆਨ ਪ੍ਰਾਪਤ ਹਨ। ਅਤੇ ਇਹੋ ਹੀ ਸੋਵੀਅਟ ਫੌਜ ਦੀ ਤਾਕਤ ਤੇ ਅਜਿਤਤਾ ਦਾ ਸੋਮਾ ਹੈ।

ਸੋਵੀਅਟ ਲੋਕ ਠੰਢੇ ਦਿਲ ਨਾਲ ਇਕ ਕਮਿਊਨਿਸਟ ਸਮਾਜ ਦੀ ਉਸਾਰੀ ਕਰ ਰਹੇ ਹਨ, ਕਿਉਂ ਜੁ ਉਹ ਜਾਣਦੇ ਹਨ ਕਿ ਸੋਵੀਅਟ ਫੌਜ ਕਿਸੇ ਭੀ ਹਮਲਾਵਰ ਦਾ ਮੂੰਹ ਭੰਨ ਸਕਦੀ ਹੈ।

੫੦. ਸੋਵੀਅਟ ਯੂਨੀਅਨ ਦਾ ਬਦੇਸ਼ੀ ਵਪਾਰ ਕਿਵੇਂ ਜਥੇਬੰਦ ਕੀਤਾ ਜਾਂਦਾ ਹੈ ਤੇ ਇਹ ਕਿਵੇਂ ਚਲਦਾ ਹੈ ?

ਸੋਵੀਅਟ ਯੂਨੀਅਨ ਦਾ ਬਦੇਸ਼ੀ ਵਪਾਰ ਸਟੇਟ ਦੀ ਅਜਾਰੇਦਾਰੀ ਦੇ ਰੂਪ ਵਿਚ ਸੰਗਠਤ ਕੀਤਾ ਤੇ ਚਲਾਇਆ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਇਸ ਵਪਾਰ ਨੂੰ ਸੋਵੀਅਟ ਯੂਨੀਅਨ ਦੀ ਬਦੇਸ਼ੀ ਵਪਾਰ ਦੀ ਵਜ਼ਾਰਤ ਚਲਾਂਦੀ ਹੈ।

ਬਦੇਸ਼ੀ ਵਪਾਰ ਦਾ ਕੰਮ ਅਮਲੀ ਤੌਰ ਤੇ ਖਾਸ ਦਰਾਮਦ ਤੇ ਬਰਾਮਦ ਦੀਆਂ ਸੰਸਥਾਵਾਂ ਕਰਦੀਆਂ ਹਨ। (ਜਿਵੇਂ ਕਿ ਐਕਸਪੋਰਟਲਜ਼, ਐਕਸਪੋਰਟਪਲੇਜ਼,ਪੈਖੀਲੋਇਆਮਪਟੋਤ ਆਦਿ) ਇਨ੍ਹਾਂ ਵਿਚੋਂ ਹਰ ਇਕ ਖਾਸ ਖਾਸ ਚੀਜ਼ਾਂ ਵਸਤਾਂ ਦੀ ਦਰਾਮਦ ਤੇ ਬਰਾਮਦ ਦਾ ਪ੍ਰਬੰਧ ਕਰਦੀ ਹੈ।

ਇਹ ਸੰਸਥਾਵਾਂ ਬਦੇਸ਼ੀ ਫਰਮਾਂ ਤੇ ਐਸੋਸੀਏਸ਼ਨਾਂ ਨਾਲ ਵਪਾਰ-ਸਮਝੌਤੇ ਕਰਦੀਆਂ ਹਨ । ਸੋਵੀਅਟ ਦੀਆਂ ਦਰਾਮਦ ਤੇ ਬਰਾਮਦ ਸਬੰਧੀ ਸੰਸਥਾਵਾਂ ਨੂੰ ਇਹ ਅਧਿਕਾਰ ਹੈ ਕਿ ਉਹ ਆਜ਼ਾਦ ਤੌਰ ਤੇ ਇਹ ਸਮਝੌਤੇ ਕਰ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਆਪਣੇ ਕੰਮ ਲਈ ਆਜ਼ਾਦ ਜ਼ੁਮੇਵਾਰੀ ਦਿਤੀ ਗਈ ਹੈ, ਦੂਜੇ ਸ਼ਬਦਾਂ ਵਿਚ ਉਨ੍ਹਾਂ ਨੂੰ ਕਾਨੂੰਨ ਦੀਆਂ ਨਜ਼ਰਾਂ ਵਿਚ ਮਨੁਖਾਂ ਦੇ ਸਮਾਨ ਅਧਿਕਾਰ ਪ੍ਰਾਪਤ ਹਨ।

ਸੋਵੀਅਟ ਯੂਨੀਅਨ ਦਾ ਦੂਜੇ ਦੇਸਾਂ ਨਾਲ ਵਪਾਰ ਤਿਜਾ-ਰਤੀ ਸਮਝੌਤਿਆਂ ਦੁਆਰਾ ਹੁੰਦਾ ਹੈ। ਇਨ੍ਹਾਂ ਸਮਝੌਤਿਆਂ ਵਿਚ ਤਜਾਰਤੀ ਮਾਲ ਦਾ ਹੁਜਮ ਤੇ ਅਦਾਇਗੀ ਸਬੰਧੀ ਤਹਿ ਕੀਤੀਆਂ ਗਲਾਂ ਦਰਜ ਹੁੰਦੀਆਂ ਹਨ । ਇਹਨਾਂ ਸਮਝੌਤਿਆਂ ਵਿਚ ਉਨ੍ਹਾਂ ਚੀਜ਼ਾਂ ਵਸਤਾਂ ਦੀ ਸੂਚੀ ਹੁੰਦੀ ਹੈ ਜੋ ਦੋਹਾਂ ਦੇਸ਼ਾਂ ਨੇ ਇਕ ਦੂਜੇ ਨੂੰ ਮੁਹਈਆ ਕਰਨ ਦੀ ਪ੍ਰਵਾਨਗੀ ਦਿਤੀ ਹੁੰਦੀ ਹੈ, ਅਤੇ ਉਨ੍ਹਾਂ ਦੀ ਮਿਕਦਾਰ, ਕੀਮਤ ਅਤੇ ਹਿਸਾਬ ਚੁਕਵਾਣ ਦਾ ਢੰਗ ਵਿਸ਼ੇਸ਼ ਰੂਪ ਵਿਚ ਦਰਜ ਹੁੰਦਾ ਹੈ।

ਸਾਲ ਦੇ ਸਾਲ ਸਨਅਤੀ ਤੇ ਜ਼ਰਾਇਤੀ ਪੈਦਾਵਾਰ ਵਧਣ ਸਦਕਾ ਦੂਜੇ ਦੇਸਾਂ ਨਾਲ ਹੁਜਮ ਤੇ ਵੇਰਾਇਟੀ (ਵਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਖ ਪ੍ਰਕਾਰ ਦਾ ਮਾਲ) ਦੇ ਲਿਹਾਜ਼ ਸੋਵੀਅਟ ਵਪਾਰ ਦਾ ਘੇਰਾ ਫੈਲਾਣਾ ਸੰਭਵ ਹੋ ਗਿਆ ਹੈ। ਸੋਵੀਅਟ ਯੂਨੀਅਨ ਹੁਣ ਸਨਅਤੀ ਮਸ਼ੀਨਾਂ, ਮੋਟਰਕਾਰਾਂ ਤੇ ਲਾਰੀਆਂ, ਟਰੈਕਟਰ, ਜ਼ਰਾਇਤੀ ਮਸ਼ੀਨਰੀ, ਕੈਮੀਕਲ, ਕਈ ਪ੍ਰਕਾਰ ਦੀ ਰਸਾਇਣੀ ਖਾਦ, ਕੋਲਾ, ਰੂੰ, ਬੀਜ, ਆਦਿ ਅਤੇ ਇਮਾਰਤੀ ਲਕੜੀ, ਕਣਕ ਤੇ ਸਮੂਰ ਦੂਜੇ ਦੇਸ਼ਾਂ ਨੂੰ ਭੇਜਦਾ ਹੈ।

ਦਖਣ-ਪੂਰਬੀ ਤੇ ਪੂਰਬੀ-ਯੂਰਪ ਤੋਂ ਸੋਵੀਅਟ ਯੂਨੀਅਨ ਪੈਟਰੋਲੀਅਮ ਤੇ ਇਸ ਨਾਲ ਸਬੰਧਤ ਮਾਲ, ਰੇਲ ਗਡੀਆਂ ਦੇ ਇੰਜਣ ਤੇ ਡੱਬੇ, ਬੇੜੀਆਂ, ਰੱਸੇ ਸੂਤੀ ਕਪੜਾ ਤੇ ਹੋਰ ਚੀਜ਼ਾਂ ਦਰਾਮਦ ਕਰਦਾ ਹੈ।

ਕਿਉਂ ਜੁ ਸੋਵੀਅਟ ਬਦੇਸ਼ੀ ਵਪਾਰ ਦਾ ਮਨੋਰਥ ਸੋਵੀਅਟ ਯੂਨੀਅਨ ਤੇ ਦੂਜੇ ਸਭ ਦੇਸਾਂ ਵਿਚਕਾਰ ਆਰਥਕ ਮਿਲਵਰਤਨ ਵਧਾਣਾ ਹੈ ਇਸ ਲਈ ਇਹ ਅਮਨ ਨੂੰ ਮਜ਼ਬੂਤ ਕਰਨ ਵਿਚ ਮਦਦ ਦੇਂਦਾ ਹੈ। ਦੂਜੇ ਦੇਸ਼ਾਂ ਨਾਲ ਸੋਵੀਅਟ ਵਪਾਰ ਸੋਵੀਅਟ ਸਰਕਾਰ ਦੀ ਬਦੇਸ਼ੀ ਨੀਤੀ ਦਾ ਅਕਸ ਹੈ; ਸਭਨਾਂ ਧਿਰਾਂ ਦੀ ਬਰੋਬਰੀ ਦੇ ਅਸੂਲ ਅਤੇ ਸਭਨਾਂ ਦੀ ਕੁਲ-ਮੁਖਤਾਰੀ ਲਈ ਸਤਿਕਾਰ ਸੋਵੀਅਟ ਬਦੇਸ਼ੀ ਨੀਤੀ ਦੀ ਬੁਨਿਆਦ ਹੈ। ਸੋਵੀਅਟ ਯੂਨੀਅਨ ਦੂਜੇ ਛੋਟੇ ਤੇ ਵਡੇ ਦੇਸਾਂ ਨਾਲ ਆਪਣੇ ਵਪਾਰ ਸਬੰਧ ਕਾਇਮ ਕਰਨ ਵੇਲੇ ਇਨ੍ਹਾਂ ਹੀ ਅਸੂਲਾਂ ਤੇ ਅਮਲ ਕਰਦਾ ਹੈ।

ਪਛਮੀ ਤੇ ਪੂਰਬੀ ਦੇਸ਼ਾਂ ਨਾਲ ਵਪਾਰ ਕਰਨ ਦੀਆਂ ਸੋਵੀਅਟ ਯੂਨੀਅਨ ਕੋਲ ਬੇਅੰਤ ਸ਼ਕਤੀਆਂ ਹਨ।

੧੯੫੨ ਦੀ ਬਹਾਰ ਵਿਚ ਮਾਸਕੋ ਕੌਮਾਂਤ੍ਰੀ ਆਰਥਕ ਕਾਨਫਰੰਸ ਵਿਚ ਸੋਵੀਅਟ ਪ੍ਰਤੀਨਿਧਾਂ ਨੇ ਦਸਿਆ ਸੀ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੋਵੀਅਟ ਯੂਨੀਅਨ ਦੀਆਂ ਬਦੇਸ਼ੀ ਵਪਾਰ ਦੀਆਂ ਸੰਸਥਾਵਾਂ ਪਛਮੀ ਯੂਰਪ ਦੇ ਦੇਸ਼ਾਂ ਅਮ੍ਰੀਕਾ ਦੇ ਦੇਸ਼ਾਂ, ਦਖਣੀ ਪੂਰਬੀ ਏਸ਼ੀਆ, ਮਧ ਪੂਰਬ, ਅਫਰੀਕਾ ਤੇ ਆਸਟ੍ਰੇਲੀਆ ਤੋਂ ਉਹ ਚੀਜ਼ਾਂ ਖਰੀਦ ਸਕਦੀਆਂ ਹਨ ਜਿਹੜੀਆਂ ਆਮ ਤੌਰ ਤੇ ਉਹ ਦੇਸ਼ ਬਰਾਮਦ ਕਰਦੇ ਹਨ ਅਤੇ ਉਹਨਾਂ ਦੇਸ਼ਾਂ ਨੂੰ, ਜਿਹੜਾ ਮਾਲ ਉਹ ਚਾਹੁਣ ਏਨੀ ਮਿਕਦਾਰ ਵਿਚ ਵੇਚ ਸਕਦੀਆਂ ਹਨ, ਜਿਸ ਨਾਲ ਅਗਲੇ ਦੋ ਜਾਂ ਤਿੰਨ ਵਰ੍ਹਿਆਂ ਵਿਚ ਉਨ੍ਹਾਂ ਦੇਸ਼ਾਂ ਨਾਲ ਸੋਵੀਅਟ ਯੂਨੀਅਨ ਦਾ ਵਪਾਰ ੩੦੦੦ ਜਾਂ ੪੦੦੦ ਕਰੋੜ ਰੂਬਲ ਦਾ ਹੋ ਜਾਵੇ।

੧੯੫੩ ਵਿਚ ਸੋਵੀਅਟ ਯੂਨੀਅਨ ਨੇ ੫੧ ਦੇਸਾਂ ਨਾਲ ਵਪਾਰ ਕੀਤਾ ਤੇ ਇਹਦੇ ਬਦੇਸ਼ੀ ਵਪਾਰ ਦੀ ਵੱਟਕ ੨੩੦੦ ਕਰੋੜ ਰੂਬਲ ਦੀ ਸੀ, ਇਸ ਤਰ੍ਹਾਂ ਜੰਗ ਤੋਂ ਪਹਿਲੀ ਪਧਰ ਵਿਚ ੩੦੦ ਫੀ ਸਦੀ ਵਾਧਾ ਹੋਇਆ।

ਸੋਵੀਅਟ ਯੂਨੀਅਨ ਤੇ ਦੂਜੇ ਦੇਸਾਂ ਵਿਚ ਵਪਾਰਕ ਉੱਨਤੀ ਦੇ ਇਹ ਅਰਥ ਹਨ ਕਿ ਉਨ੍ਹਾਂ ਦੇਸ਼ਾਂ ਵਿਚ ਆਉਣ ਵਾਲੇ ਅਨੇਕ ਵਰ੍ਹਿਆਂ ਲਈ ਕਰੋੜਾਂ ਲੋਕਾਂ ਨੂੰ ਕੰਮ ਮਿਲੇਗਾ।

ਕੁਝ ਦੇਸਾਂ ਵਲੋਂ ਸੋਵੀਅਟ ਯੂਨੀਅਨ ਨਾਲ ਵਪਾਰ ਕਰਨ ਵਿਰੁਧ ਚੁਕੇ ਗਏ ਭੇਦ-ਭਾਵ ਦੇ ਕਦਮ ਅਤੇ ਸੋਵੀਅਟ ਯੂਨੀਅਨ ਤੇ ਇਹਦੇ ਮਿਤਰ ਦੇਸਾਂ, ਜਿਵੇਂ ਚੀਨੀ ਲੋਕ-ਰਾਜ ਤੇ ਯੂਰਪੀ ਲੋਕ-ਜਮਹੂਰੀਅਤਾਂ, ਵਿਰੁਧ ਆਰਥਕ ਨਾਕਾਬੰਦੀ ਕਰਨ ਦੇ ਯਤਨ ਮੁਖ ਰੂਪ ਵਿਚ ਅਜੇਹੇ ਕਦਮ ਚੁਕ ਰਹੇ ਦੇਸਾਂ ਦੇ ਆਪਣੇ ਹੀ ਲਾਭਾਂ ਲਈ ਹਾਨੀਕਾਰਕ ਹਨ। ਇਹਨਾਂ ਦੇਸਾਂ ਲਈ ਸੰਸਾਰ-ਮੰਡੀ ਵਿਚ ਆਪਣਾ ਮਾਲ ਵੇਚਣਾ ਵਧੇਰੇ ਮੁਸ਼ਕਲ ਹੋ ਰਿਹਾ ਹੈ, ਅਤੇ ਉਨ੍ਹਾਂ ਦੇ ਕਾਰਖਾਨਿਆਂ ਦੀ ਸਮਰੱਥਾ ਤੇ ਪੈਦਾਵਾਰ ਵਿਚ ਵਿਥ ਦਿਨ ਬਦਿਨ ਵਧ ਰਹੀ ਹੈ।

★

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar